# ਸਿਰਜਣਾ

ਅਪਰੈਲ-ਜੂਨ 1995 (ਅੰਕ 98)

**April- June 1995**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign:

ਪਤਾ –Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ –Date: 25-10-2014

100ਵੇਂ ਅੰਕ ਦੇ ਪ੍ਰਕਾਸ਼ਨ ਵੱਲ

# ਸਿਰਜਣਾ

ਚੋਣਵੀਂ ਝਾਤ

- ਸਮਕਾਲੀ ਪੰਜਾਬੀ ਸਾਹਿਤ-ਆਲੋਚਨਾ ਬਾਰੇ : ਡਾ. ਰਘਬੀਰ ਸਿੰਘ ਦਾ ਨਿਬੰਧ
- ਬਲਦੇਵ ਸਿੰਘ, ਜਿੰਦਰ ਅਤੇ ਭੂਰਾ ਸਿੰਘ ਕਲੇਰ ਦੀਆਂ ਕਹਾਣੀਆਂ
- ਡਾ. ਸੁਖਵਿੰਦਰ ਸਿੰਘ ਸੰਘਾ ਦਾ ਨਿਬੰਧ—ਕਵਿਤਾ ਦੀ ਪੜ੍ਹਾਈ : ਭਾਸ਼ਾ ਵਿਗਿਆਨਕ ਪਹੁੰਚ

ਅਪਰੈਲ-ਜੂਨ 1995 98 ਮੁੱਲ : 10 ਰੁਪਏ

# ਸਿਰਜਣਾ

**ਅਪਰੈਲ-ਜੂਨ 1995**

ਨਿਗਰਾਨ

**ਸੰਤ ਸਿੰਘ ਸੇਖੋਂ**

ਸੰਪਾਦਕ

**ਰਘਬੀਰ ਸਿੰਘ**

ਪਤਾ

**1728, ਸੈਕਟਰ 43-ਬੀ,**
**ਚੰਡੀਗੜ੍ਹ-160022**
ਫ਼ੋਨ : (0172) 601693

**SIRJANA**

1728, Sector 43-B,
Chandigarh-160022
Phone : (0172) 601693

SIRJANA is approved by DPI Punjab for all Schools, Colleges and Social Education Centres vide letter No.2/6 66 B (EP) dated 26-9 66


## ਇਸ ਅੰਕ ਵਿਚ


ਰਘਬੀਰ ਸਿੰਘ/ਨਿਬੰਧ/ਸਮਕਾਲੀ ਪੰਜਾਬੀ ਸਾਹਿਤ-ਆਲੋਚਨਾ/1
ਪਿਆਰਾ ਸਿੰਘ ਸਹਿਰਾਈ/ਕਵਿਤਾ/ ਮੁਖਧਾਰਾ/9
ਇਕਬਾਲ ਰਾਮੂਵਾਲੀਆਂ/ਦੋ ਨਜ਼ਮਾਂ/11
ਰਵਿੰਦਰ ਸਹਿਰਾ/ਕਵਿਤਾ/ਖਤਰਾ/12
ਪ੍ਰੀਤਮ ਬੇਲੀ/ਤਿੰਨ ਕਵਿਤਾਵਾਂ/13
ਹਰਜਿੰਦਰ ਕਾਂਗ/ਗ਼ਜ਼ਲ/14
ਹਰਵਿੰਦਰ ਭੰਡਾਲ/ਕਵਿਤਾ/ਜ਼ਰਾ ਠਹਿਰ ਜਾ/15
ਰਾਮ ਸਿੰਘ ਚਾਹਲ/ਕਵਿਤਾ/ਥੋੜੀ ਦੇਰ ਹੋਰ/15
ਗੁਰਪ੍ਰੀਤ ਕੌਰ/ਕਵਿਤਾ/ਵਿਦਾ/16
ਗੁਰਮੇਲ ਸਿੱਧੂ/ਕਵਿਤਾ/ਮੁਫਤਖੋਰੇ/17
ਬਲਦੇਵ ਸਿੰਘ/ਕਹਾਣੀ/ਆਪਣੀ ਆਪਣੀ ਥਾਂ/19
ਜਿੰਦਰ/ਕਹਾਣੀ/ਕਤਲ/30
ਭੂਰਾ ਸਿੰਘ ਕਲੇਰ/ਕਹਾਣੀ/ਲਾ ਇਲਾਜ/37
ਸੁਰਜੀਤ ਸਾਜਨ/ਗ਼ਜ਼ਲ/41
ਮਨਜੀਤ ਕਾਦਰ/ਕਵਿਤਾ/ਮੁਥਾਜਗੀ/42
ਰਾਣਾ ਰਣਵੀਰ/ਕਵਿਤਾ/ਸ਼ੀਰਾਜ਼ਾ/42
ਸੁਖਵਿੰਦਰ ਸਿੰਘ ਸੰਘਾ/ਨਿਬੰਧ/ਕਵਿਤਾ ਦੀ ਪੜ੍ਹਾਈ/43
ਅਮਰਜੀਤ ਸਿੰਘ/ਸੰਵਾਦ/ਤਿਲਕਣ : ਵਿਚਾਰਨਯੋਗ ਮੁੱਦੇ/51
ਫੁਲੇਲ ਸਿੰਘ/ਗ਼ਜ਼ਲ/54
ਜਸਵਿੰਦਰ ਸਿੰਘ/ਰੀਵੀਊ ਨਿਬੰਧ/ਲਿਖਣ ਵੇਲਾ/55
ਲਾਲ ਸਿੰਘ/ਰੀਵੀਉ/ਦਾਸਤਾਨ ਦਲਿਤਾਂ ਦੀ/59
ਸ.ਪ. ਸਿੰਘ/ਰੀਵੀਊ/ਡਰਿਆ ਮਨੁੱਖ/64
ਇਕਵਿੰਦਰ ਸਿੰਘ, ਗੁਰਬਖਸ਼ ਜਸ/ਰੀਵੀਊ/ਪੰਜਾਬਨਾਮਾ/66
ਰਾਜਿੰਦਰਪਾਲ ਸਿੰਘ/ਰੀਵੀਊ/ਦਾਇਰੇ/68
ਮਹਿਮਾ ਸਿੰਘ/ਰੀਵੀਉ/ਦੇਹੀ ਨਾਦ/70
ਗੁਰਮੀਤ ਕੱਲਰਮਾਜਰੀ/ਰੀਵੀਉ/ਸ਼ਲਾਬੀ ਹਵਾ/73



ਵਾਰਸ਼ਿਕ ਚੰਦਾ-ਦੇਸ਼ 40 ਰੁਪਏ, ਸੰਸਥਾਵਾਂ ਤੇ ਲਾਇਬਰੇਰੀਆਂ ਲਈ : 50 ਰੁਪਏ
ਬਦੇਸ਼-ਹਵਾਈ ਡਾਕ ਰਾਹੀਂ : 5 ਪੌਂਡ, 8 ਅਮਰੀਕਨ ਡਾਲਰ, 10 ਕੈਨੇਡੀਅਨ ਡਾਲਰ


# ਸਮਕਾਲੀ ਪੰਜਾਬੀ ਸਾਹਿਤ-ਆਲੋਚਨਾ

**ਰਘਬੀਰ ਸਿੰਘ**

ਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਵਿਚ ਪੰਜਾਬੀ ਸਾਹਿਤ-ਆਲੋਚਨਾ ਦੀ ਪਰੰਪਰਾ
ਨੂੰ ਪਿੱਛੇ ਦੂਰ ਮੱਧਕਾਲ ਤਕ ਪੁਚਾਇਆ ਗਿਆ ਹੈ। ਆਦਿ ਗ੍ਰੰਥ ਵਿਚ ਕੁਝ ਸ਼ਬਦਾਂ ਬਾਰੇ ਗੁਰੂ ਅਰਜਨ
ਦੇਵ ਦੀ ਵਿਆਖਿਆ ਤੋਂ ਲੈ ਕੇ ਆਪਣੇ ਪੂਰਵਕਾਲੀ ਤੇ ਸਮਕਾਲੀ ਕਵੀਆਂ ਬਾਰੇ ਅਹਿਮਦ ਯਾਰ ਤੇ
ਮੁਹੰਮਦ ਬਖਸ਼ ਦੀਆਂ ਟਿੱਪਣੀਆਂ ਦਾ ਇਸ ਪ੍ਰਸੰਗ ਵਿਚ ਹਵਾਲਾ ਦਿੱਤਾ ਜਾਂਦਾ ਹੈ। ਐਪਰ, ਪ੍ਰਤੱਖ
ਹੀ ਇਸ ਤਰ੍ਹਾਂ ਦਾ ਯਤਨ ਆਪਣੇ ਵਿਰਸੇ ਨੂੰ ਅਮੀਰ ਵੇਖਣ ਦੀ ਭਾਵਨਾ ਤੋਂ ਵੱਧ ਹੋਰ ਕੁਝ ਨਹੀਂ।
ਅਸਲੋਂ ਅਸਲੀ ਪੰਜਾਬੀ ਵਿਚ ਸਾਹਿਤ-ਆਲੋਚਨਾ ਆਧੁਨਿਕ ਕਾਲ ਅਥਵਾ ਵੀਹਵੀਂ ਸਦੀ ਦੀ ਹੀ
ਦੇਣ ਹੈ। ਐਨ ਉਵੇਂ ਜਿਵੇਂ ਸਿਰਜਣਾਤਮਕ ਸਾਹਿਤ ਵਿਚ ਕਈ ਰੂਪ-ਨਾਵਲ, ਨਿੱਕੀ ਕਹਾਣੀ, ਇਕਾਂਗੀ,
ਨਾਟਕ ਤੋਂ ਲੈ ਕੇ ਛੋਟੀ ਕਵਿਤਾ ਤਕ ਆਧੁਨਿਕ ਕਾਲ ਵਿਚ ਹੀ ਉਭਰੇ, ਇਵੇਂ ਹੀ ਸਾਹਿਤ-ਆਲੋਚਨਾ
ਵੀ ਪੱਛਮ ਦੇ ਸਿੱਧੇ ਅਸਿੱਧੇ ਪ੍ਰਭਾਵ ਅਧੀਨ ਪੰਜਾਬੀ ਵਿਚ ਆਧੁਨਿਕ ਕਾਲ ਵਿਚ ਹੀ ਉਭਰੀ। ਇੰਝ
ਇਕ ਤਰ੍ਹਾਂ ਅਸੀਂ ਸਮੁੱਚੀ ਪੰਜਾਬੀ ਸਾਹਿਤ-ਆਲੋਚਨਾ ਨੂੰ ਸਮਕਾਲੀ ਹੀ ਆਖ ਸਕਦੇ ਹਾਂ। ਜੇ ਸਮਕਾਲੀ
ਤੋਂ ਮੁਰਾਦ ਨਿਰੋਲ ਅੱਜ ਤੋਂ ਹੋਵੇ ਤਾਂ ਇਸ ਨੂੰ ਸਪਸ਼ਟ ਭਾਂਤ ਤਿੰਨ ਪੀਹੜੀਆਂ ਵਿਚ ਵੰਡਿਆ ਜਾ ਸਕਦਾ
ਹੈ। ਪਹਿਲੀ ਪੀੜ੍ਹੀ ਵਿਚ ਬਾਵਾ ਬੁੱਧ ਸਿੰਘ, ਮੌਲਾ ਬਖਸ਼ ਕੁਸ਼ਤਾ, ਡਾ. ਮੋਹਨ ਸਿੰਘ ਦੀਵਾਨਾ, ਤੇਜਾ
ਸਿੰਘ ਵਰਗੇ ਕੁਝ ਨਾਉਂ ਸਾਹਮਣੇ ਆਉਂਦੇ ਹਨ, ਜਿਨ੍ਹਾਂ ਨੇ ਮੱਧਕਾਲੀ ਸਾਹਿਤ ਦੀ ਇਤਿਹਾਸਕ ਖੋਜ
ਦੇ ਸੰਦਰਭ ਵਿਚ ਆਲੋਚਨਾਤਮਕ ਟਿੱਪਣੀਆਂ ਤੋਂ ਬਿਨਾ ਸਮਕਾਲੀ ਰਚਨਾ ਬਾਰੇ ਵੀ ਆਪਣੀ ਪਸੰਦ
ਜਾਂ ਨਾਪਸੰਦਗੀ ਦੇ ਮੁਤਾਬਕ ਰਾਵਾਂ ਦਿੱਤੀਆਂ। ਕਿਸੇ ਬੱਝਵੇਂ ਵਿਚਾਰਧਾਰਕ ਪਰਿਪੇਖ ਜਾਂ ਸਾਹਿਤ-
ਸ਼ਾਸਤਰ ਦੇ ਨੇਮਾਂ ਅਨੁਸਾਰ ਆਲੋਚਨਾ ਹੋਈ ਹੋਵੇ, ਅਜਿਹੀ ਗੱਲ ਇਸ ਮੁੱਢਲੀ ਸਾਹਿਤ-ਆਲੋਚਨਾ
ਬਾਰੇ ਨਹੀਂ ਕਹੀ ਜਾ ਸਕਦੀ।

ਸਹੀ ਅਰਥਾਂ ਵਿਚ ਪੰਜਾਬੀ ਵਿਚ ਸਾਹਿਤ-ਆਲੋਚਨਾ ਦੂਜੀ ਪੀੜ੍ਹੀ ਨਾਲ ਪ੍ਰਵੇਸ਼ ਕੀਤੀ
ਮੰਨੀ ਜਾ ਸਕਦੀ ਹੈ, ਜਿਸ ਦਾ ਮੋਢੀ ਤੇ ਪ੍ਰਵੱਕਤਾ ਨਿਰਸੰਦੇਹ ਸੰਤ ਸਿੰਘ ਸੇਖੋਂ ਸੀ। ਅਕਾਦਮਿਕ
ਅਦਾਰਿਆਂ ਦੇ ਅੰਦਰ ਤੇ ਬਾਹਰ ਬਹੁਤ ਸਾਰੇ ਆਲੋਚਕ ਇਸ ਸਮੇਂ ਸਰਗਰਮ ਰਹੇ ਜਿਨ੍ਹਾਂ ਨੇ ਮੱਧਕਾਲੀ
ਸਾਹਿਤ ਦੀ ਖੋਜ, ਇਸਦੀ ਵਿਆਖਿਆ ਅਤੇ ਕਿਸੇ ਵਿਸ਼ੇਸ਼ ਸਾਹਿਤ-ਰਚਨਾ ਦੇ ਗੁਣਾਂ- ਲੱਛਣਾਂ ਬਾਰੇ
ਚਰਚਾ ਕੀਤੀ। ਗੁਰਬਾਣੀ, ਕਿੱਸਾ ਕਾਵਿ, ਸੂਫੀ ਕਾਵਿ ਬਾਰੇ ਇਸ ਤਰ੍ਹਾਂ ਦੀ ਖੋਜ ਤੇ ਚਰਚਾ ਤੋਂ ਬਿਨਾ
ਇਸ ਪੀੜ੍ਹੀ ਦੇ ਨਾਲ ਸੰਬੰਧਤ ਬਹੁਤ ਸਾਰੇ ਵਿਦਵਾਨਾ ਨੇ ਸਾਹਿਤ-ਆਲੋਚਨਾ ਦੇ ਸਿਧਾਂਤਕ ਪਹਿਲੂਆਂ
ਨੂੰ ਵੀ ਛੋਹਣ ਦਾ ਯਤਨ ਕੀਤਾ। ਇਸ ਪ੍ਰਸੰਗ ਵਿਚ ਉਹਨਾ ਦੀ ਘਾਲਣਾ ਅਣਗੌਲਿਆਂ ਕਰਨ ਵਾਲੀ
ਨਹੀਂ, ਭਾਵੇਂ ਕਿ ਇਸਦਾ ਵਡੇਰਾ ਭਾਗ ਟੀਕਾਕਾਰੀ ਦੇ ਲੱਛਣ ਵਾਲਾ ਹੀ ਸੀ। ਸੁਰਿੰਦਰ ਸਿੰਘ ਕੋਹਲੀ
ਤੋਂ ਲੈ ਕੇ ਸ਼ਮਸ਼ੇਰ ਸਿੰਘ ਅਸ਼ੋਕ ਤੇ ਪਿਆਰਾ ਸਿੰਘ ਪਦਮ ਤਕ ਦਰਜਨਾਂ ਹੀ ਨਾਉਂ ਸਾਹਮਣੇ ਆਉਂਦੇ
ਹਨ ਜਿਨ੍ਹਾਂ ਨੇ ਆਪਣੀ ਵੱਡ-ਆਕਾਰੀ ਰਚਨਾ ਰਾਹੀਂ ਖੋਜ ਤੇ ਮੁੱਲਾਂਕਣ ਦਾ ਕਾਫੀ ਮਹੱਤਵਪੂਰਨ ਕੰਮ
ਕੀਤਾ ਹੈ। ਪਰ ਆਪਣੀ ਸਮੁੱਚੀ ਦੇਣ ਦੇ ਬਾਵਜੂਦ ਇਹ ਸਾਰੇ ਵਿਦਵਾਨ ਵੀ ਸਾਹਿਤ-ਆਲੋਚਕਾ ਵਜੋਂ
ਪ੍ਰਵਾਨ ਨਹੀਂ ਚੜ੍ਹੇ। ਦੂਜੀ ਪੀੜ੍ਹੀ ਦੇ ਇਸ ਵੰਨਗੀ ਦੇ ਵਿਦਵਾਨਾਂ ਨੂੰ ਅਕਾਦਮਿਕ ਜਾਂ ਪਰੰਪਰਕ
ਆਲੋਚਨਾ ਦੇ ਘੇਰੇ ਵਿਚ ਰੱਖਿਆ ਜਾ ਸਕਦਾ ਹੈ। ਜਿਹੜੇ ਵਿਦਵਾਨ ਸਾਹਤ-ਰਚਨਾ ਦੇ ਨਿਸਚਿਤ
ਮਾਪਦੰਡਾਂ ਨੂੰ ਸਾਹਮਣੇ ਰੱਖਕੇ ਅਤੇ ਇਕ ਨਿਸਚਿਤ ਵਿਚਾਰਧਾਰਕ ਚੌਖਟੇ ਅਨੁਸਾਰ ਸਾਹਿਤ-ਰਚਨਾ

ਨੂੰ ਪਰਖਣ ਤੇ ਆਂਕਣ ਲਈ ਸਾਹਿਤ-ਆਲੋਚਨਾ ਤੇ ਖੇਤਰ ਵਿਚ ਨਿਤਰੇ. ਉਹ ਸੰਤ ਸਿੰਘ ਸੇਖੋਂ ਦੇ ਸੰਗੀ-ਸਾਥੀ ਤੇ ਅਨੁਆਈ ਜਾਂ ਉਸਦੇ ਸਮਾਨਾਂਤਰ ਚੱਲਣ ਵਾਲੇ ਹੀ ਸਨ। ਭਾਵੇਂ ਪ੍ਰੋ. ਕਿਸ਼ਨ ਸਿੰਘ ਸੀ ਜਾਂ ਡਾ. ਹਰਿਭਜਨ ਸਿੰਘ. ਪ੍ਰੋ. ਪ੍ਰੀਤਮ ਸਿੰਘ ਸੀ ਜਾਂ ਡਾ. ਰੌਸ਼ਨ ਲਾਲ ਆਹੂਜਾ, ਇਸ ਵੰਨਗੀ ਦੇ ਵਿਦਵਾਨ ਆਲੋਚਕਾਂ ਦੀ ਇਹ ਵਿਸ਼ੇਸ਼ਤਾਂ ਸੀ ਕਿ ਇਹ ਸਾਰੇ ਦੇ ਸਾਰੇ ਪੱਛਮੀ ਸਾਹਿਤ ਤੋਂ, ਸਾਹਿਤ-ਆਲੋਚਨਾ ਦੇ ਪੱਛਮੀ ਮਾਪਦੰਡਾਂ ਤੋਂ ਅਤੇ ਨਵੀਆ ਵਿਚਾਰ-ਪਧਿਤੀਆਂ ਤੋਂ ਜਾਣੂ ਸਨ, ਅਤੇ ਆਪਣੇ ਇਸ ਗਿਆਨ ਨੂੰ ਆਪੋ ਆਪਣੀ ਸਮਰਥਾ ਅਨੁਸਾਰ ਵਿਹਾਰਕ ਸਾਹਿਤ-ਆਲੋਚਨਾ ਵਿਚ ਵਰਤੋਂ ਵਿਚ ਲਿਆਉਂਦੇ ਸਨ। ਸੰਤ ਸਿੰਘ ਸੇਖੋਂ ਨੇ ਆਪਣੀ ਮਾਰਕਸਵਾਦੀ ਚੇਤਨਾ ਨੂੰ ਸਾਹਿਤ-ਆਲੋ-ਚਨਾ ਵਿਚ ਜਿਸ ਤਰ੍ਹਾਂ ਲਾਗੂ ਕੀਤਾ, ਉਸਨੂੰ ਮਾਰਕਸਵਾਦ ਦੀ ਕਲਾਸੀਕਲ ਪਧਿਤੀ ਆਖਿਆ ਜਾ ਸਕਦਾ ਹੈ, ਜਿਸ ਵਿਚ ਸਾਹਿਤ-ਰਚਨਾ ਨੂੰ ਇਤਿਹਾਸਕ ਪਦਾਰਥਵਾਦੀ ਅਤੇ ਦਵੰਦਾਤਮਕ ਪਦਾਰਥਵਾਦੀ ਦ੍ਰਿਸ਼ਟੀ ਤੋਂ ਵੇਖਣ ਦੀ ਸਮਰੱਥਾ ਤਾਂ ਹੈ ਪਰ ਜਿਸ ਵਿਚ ਸਾਧਾਰਨੀਕਰਨ ਤੇ ਸਰਲੀਕਰਨ ਦੀ ਪ੍ਰਵਿਰਤੀ ਦਾ ਦਖਲ ਵੀ ਵੇਖਣ ਵਿਚ ਆਉਂਦਾ ਹੈ। ਜਦ ਕਿ ਕਿਸ਼ਨ ਸਿੰਘ ਮਾਰਕਸਵਾਦੀ ਵਿਧੀ ਨੂੰ, ਰਚਨਾ-ਵਿਸ਼ੇਸ਼ ਦੇ ਅੰਤਰੀਵ ਤਕ ਪਹੁੰਚਣ ਅਤੇ ਉਸ ਦੀ ਰਚਨਾ ਲਈ ਜ਼ਿੰਮੇਵਾਰ ਇਤਿਹਾਸਕ ਸਭਿਆਚਾਰਕ ਸਮਾਚਾਰਾਂ ਨੂੰ ਖੋਜਣ ਦੇ ਉਦੇਸ਼ ਨਾਲ ਇਸ ਹੱਦ ਤਕ ਅਗਾਂਹ ਲੈ ਜਾਂਦਾ ਸੀ ਕਿ ਅਕਸਰ ਉਸ ਦੇ ਨਿਰਣੈ ਸੰਤ ਸਿੰਘ ਸੇਖੋਂ ਦੀਆਂ ਧਾਰਨਾਵਾਂ ਦੇ ਵਿਰੋਧ ਵਿਚ ਜਾਂਦੇ ਸਨ। ਇਸ ਪੀੜ੍ਹੀ ਦੀ ਸਮੁੱਚੀ ਸਾਹਿਤ-ਆਲੋਚਨਾ ਇਹਨਾਂ ਦੋਹਾਂ ਦਿਸ਼ਾਵਾ ਵਿਚ ਚੱਲਦੀ ਰਹੀ ਹੈ, ਭਾਵੇਂ ਕਿ ਵਧੇਰੇ ਮਾਨਤਾ ਸੰਤ ਸਿੰਘ ਸੇਖੋਂ ਨੂੰ ਹੀ ਮਿਲੀ।

ਜੇ ਡਾ. ਹਰਿਭਜਨ ਸਿੰਘ ਦਾ ਵੀ ਇਸ ਦੂਸਰੀ ਪੀਹੜੀ ਵਿਚ ਹੀ ਸ਼ੁਮਾਰ ਕੀਤਾ ਜਾਵੇ ਤਾਂ ਉਹ ਹੀ ਇਕੋ ਇਕ ਗਿਣਨਯੋਗ ਵਿਦਵਾਨ ਆਲੋਚਕ ਹੈ ਜਿਸ ਨੇ ਮਾਰਕਸਵਾਦ ਦੀਆਂ ਇਹਨਾਂ ਦੋਹਾਂ ਦਿਸ਼ਾਵਾਂ ਤੋਂ ਹਟਕੇ ਆਪਣੇ ਲਈ ਵੱਖਰਾ ਰਾਹ ਚੁਣਿਆ। ਇਕ ਬੰਨੇ ਭਾਰਤੀ ਸਾਹਿਤ-ਚਿੰਤਨ ਦੀ ਪਰੰਪਰਾ ਨੂੰ ਉਸ ਨੇ ਧਿਆਨ ਗੋਚਰੇ ਕੀਤਾ ਤਾਂ ਦੂਜੇ ਬੰਨੇ ਪੱਛਮ ਵਿਚ ਉਭਰਦੀਆਂ ਪਾਰ-ਮਾਰਕਸਵਾਦੀ ਨਵੀਆਂ ਚਿੰਤਨ-ਧਾਰਾਵਾਂ ਨੂੰ ਆਪਣੀ ਆਲੋਚਨਾ ਵਿਚ ਸਮੋਣ ਦਾ ਯਤਨ ਕੀਤਾ ਅਤੇ ਇਹਨਾਂ ਦਾ ਆਪਣੀ ਭਾਸ਼ਾਈ ਸਮਰਥਾ ਤੇ ਸਿਰਜਣਾਤਮਕ ਪ੍ਰਤਿਭਾ ਨਾਲ ਸੁਮੇਲ ਕਰਕੇ ਅਜਿਹੀ ਸਾਹਿਤ-ਆਲੋ-ਚਨਾ ਦਾ ਮੁੱਢ ਬੰਨ੍ਹਿਆ ਜੋ ਆਪਣੀ ਨਿਵੇਕਲੀ ਪਛਾਣ ਰੱਖਦੀ ਸੀ। ਇਹਨਾਂ ਤਿੰਨਾ ਵਿਦਵਾਨਾਂ ਦੀ ਨਿਵੇਕਲੀ ਮੁਹਰ-ਛਾਪ ਸਮਕਾਲੀ ਸਾਹਿਤ-ਆਲੋਚਨਾ ਅਥਵਾ ਤੀਜੀ ਪੀੜ੍ਹੀ ਦੀ ਆਲੋਚਨਾ ਉਤੇ ਵੀ ਪ੍ਰਤੱਖ ਹੈ। ਸਾਹਿਤ-ਆਲੋਚਨਾ ਦੇ ਖੇਤਰ ਵਿਚ ਹੁਣ ਤਕ ਕੁਝ ਵੀ ਅਜਿਹਾ ਵੇਖਣ ਵਿਚ ਨਹੀਂ ਆਇਆ ਜੋ ਇਹਨਾਂ ਤਿੰਨਾਂ ਧਾਰਾਵਾਂ ਤੋਂ ਬਾਹਰ ਰੱਖਿਆ ਜਾ ਸਕੇ ਅਤੇ ਜੋ ਨਵੀਂ ਆਲੋਚਨਾ ਦੀ ਪ੍ਰਾਪਤੀ ਦਾ ਪਛਾਣ-ਚਿੰਨ੍ਹ ਹੋਵੇ। ਆਪਣੀਆਂ ਨਿੱਜੀ ਸੀਮਾਵਾਂ, ਵਰਗਗਤ ਕਮਜ਼ੋਰੀਆ ਅਤੇ ਆਪਣੇ ਹੀ ਵਿਚਾਰਧਾਰਕ ਪੈਂਤੜੇ ਨੂੰ ਅਚੇਤ ਜਾਂ ਸਚੇਤ ਠੀਕ ਤਰ੍ਹਾਂ ਲਾਗੂ ਨਾ ਕਰ ਸਕਣ ਦੀਆ ਬਹੁਤ ਹੀ ਉਭਰਵੀਆਂ ਕਮਜ਼ੋਰੀਆਂ, ਜੋ ਇਹਨਾਂ ਤਿੰਨ ਪ੍ਰਮੁੱਖ ਵਿਦਵਾਨ ਆਲੋਚਕਾਂ ਵਿਚ ਸਮੇ ਸਮੇਂ ਵੇਖਣ ਵਿਚ ਆਉਂਦੀਆਂ ਰਹੀਆਂ ਹਨ, ਅਤੇ ਜਿਨ੍ਹਾਂ ਕਾਰਣ ਉਹਨਾਂ ਦੀ ਗਹਿਰ-ਗੰਭੀਰ ਆਲੋਚਨਾ ਵੀ ਬੱਜਰ ਤਰੁਟੀਆਂ ਦਾ ਸ਼ਿਕਾਰ ਹੁੰਦੀ ਰਹੀ ਹੈ, ਤੇ ਨਵੀਂ ਪੀੜ੍ਹੀ ਅਥਵਾ ਤੀਜੀ ਪੀੜ੍ਹੀ ਦੇ ਆਲੋਚਕ ਵੀ ਬਚ ਨਹੀ ਸਕੇ, ਸਗੋਂ ਬਹੁਤ ਹਾਲਤਾਂ ਵਿਚ ਜ਼ਿਆਦਾ ਸ਼ਿਕਾਰ ਹੋਏ ਹਨ। ਸਮੀਪਵਾਦ ਦੇ ਫਲਸਰੂਪ ਉਭਰੀ ਲਿਹਾਜ਼ਦਾਰੀ, ਅਤੇ ਆਲੋਚਕ ਦੇ ਕਰਤੱਵ ਅਨੁਸਾਰ ਲੋੜੀਂਦੀ ਮਾਤਰਾ ਵਿਚ ਸਿਧਾਂਤਕ ਆਲੋਚਨਾ ਤੇ ਸਿਰਜਣਾਤਮਕ ਲਿਖਤਾਂ ਨੂੰ ਨਾ ਪੜ੍ਹਨ ਦੀ ਕਮਜ਼ੋਰੀ ਅਤੇ ਸਿੱਟੇ ਵਜੋਂ ਕਈ ਬਹੁਤ ਹੀ ਸਮਰਥ ਰਚਨਾਕਾਰਾਂ ਤੇ ਰਚਨਾਵਾਂ ਨੂੰ ਅਣਗੌਲਿਆਂ ਕਰਨ ਦੀ ਕੁਤਾਹੀ ਵਰਗੇ ਦੋਸ਼ ਜੋ ਦੂਜੀ ਪੀੜ੍ਹੀ ਦੇ ਇਹਨਾਂ



ਸਮਰੱਥ ਆਲੋਚਕਾਂ ਸਿਰ ਲਗਦੇ ਸਨ, ਉਹਨਾਂ ਦੋਸ਼ਾਂ ਦੇ ਭਾਗੀ ਸਗੋਂ ਨਵੀਂ ਪੀੜ੍ਹੀ ਦੇ ਆਲੋਚਕ ਵਧੇਰੇ ਹਨ।

ਪਰਿਣਾਮ ਸਰੂਪ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਸਾਹਿਤ-ਆਲੋਚਨਾ ਦੀ ਕੋਈ ਸਾਰਥਕ ਤੇ ਪੱਕੀ-ਪੀਡੀ ਪਰੰਪਰਾ ਅਜੇ ਪੰਜਾਬੀ ਸਾਹਿਤ ਵਿਚ ਬਣ ਨਹੀਂ ਸਕੀ। ਇਸ ਪਰੰਪਰਾ ਦੇ ਨਾ ਬਣ ਸਕਣ ਲਈ ਕੇਵਲ ਆਲੋਚਕ ਹੀ ਜ਼ਿੰਮੇਵਾਰ ਨਹੀਂ, ਸਾਡਾ ਸਮੁੱਚਾ ਸਾਹਿਤ-ਸਭਿਆਚਾਰ ਵੀ ਜ਼ਿੰਮੇਵਾਰ ਹੈ। ਕਿਸੇ ਵੀ ਭਾਸ਼ਾ ਵਿਚ ਸਾਹਿਤ-ਆਲੋਚਨਾ ਵੀ ਉਨੀ ਕੁ ਹੀ ਸਮਰੱਥ ਹੁੰਦੀ ਹੈ, ਜਿੰਨੀ ਸਮਰੱਥਾ ਉਸ ਦੇ ਸਿਰਜਣਾਤਮਕ ਸਾਹਿਤ ਵਿਚ ਹੁੰਦੀ ਹੈ। ਸਮਕਾਲੀ ਸਾਹਿਤ-ਸਿਰਜਣਾ ਦਾ ਮੁੱਲ ਘਟਾ ਕੇ ਵੇਖਣਾ ਤਾਂ ਠੀਕ ਨਹੀਂ; ਮੇਰੀ ਨਿਗਾਹ ਵਿਚ ਪਿਛਲੇ ਕੁਝ ਦਹਾਕਿਆ ਵਿਚ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ- ਕਹਾਣੀ, ਨਾਵਲ, ਨਾਟਕ ਤੇ ਕਵਿਤਾ ਦੇ ਖੇਤਰ ਵਿਚ ਕਈ ਬਹੁਤ ਹੀ ਉਚੇਰੀ ਪ੍ਰਤਿਭਾ ਵਾਲੇ ਸਾਹਿਤਕਾਰ ਉਭਰੇ ਹਨ। ਪਰ ਉਹਨਾਂ ਦੇ ਟਾਕਰੇ ਘੱਟ ਪ੍ਰਤਿਭਾ ਵਾਲੇ ਪਰ ਵਧੇਰੇ ਰੌਲਾ ਪਾਉਣ ਵਾਲੇ ਕਲਮਕਾਰਾਂ ਦੀ ਅਜਿਹੀ ਲਾਮ-ਡੋਰੀ ਵੀ ਉਭਰੀ ਹੈ, ਜਿਸ ਲਈ ਸਾਹਿਤ-ਆਲੋਚਨਾ ਤਾ ਕੀ ਸਾਹਿਤ-ਸਿਰਜਣਾ ਦੀਆਂ ਲੋੜਾਂ ਨੂੰ ਸਮਝਣਾ ਵੱਸ ਤੋਂ ਬਾਹਰੀ ਗੱਲ ਹੈ। ਸਿੱਟੇ ਵਜੋਂ ਉਹਨਾਂ ਨੇ ਸਾਹਿਤ-ਆਲੋਚਨਾ ਨੂੰ ਸਾਧਾਰਨ ਪ੍ਰਸ਼ੰਸਾ ਜਾਂ ਨਿੰਦਾ ਤਕ ਘਟਾ ਦਿੱਤਾ ਹੈ ਅਤੇ ਇਸ ਕਾਰਜ ਦੀ ਪੂਰਤੀ ਲਈ ਤਥਾ-ਕਥਿਤ ਸਿਰਜਣਾਤਮਕ ਲੇਖਕਾਂ ਵਾਂਗ ਇਸ ਭਾਂਤ ਦੇ ਆਲੋਚਕਾਂ ਦੀ ਵੀ ਕੋਈ ਕਮੀ ਨਹੀਂ। ਵੱਡੀ ਗਿਣਤੀ ਵਿਚ ਮਿਲਦੇ ਇਸ ਭਾਂਤ ਦੇ ਆਲੋਚਕਾਂ ਉਤੇ ਆਪਣਾ ਧਿਆਨ ਕੇਂਦਰਿਤ ਕਰਨਾ ਸਾਹਿਤ-ਚਿੰਤਨ ਨਾਲ ਅਤੇ ਆਪਣੇ ਆਪ ਨਾਲ ਵੀ ਅਨਿਆਂ ਹੋਵੇਗਾ। ਹਾਂ, ਸਮਕਾਲੀ ਆਲੋਚਕਾਂ ਦੀ ਵਰਤਮਾਨ ਪੀੜ੍ਹੀ ਦੇ ਗੁਣਾਂ-ਲੱਛਣਾਂ ਨੂੰ ਉਭਾਰਨਾ ਅਤੇ ਉਹਨਾਂ ਦੀਆਂ ਸੀਮਾਵਾਂ ਉਤੇ ਉਂਗਲ ਰੱਖਣਾ ਨਿਰਸੰਦੇਹ ਤਰਕ ਸੰਗਤ ਹੋਵੇਗਾ। ਇਉਂ ਅਸੀਂ ਸਮਕਾਲੀ ਆਲੋਚਨਾ ਦੇ ਮੁਹਾਂਦਰੇ ਦੀ ਠੀਕ ਪਛਾਣ ਕਰਨ ਅਤੇ ਲੋੜ ਅਨੁਸਾਰ ਇਸ ਮੁਹਾਂਦਰੇ ਨੂੰ ਨਿਖਾਰਨ ਦੇ ਸਮਰੱਥ ਹੋਵਾਂਗੇ।

ਡਾ. ਜਸਬੀਰ ਸਿੰਘ ਆਹਲੂਵਾਲੀਆ, ਡਾ. ਅਤਰ ਸਿੰਘ ਅਤੇ ਪ੍ਰੀਤਮ ਸਿੰਘ ਆਈ. ਏ. ਐਸ. ਵਰਗੇ ਵਿਦਵਾਨ ਭਾਵੇਂ ਦੂਜੀ ਪੀੜ੍ਹੀ ਦੇ ਨਾਲ ਹੀ ਲਗਪਗ ਮੋਢਾ ਜੋੜ ਕੇ ਤੁਰਦੇ ਰਹੇ ਹਨ, ਪਰ ਇਹਨਾ ਵਿਦਵਾਨਾ ਨੂੰ ਤੀਜੀ ਪੀੜ੍ਹੀ ਦੇ ਪ੍ਰਮੁੱਖ ਵਿਦਵਾਨਾਂ ਵਜੋਂ ਮਾਨਤਾ ਦੇਣੀ ਹੀ ਉਚਿਤ ਹੈ। ਇਸ ਸੰਬੰਧ ਵਿਚ ਪਹਿਲੇ ਦੋ ਨਾ ਡਾ. ਆਹਲੂਵਾਲੀਆ ਅਤੇ ਡਾ. ਅਤਰ ਸਿੰਘ ਸਾਹਿਤ-ਆਲੋਚਨਾ ਦੇ ਕਿਸੇ ਵੀ ਗੰਭੀਰ ਵਿਦਿਆਰਥੀ ਦਾ ਸਭ ਤੋਂ ਵਧੇਰੇ ਧਿਆਨ ਖਿੱਚਦੇ ਹਨ। ਇਹਨਾਂ ਦੋਹਾਂ ਵਿਦਵਾਨਾਂ ਨੇ ਆਪਣੀ ਸਾਹਿਤ-ਆਲੋਚਨਾ ਲਈ, ਖਾਸ ਕਰਕੇ ਮੁੱਢ ਵਿਚ, ਦ੍ਰਿਸ਼ਟੀਗਤ ਤੇ ਕਲਾਤਮਕ ਮੁੱਲਾਂ ਦੇ ਟੂਲ ਤਾ ਲਗਪਗ ਉਹੀ ਵਰਤੇ ਜਿਨ੍ਹਾਂ ਨੂੰ ਸੰਤ ਸਿੰਘ ਸੇਖੋਂ ਨੇ ਅਪਣਾਇਆ ਸੀ, ਪਰ ਆਪਣੀ ਨਿਵੇਕਲੀ ਪਛਾਣ ਸਥਾਪਤ ਕਰਨ ਦੀ ਅਕਾਂਖਿਆ ਵਿਚ ਅਤੇ ਆਪਣੇ ਸ਼੍ਰੇਣਿਕ ਹਿਤਾਂ ਅਨੁਸਾਰ, ਦੋਨਾ ਨੇ ਆਧੁਨਿਕਤਾ, ਪ੍ਰਯੋਗਸ਼ੀਲਤਾ ਵਰਗੇ ਸੰਕਲਪਾਂ ਨੂੰ ਉਭਾਰਨ ਦਾ ਯਤਨ ਕੀਤਾ। ਇਹਨਾਂ ਦੋਹਾਂ ਹੀ ਪ੍ਰਮੁੱਖ ਵਿਦਵਾਨਾਂ ਵਿਚ ਮੌਲਿਕ ਚਿੰਤਨ ਦੀ ਅਸਾਧਾਰਨ ਸਮਰਥਾ ਸੀ ਅਤੇ ਦੋਹਾਂ ਦਾ ਹੀ ਮੁੱਖ ਸਰੋਕਾਰ ਸਮਕਾਲੀ ਲੇਖਣ ਸੀ। ਸਾਹਿਤ-ਆਲੋਚਨਾ ਨੂੰ ਇਕ ਮਹੱਤਵਪੂਰਨ ਕਾਰਜ ਸਮਝਣ ਦੇ ਨਾਲ ਨਾਲ ਉਹ ਇਸਨੂੰ ਸਾਹਿਤ-ਜਗਤ ਵਿਚ ਇਕ ਨਿਵੇਕਲੀ ਲਹਿਰ ਚਲਾਉਣ ਅਤੇ ਅਜਿਹੀ ਲਹਿਰ ਦੇ ਖੁਦ ਮੋਢੀ ਮਿਥੇ ਜਾਣ ਦੀ ਅਕਾਂਖਿਆ ਨੂੰ ਆਪਣੇ ਅੰਦਰ ਪਾਲਦੇ ਸਨ। ਫਲਸਰੂਪ ਲੋੜ ਪੈਣ 'ਤੇ ਮਾਰਕਸਵਾਦੀ ਚਿੰਤਨ-ਪ੍ਰਣਾਲੀ ਦਾ ਅੰਸ਼ਕ ਰੂਪ ਵਿਚ ਤਿਆਗ ਕਰਦਿਆਂ ਹੋਇਆਂ ਉਹਨਾਂ ਨੇ ਸਾਹਿਤ ਦੇ ਸਮਾਜਕ ਸਰੋਕਾਰਾਂ ਦੀ ਥਾਂ ਸਾਹਿਤ ਦੀ ਸੁਤੰਤਰ ਹੋਂਦ ਅਤੇ ਵਿਕਸਤ ਹੋ ਰਹੀ ਪੂੰਜੀਵਾਦੀ ਵਿਵਸਥਾ

ਦੇ ਅਨੁਕੂਲ ਸਾਹਿਤਕਾਰ ਦੀ ਨਿਜੀ ਸੁਤੰਤਰਤਾ ਵਰਗੀਆਂ ਧਾਰਨਾਵਾਂ ਨੂੰ ਉਭਾਰਿਆ। ਭਾਵੇਂ ਵਰਗ ਸੰਸਕਾਰਾਂ ਤੋਂ ਤਾਂ ਸੰਤ ਸਿੰਘ ਸੇਖੋਂ ਵਰਗੇ ਵਿਦਵਾਨ ਵੀ ਮੁਕਤ ਨਹੀਂ ਸਨ, ਪਰ ਇਹ ਵਿਦਵਾਨ ਵਰਗਗਤ ਤਿਲਕਣ ਦੇ ਏਨਾ ਸ਼ਿਕਾਰ ਹੁੰਦੇ ਰਹੇ ਹਨ ਕਿ ਸਾਰੀ ਸੂਝ-ਸਿਆਣਪ ਦੇ ਬਾਵਜੂਦ ਇਹਨਾਂ ਦੇ ਚਿੰਤਨ ਅਤੇ ਇਹਨਾਂ ਦੀ ਵਿਵਿਹਾਰਕ ਸਾਹਿਤ-ਆਲੋਚਨਾ ਵਿਚ ਕੋਈ ਇਕ ਵਿਚਾਰਧਾਰਕ ਤੰਦ ਲਭੱਣੀ ਮੁਸ਼ਕਿਲ ਹੈ। ਸਮੇਂ ਦੀਆਂ ਲੋੜਾਂ ਅਨੁਸਾਰ ਉਹ ਆਪਣੇ ਹੀ ਕਿਸੇ ਨੁਕਤੇ ਨੂੰ ਲੋੜੋਂ ਵੱਧ ਉਭਾਰਨ ਜਾਂ ਪਿੱਛੇ ਸੁੱਟਣ ਦੀ ਰੁਚੀ ਦਾ ਵਿਖਾਵਾ ਕਰਦੇ ਰਹੇ ਹਨ। ਜੇ ਜਸਬੀਰ ਸਿੰਘ ਆਹਲੂਵਾਲੀਆ ਨੇ ਪਹਿਲਾ ਪ੍ਰਯੋਗਵਾਦ ਦੇ ਸਿਧਾਂਤਕਾਰ ਵਜੋਂ ਉਭਰਨ ਦਾ ਯਤਨ ਕੀਤਾ ਅਤੇ ਪਿੱਛੋਂ ਮਾਰਕਸਵਾਦ ਤੇ ਸਿੱਖ ਫਲਸਫੇ ਨੂੰ ਮੇਲਣ ਵਿਚ ਰੁਚੀ ਵਿਖਾਈ ਅਤੇ ਹੁਣ ਉਹ ਨਿਰੋਲ ਸਿੱਖ ਫਲਸਫੇ ਦੇ ਆਧੁਨਿਕ ਵਿਆਖਿਆਕਾਰ ਵਜੋਂ ਪ੍ਰਵਾਨ ਹੋਣ ਲਈ ਕਰਮਸ਼ੀਲ ਹੈ ਤਾਂ ਅਤਰ ਸਿੰਘ ਦੇ ਸਿਧਾਤਕ ਤੇ ਵਿਹਾਰਕ ਪੈਂਤੜਿਆਂ ਵਿਚੋਂ ਵੀ ਅਜਿਹੀ ਤਿਲਕਣਬਾਜ਼ੀ ਵੇਖਣੀ ਮੁਸ਼ਕਿਲ ਨਹੀਂ। ਦੋਹਾਂ ਵਿਦਵਾਨਾਂ ਦੀ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਸਾਹਿਤ ਬਾਹਰੇ ਵਕਤੀ ਹਿਤਾਂ ਦੀ ਪੂਰਤੀ ਲਈ ਉਹਨਾਂ ਆਪਣੀ ਬੌਧਿਕ ਪ੍ਰਤਿਭਾ ਨੂੰ ਵੀ ਦਾਅ ਉਤੇ ਲਾਉਣ ਤੋਂ ਹਿਚਕਚਾਹਟ ਨਹੀਂ ਵਿਖਾਈ। ਇਸ ਤਰ੍ਹਾਂ ਦੀ ਕਮਜ਼ੋਰੀ ਪ੍ਰਯੋਗਵਾਦ ਦੇ ਦੂਜੇ ਵੱਡੇ ਪ੍ਰਵੱਕਤਾ ਪ੍ਰੀਤਮ ਸਿੰਘ ਨੇ ਬਿਲਕੁਲ ਨਹੀਂ ਵਿਖਾਈ। ਉਹ ਆਪਣੀਆਂ ਧਾਰਨਾਵਾਂ ਉਤੇ ਹਮੇਸ਼ਾ ਡਟਦਾ ਰਿਹਾ ਹੈ ਅਤੇ ਕਾਟਵੀਂ ਆਲੋਚਨਾ ਵਿਚ ਕਿਸੇ ਆਪਣੇ ਬੇਗਾਨੇ ਦਾ ਉਕਾ ਹੀ ਕੋਈ ਲਿਹਾਜ਼ ਨਾ ਕਰਨ ਵਿਚ ਉਸਨੇ ਕਿਸ਼ਨ ਸਿੰਘ ਵਰਗੀ ਜੋ ਦ੍ਰਿੜਤਾ ਵਿਖਾਈ ਹੈ, ਉਸ ਲਈ, ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ, ਉਹ ਗੰਭੀਰ ਸਾਹਿਤਕ ਹਲਕਿਆਂ ਵਿਚ ਵਧੇਰੇ ਸਤਿਕਾਰ ਵਾਲੀ ਥਾਂ ਬਣਾ ਸਕਿਆ ਹੈ, ਹਾਲਾਂਕਿ ਕਈ ਹਾਲਤਾਂ ਵਿਚ ਉਸਦੀ ਸਾਹਿਤ-ਆਲੋਚਨਾ ਵਿਚ ਉਸ ਪੱਧਰ ਦੀ ਡੂੰਘਾਈ ਨਹੀਂ, ਜੋ ਉਕਤ ਪ੍ਰਮੁੱਖ ਵਿਦਵਾਨਾਂ ਵਿਚ ਹੈ।

ਇਹਨਾਂ ਵਧੇਰੇ ਚਰਚਿਤ ਵਿਦਵਾਨਾਂ ਤੋਂ ਬਿਨਾਂ ਵੱਖ ਵੱਖ ਦ੍ਰਿਸ਼ਟੀਆਂ ਵਾਲੇ ਅਤੇ ਵਿਸ਼ੇਸ਼ ਸਾਹਿਤ-ਵਿਧਾਵਾਂ ਵਿਚ ਆਲੋਚਨਾ ਕਰਨ ਵਾਲੇ ਵਿਦਵਾਨਾਂ ਦੀ ਇਕ ਲੰਮੀ ਸੂਚੀ ਤਾਂ ਹੈ, ਪਰ ਕਿਸੇ ਵੀ ਵਿਦਵਾਨ ਬਾਰੇ ਇਹ ਕਹਿਣਾ ਮੁਸ਼ਕਿਲ ਹੈ ਕਿ ਉਹ ਸੰਤ ਸਿੰਘ ਸੇਖੋਂ ਵੱਲੋਂ ਮਿਥੀ ਰੇਖਾ ਨੂੰ ਉਲੰਘ ਕੇ ਕੋਈ ਵੱਡੀ ਪ੍ਰਾਪਤੀ ਕਰ ਸਕਿਆ ਹੋਵੇ, ਹਾਲਾਂ ਕਿ ਇਸ ਰੇਖਾ ਨੂੰ ਉਲੰਘਣ ਦੀ ਲੋੜ ਬਹੁਤ ਹੈ। ਟੀ. ਆਰ. ਵਿਨੋਦ, ਤੇਜਵੰਤ ਸਿੰਘ ਗਿੱਲ, ਰਵਿੰਦਰ ਸਿੰਘ ਰਵੀ, ਗੁਰਬਖਸ਼ ਸਿੰਘ ਫਰੈਂਕ, ਜੁਗਿੰਦਰ ਸਿੰਘ ਰਾਹੀ, ਕਰਨਜੀਤ ਸਿੰਘ, ਸਾਧੂ ਸਿੰਘ, ਕੇਸਰ ਸਿੰਘ ਕੇਸਰ ਅਤੇ ਇਹਨਾਂ ਸਤਰਾਂ ਦੇ ਲੇਖਕ ਸਮੇਤ ਕਈ ਜਾਣੇ-ਪਛਾਣੇ ਨਾਂ ਹਨ ਜਿਨ੍ਹਾਂ ਨੇ ਮਾਰਕਸਵਾਦੀ ਵਿਧੀ ਨੂੰ ਅਪਣਾ ਕੇ ਹੀ ਸਮਕਾਲੀ ਸਾਹਿਤ-ਆਲੋਚਨਾ ਦੇ ਖੇਤਰ ਵਿਚ ਯੋਗਦਾਨ ਦਿੱਤਾ ਹੈ। ਜਸਵਿੰਦਰ ਸਿੰਘ, ਸਵਰਨ ਚੰਦਨ, ਸੁਰਜੀਤ ਗਿੱਲ, ਭਗਵਾਨ ਸਿੰਘ ਜੋਸ਼, ਹਿੰਮਤ ਸਿੰਘ ਸੋਢੀ, ਚਮਨ ਲਾਲ, ਕਰਮਜੀਤ ਸਿੰਘ, ਕੁਲਬੀਰ ਸਿੰਘ ਕਾਂਗ ਤੇ ਅਮਰਜੀਤ ਸਿੰਘ ਕਾਂਗ ਲਗਪਗ ਏਸੇ ਹੀ ਵਿਧੀ ਦੇ ਅਨੁਆਈ ਹਨ। ਇਹਨਾਂ ਸਭਨਾਂ ਦੀ ਬੌਧਿਕ ਤੇ ਆਲੋਚਨਾਤਮਕ ਪ੍ਰਤਿਭਾ, ਕੁਦਰਤੀ ਹੀ, ਇਕਸਾਰ ਨਹੀਂ। ਇਸ ਲਈ ਇਹਨਾਂ ਨੂੰ ਇਕ ਸਮਾਨ ਸਮਝਣਾ ਤੇ ਇਕੋ ਤੱਕੜੀ ਵਿਚ ਤੋਲਣਾ ਤਰਕ ਸੰਗਤ ਨਹੀਂ। ਪਰ ਇਹ ਸਾਰੇ ਅਤੇ ਨਵੀਂ ਪੀੜ੍ਹੀ 'ਚੋਂ ਉਭਰ ਰਹੇ ਕਈ ਹੋਰ ਸਮਰੱਥ ਆਲੋਚਕ ਜਿਵੇਂ ਸੁਰਜੀਤ ਸਿੰਘ ਭੱਟੀ, ਸੁਖਦੇਵ ਸਿੰਘ ਖਾਹਰਾ, ਹਰਭਜਨ ਸਿੰਘ ਭਾਟੀਆ, ਬਲਦੇਵ ਸਿੰਘ ਧਾਲੀਵਾਲ, ਮਾਨ ਸਿੰਘ ਢੀਂਡਸਾ ਆਦਿ ਇਹ ਪ੍ਰਮਾਣਿਤ ਕਰਦੇ ਹਨ ਕਿ ਸਮਾਜਵਾਦੀ ਕੈਂਪ ਨੂੰ ਢਾ ਲੱਗਣ ਅਤੇ ਮਾਰਕਸਵਾਦ ਦੀ ਵਿਚਾਰਧਾਰਾ ਦੇ ਵਿਹਾਰਕ ਪੱਖ ਅੱਗੇ ਕਈ ਪ੍ਰਸ਼ਨ-ਚਿੰਨ੍ਹ ਲੱਗਣ ਦੇ ਬਾਵਜੂਦ ਪੰਜਾਬੀ ਸਾਹਿਤ-ਆਲੋਚਨਾ ਵਿਚ ਭਾਰੂ ਰੁਝਾਨ ਹਾਲੇ ਵੀ ਮਾਰਕਸਵਾਦੀ ਹੀ ਹੈ। ਇਸ ਰੁਝਾਨ ਦੇ ਉਪਰ ਗਿਣਾਏ ਆਲੋਚਕਾਂ ਵਿਚੋਂ ਟੀ. ਆਰ. ਵਿਨੋਦ ਨੇ ਭਾਵੇਂ



ਕਦੇ ਕਦੇ ਉਲਾਰ ਹੋਣ ਦੀ ਪ੍ਰਵਿਰਤੀ ਵੀ ਵਿਖਾਈ ਹੈ, ਜਿਵੇਂ ਕਿ ਕਰਤਾਰ ਸਿੰਘ ਦੁੱਗਲ ਦੇ ਸੰਬੰਧ ਵਿਚ ਉਹਦੀ ਤਲਖ ਅਲੋਚਨਾ ਵਿਚੋਂ ਅਤੇ ਗੁਰਦਿਆਲ ਸਿੰਘ ਦੇ ਸੰਬੰਧ ਵਿਚ ਕੁਝ ਵਧੇਰੇ ਹੀ ਉਦਾਰ ਆਲੋਚਨਾ ਵਿਚੋਂ ਵੇਖਿਆ ਜਾ ਸਕਦਾ ਹੈ। ਪਰ ਸਮੁੱਚੇ ਤੌਰ 'ਤੇ ਸਮਕਾਲੀ ਸਾਹਿਤ ਬਾਰੇ ਉਸਦੀ ਪਹੁੰਚ ਕਾਫੀ ਸੰਤੁਲਤ ਹੈ। ਤੇਜਵੰਤ ਗਿੱਲ ਵਧੇਰੇ ਪੜ੍ਹਿਆ-ਲਿਖਿਆ ਤੇ ਪ੍ਰਬੁੱਧ ਹੋਣ ਦਾ ਪ੍ਰਮਾਣ ਤਾਂ ਦਿੰਦਾ ਹੈ ਪਰ ਉਸਦੀ ਵਿਹਾਰਕ ਆਲੋਚਨਾ ਅਤੇ ਉਸਦੀ ਸਿਧਾਂਤਕ ਸੂਝ-ਬੂਝ ਦਾ ਪਰਸਪਰ ਤਾਲਮੇਲ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਉਸ ਦੀ ਆਲੋਚਨਾ ਅਕਸਰ ਹੀ ਸੰਚਾਰ ਦੀ ਸਮੱਸਿਆ ਖੜ੍ਹੀ ਕਰਦੀ ਹੈ। ਭੁਲਾਂਦਰੇਮਈ ਬੌਧਿਕ ਹਉਮੈ ਕਾਰਨ ਉਹ ਆਪ-ਹੁਦਰੇ ਨਿਰਣਿਆਂ ਉਤੇ ਪਹੁੰਚਣ ਦੀ ਗਲਤੀ ਦਾ ਵੀ ਸ਼ਿਕਾਰ ਹੁੰਦਾ ਹੈ। ਗੁਰਬਖਸ਼ ਸਿੰਘ ਫਰੈਂਕ, ਰਵਿੰਦਰ ਸਿੰਘ ਰਵੀ ਅਤੇ ਕਰਨਜੀਤ ਸਿੰਘ ਨੇ ਉਸ ਮਾਰਕਸਵਾਦੀ ਪਹੁੰਚ ਨੂੰ ਕਾਫੀ ਗੰਭੀਰਤਾ ਨਾਲ ਅਪਨਾਇਆ ਹੈ ਜਿਸ ਪਹੁੰਚ ਨੂੰ ਸਾਬਕਾ ਸੋਵੀਅਤ ਯੂਨੀਅਨ ਵਿਚ ਸਰਕਾਰੀ ਪ੍ਰਵਾਨਗੀ ਮਿਲਦੀ ਰਹੀ ਸੀ। ਕਿਉਂਕਿ ਬਹੁਤ ਘੱਟ ਆਲੋਚਕਾਂ ਨੇ ਆਪਣੇ ਆਪ ਨੂੰ ਕਿਸੇ ਇਕ ਖੇਤਰ ਤਕ ਸੀਮਤ ਕਰਨ ਦਾ ਯਤਨ ਕੀਤਾ ਹੈ, ਇਸ ਲਈ ਸਭਨਾਂ ਹੀ ਮਾਰਕਸਵਾਦੀ ਆਲੋਚਕਾਂ ਨੇ ਪੰਜਾਬੀ ਕਵਿਤਾ ਤੇ ਗਲਪ ਦੇ ਵਿਭਿੰਨ ਰੁਝਾਨਾਂ ਬਾਰੇ ਆਮ ਨਿਰਣੇ ਤਾਂ ਕਾਫੀ ਸਹੀ ਕੀਤੇ ਹਨ, ਪਰ ਉਹਨਾਂ ਦੀ ਆਲੋਚਨਾ ਸਮੁੱਚੀ ਸਾਹਿਤ-ਸਿਰਜਣਾ ਨੂੰ ਆਪਣੇ ਧਿਆਨ ਵਿਚ ਨਾ ਲਿਆ ਸਕਣ ਦੀ ਚੁਗਲੀ ਖਾਂਦੀ ਹੈ।

ਸਮਕਾਲੀ ਆਲੋਚਨਾ ਵਿਚ ਜੋ ਵਰਗ-ਸਮੂਹ ਪਿਛਲੇ ਵਰ੍ਹਿਆਂ ਵਿਚ ਵਧੇਰੇ ਧਿਆਨ ਖਿੱਚਣ ਵਿਚ ਸਫਲ ਰਿਹਾ ਹੈ, ਉਹ ਹੈ ਡਾ. ਹਰਿਭਜਨ ਸਿੰਘ ਦੀ ਸਰਪ੍ਰਸਤੀ ਵਿਚ ਉਭਰਿਆ ਦਿੱਲੀ ਸਕੂਲ ਸਤਿੰਦਰ ਸਿੰਘ ਨੂਰ ਤੇ ਜਗਬੀਰ ਸਿੰਘ ਆਦਿ ਜਿਸਦੇ ਪ੍ਰਮੁੱਖ ਰੁਕਨ ਹਨ। ਆਤਮਜੀਤ ਸਿੰਘ, ਤ੍ਰਲੋਕ ਸਿੰਘ ਕੰਵਰ, ਗੁਰਚਰਨ ਸਿੰਘ ਅਰਸ਼ੀ, ਅਮਰੀਕ ਸਿੰਘ ਪੂੰਨੀ, ਦੇਵਿੰਦਰ ਕੌਰ ਆਦਿ ਸਮੇਤ ਸਾਰਾ ਸਮਾਂ ਜਾਂ ਕਿਸੇ ਸਮੇਂ ਦਿੱਲੀ ਯੂਨੀਵਰਸਿਟੀ ਨਾਲ ਸੰਬੰਧਤ ਰਹੇ ਇਹਨਾਂ ਵਿਦਵਾਨਾਂ ਦੇ ਹੱਕ ਵਿਚ ਇਹ ਗੱਲ ਜਾਂਦੀ ਹੈ ਕਿ ਇਹਨਾਂ ਨੇ ਪੱਛਮੀ ਸਾਹਿਤ-ਚਿੰਤਨ ਵਿਚ ਜੋ ਕੁਝ ਵੀ ਨਵਾਂ ਵਾਪਰਦਾ ਰਿਹਾ ਹੈ, ਉਸ ਨਾਲ ਆਪਣੇ ਆਪਨੂੰ ਪਰਿਚਿਤ ਰੱਖਣ ਦਾ ਸਚੇਤ ਯਤਨ ਕੀਤਾ ਹੈ। ਰੂਪਵਾਦ, ਸੰਰਚਨਾਵਾਦ, ਚਿਹਨ ਵਿਗਿਆਨ ਅਤੇ ਉਤਰ-ਆਧੁਨਿਕਤਾ ਆਦਿ ਜਿਸ ਵੀ ਰੁਝਾਨ ਦੀ ਸੋਅ ਉਹਨਾਂ ਦੇ ਕੰਨੀਂ ਪਈ, ਉਸਨੂੰ ਤੁਰੰਤ ਹੀ ਪੰਜਾਬੀ ਸਾਹਿਤ-ਆਲੋਚਨਾ ਵਿਚ ਸਿਧਾਂਤ ਤੇ ਵਿਹਾਰ ਦੀ ਪੱਧਰ ਉਤੇ ਉਲਥਾਉਣ ਦੀ ਚੇਸ਼ਟਾ ਉਹਨਾਂ ਵਿਖਾਈ। ਪੱਛਮੀ ਜਗਤ ਦੇ ਭਾਰੂ ਰੁਝਾਨ ਅਨੁਸਾਰ ਮਾਰਕਸਵਾਦ ਨੂੰ ਨਿਕਾਰਨਾ ਜਾਂ ਮਾਰਕਸਵਾਦੀ ਪਹੁੰਚ ਤੋਂ ਇਕ ਵਿੱਥ ਸਥਾਪਤ ਕਰਨ ਦਾ ਯਤਨ ਕਰਨਾ ਉਹਨਾਂ ਦਾ ਉਦੇਸ਼ ਬਣਿਆ ਰਿਹਾ। ਪਰ ਕਿਸੇ ਵੀ ਰੁਝਾਨ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰਨ ਦੀ ਕਈਆਂ ਵਿਚ ਤਾਂ ਸਮਰਥਾ ਹੀ ਨਹੀਂ ਸੀ ਅਤੇ ਜੇ ਕਿਸੇ ਵਿਚ ਸਮਰੱਥਾ ਸੀ ਵੀ ਤਾਂ ਉਸਨੇ ਆਪਣਾ ਕੋਈ ਨਿਸਚਿਤ ਪੈਂਤੜਾ ਅਪਨਾਉਣ ਦੀ ਰੁਚੀ ਨਹੀਂ ਵਿਖਾਈ। ਜਿਵੇਂ ਸਾਹਿਤ-ਸਿਰਜਣਾ ਵਿਚ ਸਚੇਤ ਪੱਧਰ ਉਤੇ ਪ੍ਰਯੋਗਵਾਦ ਨੂੰ ਇਕ ਮੁਹਿੰਮ ਦੇ ਰੂਪ ਵਿਚ ਚਲਾਉਣ ਦੀ ਪ੍ਰਵਿਰਤੀ ਵੇਖਣ ਵਿਚ ਆਈ ਸੀ, ਉਵੇਂ ਹੀ ਦਿੱਲੀ ਸਕੂਲ ਦੇ ਇਹ ਵਿਦਵਾਨ ਆਲੋਚਨਾ ਵਿਚ ਪਰਾ-ਮਾਰਕਸੀ ਪਹੁੰਚ ਨੂੰ ਸਥਾਪਤ ਕਰਨ ਦੀ ਇੱਛਾ ਰੱਖਦੇ ਹੋਏ ਵੀ ਕੋਈ ਵੱਡੀ ਪ੍ਰਾਪਤੀ ਨਹੀਂ ਕਰ ਸਕੇ ਅਤੇ ਇਸ ਆਲੋਚਨਾ ਦਾ ਹਸ਼ਰ ਵੀ ਕਵਿਤਾ ਵਿਚ ਪ੍ਰਯੋਗਵਾਦ ਵਰਗਾ ਹੀ ਹੋਇਆ ਹੈ। ਡਾ. ਹਰਿਭਜਨ ਸਿੰਘ ਨਾਲੋਂ ਤੋੜ-ਵਿਛੋੜਾ ਕਰ ਲੈਣ ਪਿੱਛੋਂ ਸਤਿੰਦਰ ਸਿੰਘ ਨੂਰ ਵਰਗੇ ਇਸ ਢਾਣੀ ਦੇ ਪ੍ਰਬੁੱਧ ਆਲੋਚਕਾਂ ਵੱਲੋਂ ਸੰਰਚਨਾਵਾਦ ਤੇ ਮਾਰਕਸਵਾਦ ਦਾ ਸੁਮੇਲ ਕਰਨ ਦੇ ਐਲਾਨੇ ਉਦੇਸ਼ਾਂ ਦੇ ਬਾਵਜੂਦ ਦਿੱਲੀ ਸਕੂਲ ਦਾ ਪੰਜਾਬੀ ਸਾਹਿਤ-ਆਲੋਚਨਾ ਵਿਚ ਇਸ ਤੋਂ ਵੱਧ ਕੋਈ ਬਿੰਬ ਨਹੀਂ ਬਣਿਆ ਕਿ ਇਸ ਸਕੂਲ ਨਾਲ ਜੁੜੇ ਵਿਦਵਾਨ ਫੈਸ਼ਨ ਦੇ ਰੂਪ ਵਿਚ ਕਿਸੇ ਵੀ ਨਵੀਂ ਗੱਲ ਨੂੰ ਅਪਨਾ ਕੇ ਅਤੇ ਫੇਰ ਉਨੀ ਹੀ ਤੇਜ਼ੀ ਨਾਲ ਉਸਦਾ ਤਿਆਗ ਕਰਕੇ ਕਿਸੇ ਹੋਰ ਨਵੀਂ ਗੱਲ ਨੂੰ

ਪਕੜਨ ਦੇ ਆਹਰ ਵਿਚ ਰਹੇ ਹਨ। ਕੂਹਣੀ ਮਾਰਕੇ ਦੂਜੇ ਤੋਂ ਅਗਾਂਹ ਵਧਣ ਅਤੇ ਆਪਾ-ਧਾਪੀ ਦੇ ਪੂੰਜੀਵਾਦੀ ਦੌਰ ਵਿਚ ਇਸ ਤਰ੍ਹਾਂ ਦੀ ਰੁਚੀ ਦੇ ਆਧਾਰਾਂ ਨੂੰ ਸਮਝਣਾ ਕੋਈ ਮੁਸ਼ਕਿਲ ਨਹੀਂ। ਪਰ ਗੰਭੀਰ ਸਾਹਿਤ-ਆਲੋਚਨਾ ਦੇ ਪ੍ਰਸੰਗ ਵਿਚ ਮੁਸ਼ਕਿਲ ਇਹ ਹੈ ਕਿ ਜਿੰਨਾ ਚਿਰ ਕੋਈ ਆਲੋਚਕ, ਭਾਵੇਂ ਉਹ ਕਿੰਨਾ ਹੀ ਪੜ੍ਹਿਆ ਹੋਵੇ, ਜੇ ਉਹ ਆਪਣੇ ਵਿਚਾਰਧਾਰਕ ਆਧਾਰਾਂ ਬਾਰੇ ਗੁੜ੍ਹਿਆ ਹੋਇਆ ਨਹੀਂ ਤਾਂ ਉਹ ਕੋਈ ਸਾਰਥਕ ਪ੍ਰਾਪਤੀ ਬਿਲਕੁਲ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਸਤਿੰਦਰ ਸਿੰਘ ਨੂਰ ਵਰਗੇ ਇਕੜ-ਦੁੱਕੜ ਨਾਉਂ ਤੋਂ ਬਿਨਾਂ, ਜਿਸਨੇ ਵਿਸ਼ੇਸ਼ ਕਰ ਸਮਕਾਲੀ ਪੰਜਾਬੀ ਕਵਿਤਾ ਬਾਰੇ ਕੁਝ ਠੋਸ ਧਾਰਨਾਵਾਂ ਬਣਾਈਆ ਹਨ, ਕੋਈ ਹੋਰ ਵਿਦਵਾਨ ਵਕਤੀ ਤੌਰ 'ਤੇ ਆਪਣੇ ਵੱਲ ਧਿਆਨ ਆਕਰਸ਼ਤ ਕਰਾਉਣ ਦੇ ਬਾਵਜੂਦ ਚਿਰ-ਸਥਾਈ ਰੂਪ ਵਿਚ ਸਾਹਿਤ-ਆਲੋਚਨਾ ਦੇ ਖੇਤਰ ਵਿਚ ਆਪਣਾ ਨਾਉਂ ਬਣਾ ਸਕਣ ਦੀ ਉਮੀਦ ਨਹੀਂ ਕਰ ਸਕਦਾ। ਜੇ ਇਹਨਾ ਵਿਦਵਾਨਾਂ ਦੀ ਸਮੁੱਚੇ ਰੂਪ ਵਿਚ ਕੋਈ ਸਾਰਥਕ ਪ੍ਰਾਪਤੀ ਹੈ ਤਾਂ ਉਹ ਇਹ ਕਿ ਇਹਨਾਂ ਨੇ ਆਲੋਚਕ ਹੋਣ ਦਾ ਭਰਮ ਪਾਲਣ ਵਾਲੇ ਲਗਪਗ ਅਣਪੜ੍ਹ ਤੇ ਮੂੜ੍ਹ ਵਿਅਕਤੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ, ਜਿਨ੍ਹਾਂ ਦੀ ਪੰਜਾਬੀ ਸਾਹਿਤ-ਜਗਤ ਵਿਚ ਕੋਈ ਘਾਟ ਨਹੀਂ, ਭਾਵੇਂ ਉਹ ਮਾਰਕਸਵਾਦੀ ਚੋਲਾ ਪਹਿਨਕੇ ਆਏ ਹੋਣ ਜਾ ਬਿਨਾਂ ਕਿਸੇ ਪਹਿਚਾਣ ਦੇ, ਚਿਹਰਾ ਰਹਿਤ, ਸਥਾਨਕ ਪੱਧਰ ਉਤੇ ਵਿਚਰਦੇ ਦਰਜਨਾਂ ਹੀ ਤਥਾ-ਕਥਿਤ ਅਕਾਦਮਿਕ ਆਲੋਚਕ ਹੋਣ, ਜਿਨ੍ਹਾਂ ਦੀ ਆਲੋਚਨਾ ਵਿਦਿਆਰਥੀਆਂ ਦੇ ਕੰਮ ਆਉਂਦੀਆਂ ਸਹਾਇਕ ਪਾਠ-ਪੁਸਤਕਾਂ ਤੋਂ ਵੱਧ ਕੁਝ ਨਹੀਂ ।

ਪਿਛਲੇ ਵਰ੍ਹਿਆਂ ਵਿਚ ਜੋ ਨਵੀਆਂ ਆਲੋਚਨਾ ਪਧਿਤੀਆਂ ਦੀ ਗੱਲ ਤੁਰੀ ਹੈ, ਉਹਨਾਂ ਵਿਚ ਲੋਕ ਧਾਰਾਈ ਰੂੜ੍ਹੀਆਂ ਅਤੇ ਸਭਿਆਚਾਰ ਨੂੰ ਆਧਾਰ ਬਣਾ ਕੇ ਸਾਹਿਤ-ਆਲੋਚਨਾ ਕਰਨ ਨੂੰ ਵਿਸ਼ੇਸ਼ ਸਥਾਨ ਮਿਲਿਆ ਹੈ। ਹਾਲਾਂਕਿ ਮਾਰਕਸਵਾਦੀ ਇਤਿਹਾਸਕ ਪਦਾਰਥਵਾਦੀ, ਯਥਾਰਥਵਾਦੀ ਜਾਂ ਸਮਾਜ ਵਿਗਿਆਨਕ ਪਹੁੰਚ ਵੀ ਰਚਨਾ ਤੇ ਰਚਨਾਕਾਰ ਦੇ ਪਰਿਵੇਸ਼ ਦੇ ਵਿਭਿੰਨ ਸੰਦਰਭਾਂ ਨੂੰ ਧਿਆਨ ਗੋਚਰੇ ਕਰ ਕੇ ਮੁੱਲਾਂਕਣ ਕਰਨ ਉਤੇ ਟੇਕ ਰੱਖਦੀ ਹੈ, ਅਤੇ ਇੰਝ ਇਹ ਰਚਨਾ ਦੇ ਨਿਰੋਲ ਪਾਠ ਨੂੰ ਹੀ ਆਧਾਰ ਬਣਾਉਣ ਤਕ ਸੀਮਿਤ ਨਹੀਂ। ਲੋਕਯਾਨਕ ਤੇ ਸਭਿਆਚਾਰਕ ਪੱਖ ਨੂੰ ਧਿਆਨ ਗੋਚਰੇ ਕਰਕੇ ਸਾਹਿਤ-ਆਲੋਚਨਾ ਦੀ ਇਸ ਪ੍ਰਵਿਰਤੀ ਨੇ ਸਮਕਾਲੀ ਪੰਜਾਬੀ ਸਾਹਿਤ-ਆਲੋਚਨਾ ਵਿਚ ਨਿਸਚੇ ਹੀ ਚੰਗੀ ਭੂਮਿਕਾ ਨਿਭਾਈ ਹੈ। ਡਾ. ਕਰਨੈਲ ਸਿੰਘ ਥਿੰਦ ਨੇ ਲੋਕਯਾਨਕ ਸਾਹਿਤ-ਆਲੋਚਨਾ ਦੇ ਸਿਧਾਂਤਕ ਆਧਾਰਾਂ ਨੂੰ ਉਜਾਗਰ ਕਰਨ ਵਿਚ ਜੋ ਪਹਿਲਕਦਮੀ ਵਿਖਾਈ ਹੈ ਤਾਂ ਉਸ ਦੇ ਪ੍ਰਭਾਵ ਅਧੀਨ ਜਾਂ ਸਮੇਂ ਦੀ ਲੋੜ ਵਿਚੋਂ ਵੀ ਕਈ ਵਿਦਵਾਨ ਉਭਰੇ ਹਨ, ਜਿਨ੍ਹਾਂ ਨੇ ਨਾ ਕੇਵਲ ਸਮਕਾਲੀ ਸਗੋਂ ਮੱਧਕਾਲੀ ਸਾਹਿਤ ਨੂੰ ਇਸ ਦ੍ਰਿਸ਼ਟੀ ਤੋਂ ਵੇਖਣ ਸਮਝਣ ਤੇ ਮੁੱਲਾਂਕਣ ਕਰਨ ਦਾ ਉਪਰਾਲਾ ਕੀਤਾ ਹੈ। ਇਸ ਸੰਬੰਧ ਵਿਚ ਅਮਰਜੀਤ ਸਿੰਘ ਗਰੇਵਾਲ ਦਾ ਨਾਉਂ ਸਭ ਤੋਂ ਵਧੇਰੇ ਉਘੜਵਾ ਹੈ, ਜਦ ਕਿ ਜੁਗਿੰਦਰ ਸਿੰਘ ਕੈਰੋਂ, ਇਕਬਾਲ ਕੌਰ ਸੌਂਧ, ਭੁਪਿੰਦਰ ਸਿੰਘ ਖਹਿਰਾ ਆਦਿ ਕਈ ਹੋਰ ਨਾਂ ਵੀ ਇਸੇ ਸ਼੍ਰੇਣੀ ਵਿਚ ਗਿਣਾਏ ਜਾ ਸਕਦੇ ਹਨ ਜਿਹਨਾਂ ਨੇ ਸਿਧਾਂਤਕ ਜਾਂ ਵਿਹਾਰਕ ਪੱਧਰ 'ਤੇ ਇਸ ਦਿਸ਼ਾ ਵਿਚ ਕੰਮ ਕੀਤਾ ਹੈ। ਮਾਰਕਸਵਾਦੀ ਸੋਚ ਵਾਲੇ ਵਿਦਵਾਨਾਂ ਟੀ. ਆਰ. ਵਿਨੋਦ, ਗੁਰਬਖਸ਼ ਸਿੰਘ ਫਰੈਂਕ, ਜਸਵਿੰਦਰ ਸਿੰਘ ਆਦਿ ਨੇ ਵੀ ਇਸ ਸੰਬੰਧ ਵਿਚ ਕੁਝ ਸਿਧਾਂਤਕ ਪੱਧਰ ਦਾ ਕਾਰਜ ਨੇਪਰੇ ਚਾੜ੍ਹਿਆ ਹੈ। ਇਸ ਵਿਚ ਕੋਈ ਸੰਦੇਹ ਨਹੀਂ ਹੋ ਸਕਦਾ ਕਿ ਕਿਸੇ ਵੀ ਸਾਹਿਤ-ਰਚਨਾ ਦੀ ਸਹੀ ਪਛਾਣ ਉਸਦੇ ਵਿਸ਼ੇਸ਼ ਇਤਿਹਾਸਕ, ਸਮਾਜਕ, ਸਭਿਆਚਾਰਕ ਸੰਦਰਭ ਵਿਚ ਹੀ ਹੋ ਸਕਦੀ ਹੈ, ਅਤੇ ਇਹ ਗੱਲ ਤਥਾ ਕਥਿਤ ਆਧੁਨਿਕ ਚਿੰਤਕਾਂ ਨੂੰ, ਜੋ ਪੱਛਮ ਦੇ ਤਥਾ ਕਥਿਤ ਵਿਕਸਿਤ ਮਾਡਲਾਂ ਨੂੰ ਅਪਨਾਉਣਾ ਹੀ ਆਪਣਾ ਧਰਮ ਸਮਝਦੇ ਹਨ, ਸਮਝਣੀ ਵਧੇਰੇ ਲਾਹੇਵੰਦ ਹੋ ਸਕਦੀ ਹੈ। ਪਰ ਮਹਿਜ਼ ਕਿਸੇ ਇਕ ਲਿਖਤ ਜਾਂ ਕਿਸੇ ਰਚਨਾਕਾਰ ਦੀ ਸਮੁੱਚੀ ਲਿਖਤ ਵਿੱਚੋਂ ਮੁੜ ਮੁੜ ਉਭਰਦੀਆਂ ਰੂੜ੍ਹੀਆਂ ਦੀ ਗਿਣਤੀ ਕਰਨਾ



ਜਾਂ ਮਹਿਜ਼ ਲੋਕ-ਧਾਰਾ ਨੂੰ ਹੀ ਸਮੁੱਚੇ ਸਭਿਆਚਾਰ ਦਾ ਬਦਲ ਸਮਝਕੇ ਗੱਲ ਕਰਦੇ ਜਾਣਾ ਇਸ ਪਹੁੰਚ ਦੀ ਵੱਡੀ ਕਮਜ਼ੋਰੀ ਹੈ, ਜਿਸਦਾ ਇਸ ਪਹੁੰਚ ਨੂੰ ਅਪਨਾਉਣ ਵਾਲੇ ਬਹੁਤ ਸਾਰੇ ਵਿਦਵਾਨ ਸ਼ਿਕਾਰ ਹਨ। ਇਹ ਪਹੁੰਚ ਆਪਣੇ ਵਿਰਸੇ ਪ੍ਰਤੀ ਬੇਲੋੜੇ ਮੋਹ ਨੂੰ ਉਤਸ਼ਾਹਤ ਕਰਨ ਅਤੇ ਸਮਾਂ ਵਿਹਾ-ਚੁੱਕੀਆਂ ਕਦਰਾਂ-ਕੀਮਤਾਂ ਨੂੰ ਹੀ ਆਦਰਸ਼ ਵਜੋਂ ਉਭਾਰਨ ਦੀ ਗਲਤੀ ਦਾ ਵੀ ਸ਼ਿਕਾਰ ਹੋ ਸਕਦੀ ਹੈ। ਪਰ ਜੇ ਇਹ ਪਹੁੰਚ ਗੰਭੀਰਤਾ ਤੇ ਜ਼ਿੰਮੇਵਾਰੀ ਨਾਲ ਅਪਨਾਈ ਜਾਂਦੀ ਹੈ ਤਾ ਇਹ ਨਿਸਚੇ ਹੀ ਸਮਕਾਲੀ ਸਾਹਿਤ-ਆਲੋਚਨਾ ਦਾ ਚੰਗਾ ਭਾਗ ਸਾਬਤ ਹੋ ਸਕਦੀ ਹੈ।

ਮੋਟੇ ਤੌਰ 'ਤੇ ਇਹੀ ਪ੍ਰਮੁੱਖ ਦ੍ਰਿਸ਼ਟੀਆਂ ਤੇ ਪਰਿਪਾਟੀਆਂ ਹਨ ਜਿਨ੍ਹਾਂ ਅਨੁਸਾਰ ਸਮਕਾਲੀ ਸਾਹਿਤ-ਆਲੋਚਨਾ ਦੀ ਗਤੀ-ਵਿਧੀ ਚੱਲ ਰਹੀ ਹੈ ਅਤੇ ਇਹਨਾਂ ਸਭਨਾਂ ਵਿਚ ਹੀ ਬਹੁਤ ਕੁਝ ਸਾਰਥਕ ਹੈ ਤੇ ਕਾਫੀ ਕੁਝ ਤਿਆਗਣ ਯੋਗ। ਪਰ ਸਮੁੱਚੀ ਸਾਹਿਤ-ਆਲੋਚਨਾ ਵਿਚ ਜੋ ਘਾਟ ਹੁਣ ਵੀ ਬਹੁਤ ਰੜਕ ਰਹੀ ਹੈ, ਉਹ ਹੈ ਵਿਸ਼ੇਸ਼ੀਕ੍ਰਿਤ ਆਲੋਚਨਾ ਦਾ ਅਭਾਵ। ਨਿਰਸੰਦੇਹ ਕਿਸੇ ਨਿਸਚਿਤ ਪਹੁੰਚ ਨਾਲ ਸਮੁੱਚੇ ਸਾਹਿਤ-ਸਭਿਆਚਾਰ ਦਾ ਬਹੁਤ ਢੁਕਵਾਂ ਮੁੱਲਾਂਕਣ ਹੋ ਸਕਦਾ ਹੈ। ਪਰ ਇਕ ਸਾਹਿਤ-ਆਲੋਚਕ ਲਈ ਵਾਸਤਵਿਕ ਰੂਪ ਵਿਚ ਹੀ ਇਹ ਸੰਭਵ ਨਹੀਂ, ਕਿ ਉਹ ਸਭਨਾਂ ਪਾਸੇ ਕਲਮ ਚਲਾ ਕੇ ਆਲੋਚਨਾ ਦੇ ਕਾਰਜ ਨਾਲ ਤੇ ਆਪਣੇ ਆਪ ਨਾਲ ਨਿਆਂ ਕਰ ਸਕੇ। ਕਈ ਸਾਹਿਤ-ਆਲੋਚਕ ਤਾਂ ਸਾਡੀ ਜ਼ੁਬਾਨ ਵਿਚ ਅਜਿਹੇ ਵੀ ਹਨ ਜੋ ਸਾਹਿਤ ਦੀਆਂ ਸਭਨਾਂ ਵਿਧਾਵਾਂ, ਪੰਜਾਬੀ ਸਾਹਿਤ ਦੇ ਸਭਨਾਂ ਇਤਿਹਾਸਕ ਕਾਲਾਂ ਅਤੇ ਵਿਭਿੰਨ ਸਾਹਿਤਕ ਧਾਰਾਵਾਂ ਉਤੇ ਆਲੋਚਨਾ ਕਰਨਾ ਆਪਣੀ ਵਿਦਵਤਾ ਦੇ ਅਨੁਕੂਲ ਹੀ ਨਹੀਂ ਸਮਝਦੇ, ਉਹ ਸਗੋਂ ਸਭਿਆਚਾਰਕ ਪ੍ਰਗਟਾ ਦੇ ਹੋਰ ਰੂਪਾਂ-ਚਿਤਰਕਲਾ, ਨਿਰਤ, ਸੰਗੀਤ ਕਲਾ, ਫਿਲਮਾਂ, ਥੀਏਟਰ ਆਦਿ-ਬਾਰੇ ਵੀ ਆਪਣੀ 'ਮਾਹਿਰ ਰਾਇ' ਦਰਸਾਉਣ ਤੋਂ ਨਹੀਂ ਝਿਜਕਦੇ। ਇਕ ਸਾਹਿਤ-ਆਲੋਚਕ ਲਈ ਇਸ ਤਰ੍ਹਾਂ ਦੀ ਬਹੁ-ਪਾਸਾਰੀ ਆਲੋਚਨਾਤਮਕ ਸਰਗਰਮੀ ਬਹੁਤੀ ਸਾਰਥਕ ਨਹੀਂ। ਇਸ ਤੱਥ ਨੂੰ ਧਿਆਨ ਗੋਚਰੇ ਕਰਦਿਆਂ ਹੋਇਆਂ ਹੁਣ ਕੁਝ ਵਿਦਵਾਨਾਂ ਵੱਲੋਂ ਕਿਸੇ ਵਿਸ਼ੇਸ਼ ਖੇਤਰ ਤਕ ਸੀਮਤ ਰਹਿਣ ਦੀ ਸਲਾਹੁਣਯੋਗ ਰੁਚੀ ਦਾ ਉਦੈ ਹੋਇਆ ਹੈ। ਉਦਾਹਰਨ ਵਜੋਂ ਜੁਗਿੰਦਰ ਸਿੰਘ ਰਾਹੀ, ਟੀ. ਆਰ. ਵਿਨੋਦ ਅਤੇ ਸ. ਪ. ਸਿੰਘ ਵਰਗੇ ਸਥਾਪਤ ਆਲੋਚਕਾਂ ਤੋਂ ਬਿਨਾ ਮੁਕਾਬਲਤਨ ਨਵੇਂ ਆਲੋਚਕਾਂ ਸੁਖਦੇਵ ਸਿੰਘ ਖਾਹਰਾ, ਸਤੀਸ਼ ਕੁਮਾਰ ਵਰਮਾ, ਬਲਦੇਵ ਸਿੰਘ ਧਾਲੀਵਾਲ, ਧਨਵੰਤ ਕੌਰ ਅਤੇ ਹਰਚੰਦ ਸਿੰਘ ਬੇਦੀ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ,ਜਿਨ੍ਹਾਂ ਕਹਾਣੀ, ਨਾਵਲ, ਨਾਟਕ ਆਦਿ ਵਿਚੋਂ ਕਿਸੇ ਇਕ ਵਿਧਾ ਨੂੰ ਚੁਣਕੇ ਜਾਂ ਪਰਵਾਸੀ ਸਾਹਿਤ ਤਕ ਆਪਣੇ ਆਲੋਚਨਾ-ਕਾਰਜ ਨੂੰ ਸੀਮਤ ਕਰਨ ਦਾ ਸਚੇਤ ਯਤਨ ਕੀਤਾ ਹੈ। ਮੱਧਕਾਲੀ ਸਾਹਿਤ ਦੀ ਖੋਜ ਤੇ ਆਲੋਚਨਾ ਨਾਲ ਜੁੜੇ ਪਹਿਲੀ ਪੀੜ੍ਹੀ ਦੇ ਵਿਦਵਾਨਾਂ ਨੇ ਵੀ ਇਹ ਰੁਚੀ ਵਿਖਾਈ ਸੀ, ਜੋ ਸੰਬੰਧਤ ਵਿਦਵਾਨਾਂ ਦੀਆਂ ਸੀਮਾਵਾਂ ਦੇ ਬਾਵਜੂਦ ਸਲਾਹੁਣਯੋਗ ਸੀ। ਹੁਣ ਇਸ ਪ੍ਰਵਿਰਤੀ ਨੂੰ ਵਧੇਰੇ ਉਭਾਰਨ ਦੀ ਲੋੜ ਹੈ। ਨਿਰੋਲ ਨਾਟਕ, ਰੰਗਮੰਚ, ਕਹਾਣੀ, ਕਵਿਤਾ, ਪਰਵਾਸੀ ਸਾਹਿਤ,ਆਲੋਚਨਾ ਤੇ ਨਿਰੋਲ ਸਿਧਾਂਤਕ ਪ੍ਰਸ਼ਨਾ ਨਾਲ ਜੁੜੇ ਪਰਚੇ ਹਾਲੇ ਭਾਵੇਂ ਮੁਢਲੇ ਪੜਾਵਾਂ ਵਿਚ ਹੀ ਹਨ, ਅਤੇ ਕੁਝ ਅਸੁਖਾਵੇਂ ਹਾਲਾਤ ਕਰਨ ਥੋੜਾ ਸਮਾਂ ਚੱਲ ਕੇ ਬੰਦ ਵੀ ਹੋ ਗਏ ਹਨ, ਜਿਵੇਂ 'ਮੰਚਨ', 'ਕਹਾਣੀ ਪੰਜਾਬ', 'ਪਰਵਾਸ', 'ਆਲੋਚਨਾ' ਆਦਿ। ਪਰ ਇਹਨਾ ਵਿਚ ਸਮੱਗਰੀ ਜੁਟਾਉਣ ਲਈ ਅਤੇ ਸਮੁੱਚੀ ਸਾਹਿਤ-ਆਲੋਚਨਾ ਲਈ ਵੀ ਇਸ ਤਰ੍ਹਾਂ ਦੀ ਵਿਸ਼ੇਸ਼ੀਕ੍ਰਿਤ ਆਲੋਚਨਾ ਵਧੇਰੇ ਸਾਰਥਕ ਸਿੱਧ ਹੋਵੇਗੀ। ਇਵੇਂ ਹੀ ਜੇ ਕੁਝ ਵਿਦਵਾਨ ਆਲੋਚਕ ਆਪਣੇ ਆਪ ਨੂੰ ਪੁਸਤਕ ਸਮੀਖਿਆ ਤਕ ਹੀ ਸੀਮਤ ਰੱਖ ਰਹੇ ਹਨ ਤਾਂ ਇਸਨੂੰ ਵੀ ਉਹਨਾਂ ਦੀ ਸੀਮਾ ਮਿਥਣ ਦੀ ਥਾਂ ਵਿਸ਼ੇਸ਼ੀਕ੍ਰਿਤ ਆਲੋਚਨਾ ਦੇ ਇਕ ਅੰਗ ਵਜੋਂ ਪ੍ਰਸ਼ੰਸਾਭਾਵੀ ਨਜ਼ਰ ਨਾਲ ਵੇਖਣਾ ਹੀ ਉਚਿਤ ਹੈ। ਇਸ ਸੰਬੰਧ ਵਿਚ ਬ੍ਰਹਮ ਜਗਦੀਸ਼ ਸਿੰਘ, ਅਵਤਾਰ ਸਿੰਘ ਜੌੜਾ, ਸੁਰਜੀਤ ਜੱਜ ਵਰਗੇ ਸਮੀਖਿਆਕਾਰਾਂ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ।

ਸਮਕਾਲੀ ਸਾਹਿਤ-ਆਲੋਚਨਾ ਬਾਰੇ ਗੱਲ ਮੁਕਾਉਣ ਤੋਂ ਪਹਿਲਾਂ ਉਸ ਆਲੋਚਨਾ ਦਾ ਜ਼ਿਕਰ ਕਰਨਾ ਮੁਨਾਸਬ ਜਾਪਦਾ ਹੈ, ਜੋ ਏਧਰਲੇ ਪੰਜਾਬ ਤੋਂ ਬਾਹਰ ਯਾਨੀ ਪਾਕਿਸਤਾਨ ਅਤੇ ਬਦੇਸ਼ਾਂ ਵਿਚ ਹੋ ਰਹੀ ਹੈ। ਪਾਕਿਸਤਾਨ ਵਿਚ ਕਿਉਂਕਿ ਸਾਹਿਤ-ਸਿਰਜਣਾ ਹੀ ਆਕਾਰ ਤੇ ਪੱਧਰ ਦੇ ਪੱਖ ਤੋਂ ਹਾਲੇ ਬਹੁਤ ਪਛੜੀ ਹੋਈ ਹੈ, ਇਸ ਲਈ ਉਥੇ ਸਾਹਿਤ-ਆਲੋਚਨਾ ਵਿਚ ਕੋਈ ਵੱਡੀ ਪ੍ਰਾਪਤੀ ਹੋ ਸਕੇ, ਅਜਿਹੀ ਗੱਲ ਸੰਭਵ ਨਹੀਂ। ਤਦ ਵੀ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪੰਜਬੀ ਦਾ ਸ਼ੁਅਬਾ ਮੌਜੂਦ ਹੈ, ਜਿਥੇ ਐਮ. ਏ. ਪੰਜਾਬੀ ਦੀ ਪੜ੍ਹਾਈ ਤੋਂ ਬਿਨਾ ਪੀ. ਐਚ. ਡੀ. ਦੀ ਡਿਗਰੀ ਲਈ ਖੋਜ ਤੇ ਆਲੋਚਨਾ ਦਾ ਕਾਰਜ ਹੁੰਦਾ ਹੈ। ਇਸ ਕਰਕੇ ਸ਼ਾਹਬਾਜ਼ ਮਲਿਕ ਵਰਗੇ ਕੁਝ ਵਿਅਕਤੀਆਂ ਦੇ ਖੋਜ ਕਾਰਜ ਦਾ ਏਧਰ ਵੀ ਪਤਾ ਚਲਦਾ ਹੈ। ਪਰ ਅਸਲੇ ਅਸਲੀ ਉਧਰਲੇ ਪੰਜਾਬ ਵਿਚ ਇਕੋ ਇਕ ਗਿਣਨਯੋਗ ਆਲੋਚਕ ਨਜਮ ਹੁਸੈਨ ਸਯਦ ਹੀ ਹੈ, ਜਿਸਦੀ ਆਲੋਚਨਾ ਦਾ, ਵਾਜਬ ਤੌਰ 'ਤੇ, ਏਧਰ ਵੀ ਯੋਗ ਮੁੱਲ ਪਿਆ ਹੈ। ਕੁਝ ਵਿਦਵਾਨ ਸਯਦ ਨੂੰ ਸੇਖੋਂ ਅਤੇ ਕਿਸ਼ਨ ਸਿੰਘ ਦੇ ਤੁਲ ਪੰਜਾਬੀ ਦਾ ਸਿਰਮੌਰ ਆਲੋਚਕ ਆਖਣ ਤਕ ਗਏ ਹਨ। ਸਯਦ ਦੀ ਪਹੁੰਚ ਮੁਖ ਤੌਰ ਉਤੇ ਸਮਾਜ ਵਿਗਿਆਨਕ ਪਹੁੰਚ ਹੈ ਅਤੇ ਉਸ ਦੀ ਵਿਸ਼ੇਸ਼ਤਾ ਰਚਨਾ ਦਾ ਦੀਰਘ ਅਧਿਐਨ ਕਰਨ ਵਿਚ ਹੈ। ਭਾਵੇਂ ਇਸ ਯਤਨ ਵਿਚ ਉਹ ਵੀ ਕਿਸ਼ਨ ਸਿੰਘ ਵਾਂਗ ਆਪਣੇ ਤਰਕ ਨੂੰ ਲੋੜੋਂ ਵੱਧ ਦੂਰੀ ਤਕ ਲੈ ਜਾਂਦਾ ਹੈ। ਪਰ ਉਸਦੀ ਆਲੋਚਨਾ ਡੂੰਘੇ ਅਧਿਐਨ ਅਤੇ ਇਕ ਨਿਸਚਿਤ ਪਹੁੰਚ ਦਾ ਪ੍ਰਮਾਣ ਅਵੱਸ਼ ਦਿੰਦੀ ਹੈ। ਮੱਧਕਾਲੀ ਸੂਫੀ ਤੇ ਕਿੱਸਾ ਕਵੀਆਂ ਬਾਰੇ ਉਸ ਦੀਆਂ ਧਾਰਨਾਵਾਂ ਬਹੁਤ ਵਿਚਾਰ-ਉਤੇਜਕ ਹਨ। ਇੰਝ ਹੀ ਬਦੇਸ਼ਾਂ ਵਿਚ ਜਿਥੇ ਚੋਖੀ ਪੰਜਾਬੀ ਸਿਰਜਣਾਤਮਕ ਸਾਹਿਤਕ ਸਰਗਰਮੀ ਹੋ ਰਹੀ ਹੈ, ਉਥੇ ਆਲੋਚਨਾ ਦੇ ਖੇਤਰ ਵਿਚ ਵੀ ਕੁਝ ਸ਼ੁਰੂਆਤ ਹੋਈ ਹੈ। ਇੱਕੜ ਦੁੱਕੜ ਰਚਨਾ ਬਾਰੇ, ਲੇਖਕ ਨਾਲ ਆਪਣੇ ਨੇੜ ਜਾਂ ਦੂਰੀ ਅਨੁਸਾਰ, ਦੇਸ਼ ਵਾਂਗ ਹੀ, ਬਦੇਸ਼ਾਂ ਵਿਚ ਵੀ ਭਾਵੇਂ ਪ੍ਰਸ਼ੰਸਾ ਜਾਂ ਨਿੰਦਾ ਦੀ ਉਭਰਵੀਂ ਸੁਰ ਵਾਲੇ ਕੁਝ ਆਲੋਚਨਾਤਮਕ ਲੇਖ ਅਕਸਰ ਲਿਖੇ ਜਾਂਦੇ ਹਨ, ਪਰ ਆਲੋਚਕਾਂ ਵਜੋਂ ਜੇ ਕੋਈ ਨਾਉਂ ਗਿਣਨਯੋਗ ਹਨ ਤਾਂ ਉਹ ਹਨ ਹਰਬਖਸ਼ ਮਕਸੂਦਪੁਰੀ, ਜੁਗਿੰਦਰ ਸ਼ਮਸ਼ੇਰ, ਸਵਰਨ ਚੰਦਨ ਤੇ ਪ੍ਰੀਤਮ ਸਿੰਘ ਕੈਂਥੇ। ਇਹ ਸਾਰੇ ਆਲੋਚਕ ਵੀ ਸਾਹਿਤ ਦੀ ਮੁਖ ਆਲੋਚਨਾ ਧਾਰਾ ਵਾਂਗ ਮਾਰਕਸਵਾਦੀ ਪਹੁੰਚ ਦੇ ਧਾਰਨੀ ਹਨ, ਪਰ ਏਧਰਲੀ ਸਾਹਿਤ-ਆਲੋਚਨਾ ਦੀ ਵੱਡੀ ਕਮਜ਼ੋਰੀ ਵਾਂਗ ਉਹ ਵੀ ਸੀਮਤ ਅਧਿਐਨ ਅਤੇ ਆਪ-ਹੁਦਰੇ ਨਿਰਣਿਆਂ ਉਤੇ ਪਹੁੰਚਣ ਦੀ ਕਮਜ਼ੋਰੀ ਤੋਂ ਮੁਕਤ ਨਹੀਂ।

ਸਾਹਿਤ-ਆਲੋਚਨਾ ਨੂੰ ਹਾਲੇ ਵੀ ਦੂਜੀ ਪੱਧਰ ਦਾ ਸਾਹਿਤਕ ਕਾਰਜ ਮੰਨਿਆ ਜਾਂਦਾ ਹੈ। ਇਕ ਬੰਨੇ ਸਿਰਜਣਾਤਮਕ ਲੇਖਕ, ਜਿਨ੍ਹਾਂ ਦਾ ਉਹਨਾਂ ਦੀ ਉਮੀਦ ਅਨੁਸਾਰ ਲੋੜੀਂਦੀ ਮਾਤਰਾ ਵਿਚ ਜਾਂ ਪ੍ਰਸ਼ੰਸਾਭਾਵੀ ਰੂਪ ਵਿਚ ਆਲੋਚਕਾਂ ਵੱਲੋਂ ਨੋਟਿਸ ਨਹੀਂ ਲਿਆ ਜਾਂਦਾ, ਸਮੁੱਚੀ ਸਾਹਿਤ-ਆਲੋਚਨਾ ਨੂੰ ਅਤੇ ਆਲੋਚਕ ਦੇ ਕਰੱਤਵ ਨੂੰ ਨਿਕਾਰਨ ਵਿਚ ਤਸੱਲੀ ਅਨੁਭਵ ਕਰਦੇ ਹਨ। ਦੂਜੇ ਬੰਨੇ ਲਗਪਗ ਹਰ ਸਾਹਿਤ-ਆਲੋਚਕ ਹੁਣ ਵੀ ਇਸ ਕਮਤਰੀ ਅਹਿਸਾਸ ਦਾ ਸ਼ਿਕਾਰ ਹੈ ਕਿ ਉਹ ਸਿਰਜਣਾਤਮਕ ਲੇਖਕ ਨਹੀਂ। ਇਸ ਲਈ ਸਿਰਜਣਾਤਮਕ ਲੇਖਕਾਂ ਵੱਲੋਂ ਸਮੇਂ ਸਮੇ ਸਾਹਿਤ-ਆਲੋਚਨਾ ਵੱਲ ਮੁੜਨ ਅਤੇ ਸਾਹਿਤ-ਆਲੋਚਕਾਂ ਵੱਲੋਂ ਸਿਰਜਣਾਤਮਕ ਖੇਤਰ ਵਿਚ ਕੁਝ ਪ੍ਰਾਪਤੀ ਕਰਨ ਦੀ ਅਕਾਂਖਿਆ ਹੁਣ ਵੀ ਵੇਖਣ ਵਿਚ ਆਉਂਦੀ ਹੈ। ਏਸੇ ਕਰਕੇ ਪੰਜਾਬੀ ਦੇ ਸਮਕਾਲੀ ਸਾਹਿਤ-ਸੰਸਾਰ ਵਿਚੋਂ ਸਫਲ ਅਤੇ ਅਸਫਲ ਲੇਖਕ-ਆਲੋਚਕਾਂ ਜਾਂ ਆਲੋਚਕ-ਲੇਖਕਾਂ ਦੀ ਵੱਡੀ ਸੂਚੀ ਬਣ ਸਕਦੀ ਹੈ। ਪਰ ਹੋਵੇਗੀ ਇਹ ਮਹਿਜ਼ ਸੂਚੀ ਹੀ, ਕਿਉਂਕਿ ਇਹਨਾਂ ਦੀ ਲਿਖਤ ਵਿਚੋਂ ਸਾਰਥਕ ਸਾਹਿਤ-ਅਲੋਚਨਾ ਵਾਲੀ ਗੱਲ ਸ਼ਾਇਦ ਘੱਟ ਹੀ ਲੱਭੀ ਜਾ ਸਕੇ।

[1728, ਸੈਕਟਰ 43-ਬੀ, ਚੰਡੀਗੜ੍ਹ-160022]



## ਮੁਖ ਧਾਰਾ / ਪਿਆਰਾ ਸਿੰਘ ਸਹਿਰਾਈ

ਮੁਖ ਧਾਰਾ ਤੋਂ ਅਸੀਂ ਬਿਗਾਨੇ!
ਸਾਡੇ ਲਈ ਰਹੱਸ ਰਹੀ ਇਹ, ਕਿਥੇ ਵਹਿੰਦੀ;
ਕਿਹੜਾ ਸੋਮਾ, ਕਿਥੋਂ ਚੱਲੀ?
ਕਿਹੜੇ ਪੜਾ ਇਨ੍ਹੇ ਤੈ ਕੀਤੇ? ਕਿਥੇ ਅਪੜੀ?
ਕਿਹੜੀ ਮੰਜ਼ਿਲ ਇਸ ਧਾਰਾ ਦੀ?

ਜਿਸ ਧਾਰਾ ਵਿਚ ਤੁਸੀਂ ਵਹਿ ਰਹੇ, ਸਾਨੂੰ ਇਸ 'ਚੋਂ ਸੇਕ ਹੈ ਆਉਂਦਾ!
ਇਸ ਵਿਚ ਨਾਗ ਸ਼ੂਕਦੇ ਸੁਣਦੇ, ਅੱਗਾਂ ਉਗਲ ਰਹੇ ਅਜ਼ਦਹੇ
ਇਸ ਵਿਚ ਚੀਤੇ ਕਰਦੇ ਹੱਲੇ
ਇਸ ਵਿਚ ਲੜ ਲੜ ਹੋਵਣ ਝੱਲੇ, ਜੰਗਲੀ ਝੋਟੇ, ਬਾਘੜ ਬਿੱਲੇ!
ਆਦਮ-ਬੂ, ਆਦਮ-ਬੂ ਕਰਦੇ, ਕਾਲੇ ਪਰਬਤ ਦੇ ਦੇਅ ਜਿੱਦਾਂ-- ਤੁਸੀਂ ਅਮਾਣੁਸ !
ਨਾਲੇ ਵੇਖਾਂ, ਖੱਪਰ ਲੈ ਕਲਜੋਗਣਾਂ ਨੱਸਣ ਲਹੂ ਤਿਹਾਈਆਂ!

ਏਥੇ ਕਿਤੇ ਨਾ ਪੰਛੀ ਗਾਉਂਦੇ, ਕਿਤੇ ਨਾ ਦਿਸਦੇ ਫੁੱਲ ਮੁਸਕਾਉਂਦੇ
ਨਾ ਠੰਢਕ ਏਥੇ ਤਨ, ਮਨ ਦੀ, ਅੱਗ-ਖਾਣਾ ਇਹ ਆਲਮ ਸਾਰਾ!
ਅੱਗਾਂ ਉਗਲਣ ਜਿਸ ਦੇ ਕੰਢੇ, ਅੱਗ ਨਾਲ ਭਰਿਆ ਢਿੱਡ ਜਿਸ ਦਾ
ਅਗਨੀ-ਲਾਟਾਂ ਜੀਹਦੀਆਂ ਜੀਭਾਂ, ਅੱਗ ਦੀਆਂ ਈ ਹੈਣ ਭੁਜਾਵਾਂ
ਤੇ ਅੱਖਾਂ ਭਖਦੇ ਅੰਗਿਆਰੇ-ਇਹ ਤਾਂ ਨਿਰੀ ਨਰਕ ਦੀ ਝਾਕੀ!
ਇਹਦਾ ਵਾਸੀ ਬਣਾਂ ਤਾਂ ਕਿੱਦਾਂ
'ਧੰਨਵਾਦ' ਤੁਹਾਡੇ ਸੱਦੇ ਦਾ, ਮੈਨੂੰ ਨਾ ਮਨਜ਼ੂਰ ਇਹ ਧਾਰਾ!

ਇਸ ਤੋਂ ਬਾਹਰ ਠੰਢਾ ਠੰਢਾ -
ਚਿੜੀਆਂ ਚਿਰ ਚਿਰ ਕਰਦੀਆਂ ਚੂਕਣ, ਅੰਬੀਆਂ 'ਤੇ ਬਹਿ ਕੋਇਲਾਂ ਕੂਕਣ
ਘੁਗੀਆਂ ਪੱਬਾਂ-ਭਾਰ ਟੁਰਦੀਆਂ, ਮਟਕ ਮਟਕ ਟੁਰਦੀਆਂ ਗਟਾਰਾਂ
ਮੋਰਨੀਆਂ ਨੂੰ ਪਏ ਰੀਝਾਂਦੇ, ਮੋਰ ਮਸਤ ਹੋ ਪੈਲਾਂ ਪਾਉਂਦੇ
ਖੀਵੇ ਹੋਏ ਗਾਉਂਦੇ ਝਰਨੇ, ਕਲ-ਕਲ ਕਲ-ਕਲ ਕਰਦੀਆਂ ਕੂਹਲਾਂ
ਚੁੰਗੀਆਂ ਭਰਦੀਆਂ ਨੇ ਮ੍ਰਿਗ-ਡਾਰਾਂ।
ਭੌਰੇ ਗੂੰਜਣ ਅਤੇ ਤਿਤਲੀਆਂ ਫੁੱਲਾਂ ਨਾਲ ਕਰਨ ਸਰਗੋਸ਼ੀ!
ਝੀਲਾਂ ਦਿਆਂ ਨੈਣਾਂ ਵਿਚ ਸੁਪਨੇ, ਨਦੀਆਂ ਦੀ ਬੁੱਕਲ ਵਿਚ ਖੁਸ਼ੀਆਂ!

ਠੀਕ, ਏਥੇ ਤੂਫਾਨ ਵੀ ਆਉਂਦੇ, ਠੀਕ, ਏਥੇ ਝੱਖੜ ਨੇ ਝੁਲਦੇ
ਠੀਕ, ਏਥੇ ਤੂਫ਼ਾਨੀ ਛਹਿਬਰ, ਏਥੇ ਗੜੇਮਾਰ ਵੀ ਹੁੰਦੀ।

ਠੀਕ, ਵਿਨਾਸ਼ ਬੜਾ ਹੈ ਹੁੰਦਾ. ਆਉਂਦੀਆਂ ਜਦੋਂ ਅੱਗ ਦੀਆਂ ਲਾਟਾ
ਇਸ ਤੁਹਾਡੀ ਮੁਖ ਧਾਰਾ ਵੱਲੋਂ
ਸੜਦੀਆਂ ਛੰਨਾਂ, ਸੜਦੇ ਢਾਰੇ, ਆਸਰਾ ਢੂੰਡਣ ਲੋਕ ਵਿਚਾਰੇ
ਕੁਝ ਚਿਰ ਫਿਰਦੇ ਮਾਰੇ ਮਾਰੇ, ਮੁੜ ਛੱਤ ਲੈਂਦੇ ਅਪਣੇ ਢਾਰੇ!
ਉਡਦੇ ਨ੍ਹੇਰੇ, ਸਰਘੀ ਹੁੰਦੀ।

ਲੋਅ ਲਗਦੀ ਤਾਂ ਗਾਉਂਦੇ ਪੰਛੀ, ਤੇ ਇਹਨਾਂ ਸੰਗ ਗਾਉਣ ਸਵੇਰੇ
ਮੁੜ ਫੁੱਲਾਂ 'ਤੇ ਤਿਤਲੀਆਂ ਉਡਣ, ਮੁੜ ਘਾਹ ਗਾਉਂਦੇ, ਮੁੜ ਫੁਲ ਹਸਦੇ
ਚੁੰਗੀਆਂ ਭਰਨ ਹਿਰਨ ਮੁੜ ਬੇਲੇ!
ਮੁੜ ਚਿੜੀਆ ਦੀ ਚਿਰ-ਚਿਰ ਸੁਣਦੀ - ਤੇ ਕੁਦਰਤ ਮੁੜ ਸੁਪਨਾ ਬੁਣਦੀ।
ਗੁੰਗੀ ਕਿਰਤ ਗਾਉਣ ਮੁੜ ਲਗਦੀ ਹੈ, ਮੁੜ ਹਲ ਦੀ ਹੱਥੀ ਫੜਦੀ
ਜਾਲ ਸੁਟਦੀ ਮੁੜ ਸਾਗਰ ਵਿਚ, ਗੁਣਗੁਣਾਉਣ ਲੱਗਣ ਮੁੜ ਨਦੀਆ-
ਸਾਨੂੰ ਤਾਂ ਪਿਆਰੀ ਇਹ ਧਾਰਾ-ਅਪਣੀ ਧਾਰਾ।

ਸਾਡੀ ਧਾਰਾ. ਤੁਹਾਡੀ ਧਾਰਾ, ਨਾਲੋ ਨਾਲ ਵਹਿੰਦੀਆਂ ਵੇਖਾਂ
ਕਦੇ ਕਦੇ ਟਕਰਾਉਂਦੀਆਂ ਵੀ ਨੇ--
ਓਦੋਂ ਹੀ ਤੂਫ਼ਾਨ ਨੇ ਆਉਂਦੇ, ਕੂੜ ਸੱਚ ਦੇ ਭੇੜ ਨੇ ਹੁੰਦੇ
ਨਿਆਂ ਅਨਿਆਂ ਦੀ ਟੱਕਰ ਹੁੰਦੀ, ਕਿਰਤ ਅ-ਕਿਰਤ 'ਚ ਹੁੰਦੀਆ ਝੜਪਾਂ।

ਅੱਗ ਪਾਣੀ ਦਾ ਮੇਲ ਨਾ ਹੋਵੇ
ਜਾਂ ਪਾਣੀ ਬਣ ਭਾਫ ਉਡਣਾ, ਜਾਂ ਫਿਰ ਅੱਗ ਦੀ ਮੌਤ ਹੈ ਹੋਣੀ।
ਇਹ ਤਾਂ ਵੈਰ-ਵਿਰੋਧ ਦਾ ਨਾਤਾ!

ਕਾਲੀ ਸਿਆਹ, ਉਬਲਦੀ, ਬਲਦੀ
ਹੋਏ ਮੁਬਾਰਕ-ਤੁਹਾਨੂੰ ਇਹ ਤੁਹਾਡੀ ਮੁਖ ਧਾਰਾ!
ਅਸੀਂ ਤਾਂ ਸਾਦ-ਮੁਰਾਦੇ ਜਿਊੜੇ, ਅਸੀਂ ਤਾਂ ਹਾਂ ਫੁੱਲਾਂ ਦੇ ਆਸ਼ਕ
ਅਸੀਂ ਤਾਂ ਹਾ ਸੰਗੀਤ-ਪ੍ਰੇਮੀ, ਹਸਦੇ ਰਲ ਕੇ, ਰੋਂਦੇ ਰਲ ਕੇ
ਰਲ ਕੇ ਅਸੀਂ ਭੰਗੜੇ ਪਾਉਂਦੇ, ਬੋਲੀਆਂ ਪਾਉਂਦੇ, ਹੇਕਾਂ ਲਾਉਂਦੇ
ਘਾਲ ਘਾਲਦੇ, ਕਿਰਤ ਕਰੇਂਦੇ-ਕਿਰਤ ਕਰੇਂਦੇ, ਜੀਂਦੇ-ਥੀਂਦੇ
ਜਿਉਣ ਦਿਓ, ਜਾਓ, ਟੁਰ ਜਾਓ!
ਸਾਨੂੰ ਤਾਂ ਆਪਣਾ ਰਾਹ ਪਿਆਰਾ
ਵੇਖੋ, ਏਥੇ ਉਗਿਆ ਸੂਰਜ, ਰੂਹ ਵਿਚ ਵੀ ਲਿਸ਼ਕੇ ਧਰੂ-ਤਾਰਾ
ਏਹੋ ਸਾਡੀ ਜੀਵਨ ਧਾਰਾ!

(ਬੀ-180, ਪਲਾਟ ਨੰਬਰ 8, ਸੈਕਟਰ 13, ਰੋਹਣੀ, ਦਿੱਲੀ)



# ਦੋ ਨਜ਼ਮਾਂ / ਇਕਬਾਲ ਰਾਮੂਵਾਲੀਆ

## 1. ਜੇ ਹੈ ਕਲੀਆਂ ਨੂੰ ਇੰਤਜ਼ਾਰ ਮੇਰੀ

ਜੇ ਹੈ ਕਲੀਆ ਨੂੰ ਇੰਤਜ਼ਾਰ ਮੇਰੀ, ਬਚੀ ਕਿਧਰੇ ਹੈ ਕੁਝ ਬਹਾਰ ਮੇਰੀ
ਮੇਰੇ ਤਣੇ 'ਚ ਹੈ ਘੁਲੀ ਕਿਧਰੇ, ਸੁਣੇਂ ਪੱਤਿਆਂ 'ਚੋਂ ਜੇ ਸਿਤਾਰ ਮੇਰੀ
ਜ਼ੀਨੂੰ ਛਪੜਾਂ 'ਤੇ ਮੈਂ ਛੱਡ ਆਇਆ ਸਾ, ਪੈੜ ਲਭਦਾ ਹੈ ਐਤਵਾਰ ਮੇਰੀ
ਝੀਲ ਵਾਗੂੰ ਜਦੋਂ ਮੈਂ ਜੰਮ ਜਾਵਾ, ਲਾਜ ਰਖਦਾ ਸਦਾ ਬੁਖ਼ਾਰ ਮੇਰੀ
ਜਾ ਤਾਂ ਚਮੜੀ ਦੀ ਜਾਂ ਹੈ ਦਮੜੀ ਦੀ, ਕੌਣ ਕਰਦਾ ਹੈ ਇੰਤਜ਼ਾਰ ਮੇਰੀ
ਮੈਨੂੰ ਗਿਣਨਾ ਹੈ ਤਾਂ ਮੇਰੇ ਅੰਦਰ ਆ, ਕਈਆਂ ਸ਼ਕਲਾਂ ਦੀ ਹੈ ਕਤਾਰ ਮੇਰੀ
ਔੜ ਏਨੀ ਹੈ ਮਿਹਰਬਾਂ ਕਿ ਸਦਾ, ਸੀਨੇ ਰਹਿੰਦੀ ਖਿੜੀ ਕਟਾਰ ਮੇਰੀ

## 2.. ਗੁਲੇਲ ਸਾਂਭ ਕੇ...

ਗੁਲੇਲ ਸਾਂਭ ਕੇ ਲੰਘਿਆ ਹਾਂ ਸੰਖੀਆਂ ਕੋਲੋਂ
ਕਿ ਹੁਣ ਮੈਂ ਉੜਨਾ ਸਿਖ ਰਿਹਾ ਹਾਂ ਪੰਛੀਆ ਕੋਲੋਂ

ਕਿ ਨਵਾਂ ਆਲ੍ਹਣਾ ਜਚੇਗਾ ਟਾਹਣ ਕਿਹੜੀ 'ਤੇ
ਸਲਾਹਾਂ ਲੈਣ ਜਾ ਰਿਹਾ ਹਾਂ ਬਿਜਲੀਆ ਕੋਲੋਂ

ਮੈਂ ਹਰ ਤੂਫਾਨ 'ਚ ਸਾਬਤ ਰਿਹਾ ਅਡੋਲ ਰਿਹਾ
ਜੇ ਡਾਲ ਡਾਲ ਖਿੰਡਰਿਆ ਤਾ ਤਿਤਲੀਆਂ ਕੋਲੋਂ

ਮੈਂ ਗੀਤ ਹੋਣ ਦੇ ਇਲਜ਼ਾਮ ਤੋਂ ਬਚ ਜਾਣਾ ਸੀ
ਕਿਤੇ ਅਚੇਤ ਹੀ ਲੰਘਦਾ ਨਾ ਜੇ ਸੁਰਾਂ ਕੋਲੋਂ

ਚਿਰਾਗ਼ ਵਾਸਤੇ ਉਡਦੇ ਨੇ ਹੁਣ ਵੀ ਪਰਵਾਨੇ
ਘਰੀਂ ਜਾ ਲੁਕਦੇ ਨੇ ਪਰ ਡਰ ਕੇ ਜੁਗਨੂੰਆਂ ਕੋਲੋਂ

ਹਰੇਕ ਚਸ਼ਮ ਹਰ ਨਦੀ ਸੀ ਹਰ ਘੜਾ ਖਾਲੀ
ਸਦਾ ਬੇਅੰਤ ਨੀਰ ਮਿਲਿਆ ਛਾਲਿਆਂ ਕੋਲੋਂ

[341, Hansen Road North, Brampton, Ont. Canada, L6V 22]

## ਖਤਰਾ / ਰਵਿੰਦਰ ਸਹਿਰਾ

ਬਿਜਲਈ ਤਾਰਾ ਵਾਲੇ ਸੁਰੱਖਿਆ ਅਲਾਰਮ ਤਾਂ
ਸਿਰਫ ਦਿਖਾਵਾ ਹਨ, ਨਿਰਾ ਭਰਮ ਜਲ।
ਘਰਾਂ ਨੂੰ ਖਤਰਾ ਹੈ ਅੱਜ ਕਲ, ਘਰ ਦੀਆਂ ਹੀ ਦੀਵਾਰਾਂ ਦੇ ਹੱਥੋਂ।

ਚੋਰ ਡਾਕੂ ਤੇ ਲੁਟੇਰੇ, ਜਾਂ ਜਬਰ ਜਨਾਹ ਕਰਨ ਵਾਲੇ ਤਾਂ
ਮੌਕਾ ਤਾੜ ਕੇ ਵੜਦੇ ਹਨ।
ਗੁਆਂਢ 'ਚ ਕੁੱਤਾ ਭੌਂਕਣ 'ਤੇ, ਨਿੱਕਾ ਜਿਹਾ ਖੜਾਕ ਹੋਵਣ 'ਤੇ
ਉਨ੍ਹਾਂ ਦੇ ਪੈਰ ਭੱਜ ਖੜਦੇ ਹਨ।

ਘਰ ਤਾਂ ਲੁੱਟ ਰਹੇ ਨੇ ਅੱਜ ਕਲ
ਘਰ ਦਿਆਂ ਹੀ ਜੀਆਂ ਮਿਹਰਬਾਨਾਂ ਤੇ ਰਿਸ਼ਤੇਦਾਰਾਂ ਦੇ ਹੱਥੋਂ
ਖੁਦ ਦੀਵਾਰਾਂ ਦੇ ਹੱਥੋਂ।

ਬੀਵੀ ਦੇ ਡਰੈਸਿੰਗ ਟੇਬਲ 'ਤੇ ਸਜਿਆ ਮੇਕਅਪ ਦਾ ਸਮਾਨ
ਬੱਚਿਆਂ ਦਿਆਂ ਕਮਰਿਆਂ 'ਚ ਮਹਿੰਗੇ ਭਾਅ ਦੀਆਂ
'ਨਨਟੈਂਡੋ' ਤੇ 'ਸੈਗਾ' ਦੀਆਂ ਟੇਪਾਂ
ਅਤੇ ਮਰਦਾਂ ਦੇ ਹੱਥਾਂ 'ਚ ਫੜੇ ਵਿਸਕੀ ਦੇ ਗਲਾਸ
ਜਦ ਤਕਰਾਰ ਕਰਦੇ ਹਨ
ਤਾਂ ਘਰ ਅੰਦਰ ਇਕ ਨਹੀਂ ਕਈ ਕਈ 'ਟਰਨੇਡੋ' ਆ ਵੜਦੇ ਹਨ

ਤੇ ਫਿਰ ਸਦੀਆਂ ਪੁਰਾਣੀ ਸੱਭਿਅਤਾ ਕੰਬਦੀ ਹੈ
ਕਿਤਾਬੀ ਇਲਮ ਦੀ ਜ਼ੰਗਾਲੀ ਹੋਈ ਛਿਲਤਰ
ਬੱਚਿਆਂ ਦੇ ਅਲੂਏਂ ਜਿਹੇ ਦਿਲ ਵਿਚ ਖੁਭਦੀ ਹੈ
ਤੇ ਕਲਮ ਸਹਿਮ ਜਾਂਦੀ ਹੈ
ਜਿਵੇਂ.. ਸਹਿਮ ਜਾਂਦੇ ਨੇ ਲੋਕ ਨਿਪੁੰਸਕ ਸਰਕਾਰਾਂ ਦੇ ਹੱਥੋਂ।
ਘਰ ਲੁੱਟ ਰਹੇ ਨੇ ਅੱਜਕਲ-ਖੁਦ ਦੀਵਾਰਾਂ ਦੇ ਹੱਥੋਂ।

[4 Jestor Ct. BALTIMORE, MD. 21207 U.S.A.]



## ਤਿੰਨ ਕਵਿਤਾਵਾਂ / ਪ੍ਰੀਤਮ ਬੇਲੀ

### 1. ਹੱਥ ਰੇਖਾ

ਅਸੀਂ ਜੋ ਹੱਥ ਦੀਆਂ ਰੇਖਾਵਾਂ ਨੂੰ ਮੰਨਦੇ ਹਾਂ
ਜਾਣਦੇ ਹਾਂ ਕਿ ਕੋਈ ਰੇਖਾ ਚੰਗੀ ਕਿਸਮਤ ਦੀ ਹੈ
ਕੋਈ ਸਾਡੀ ਗੁਰਬਤ ਦੀ
ਕੋਈ ਰੇਖਾ ਇਲਮ ਦੀ ਹੈ, ਕੋਈ ਸਾਡੀ ਬੇ-ਇਲਮੀ ਦੀ
ਕੋਈ ਰੇਖਾ ਜੱਸ ਦੀ ਹੈ, ਕੋਈ ਸਾਡੀ ਬਦ-ਬਖ਼ਤੀ ਦੀ
ਤੇ ਇਕ ਰੇਖਾ ਉਮਰ ਦੀ ਵੀ ਹੈ।

ਤੇ ਉਹ ਜੋ ਫ਼ਸਾਦਾਂ ਵਿਚ ਮੋਏ ਹਨ
ਉਹਨਾਂ ਦੀ ਜੀਵਨ-ਰੇਖਾ ਤਾਂ ਅਜੇ ਬੜੀ ਲੰਮੀ ਸੀ
ਉਹਨਾਂ ਦੀ ਮੋਈ ਉਮਰ, ਲਗਦੈ
ਸਾਡੀ ਸਰਕਾਰ ਨੂੰ ਲੱਗੀ ਏ -ਤੁਰੀ ਜਾਂਦੀ ਏ
ਉਹਨਾਂ ਦੀ ਉਮਰ ਉਸ ਪੁਲਿਸ ਨੂੰ ਲੱਗੀ ਏ
ਜੋ ਅੰਨ੍ਹੇ-ਵਾਹ ਗੋਲੀਆਂ ਵਰਸਾਂਦੀ ਏਨ
ਉਹਨਾਂ ਦੀ ਉਮਰ ਉਹਨਾਂ ਅਖ਼ਬਾਰਾਂ ਨੂੰ ਜਾ ਲੱਗੀ ਏ
ਜੋ ਚਿੱਟੇ ਸਫ਼ਿਆਂ 'ਤੇ ਸਫ਼ੇਦ ਝੂਠ ਸਜਾਂਦੇ ਨੇ, ਤੇ ਖ਼ੂਬ ਵਿਕ ਜਾਂਦੇ ਨੇ।

ਪਰ ਅਜਿਹੇ ਬੇਦੋਸਿਆਂ ਦੀ ਹੱਥ-ਰੇਖਾ
ਕੁਝ ਅਜਿਹੇ ਪੂਰਨੇ ਪਾ ਜਾਂਦੀ ਏ
ਜਿਸ ਵਿਚ ਲਹੂ ਰਲ ਕੇ ਡੁਲ੍ਹਦਾ ਏ, ਹਿੰਦੂ ਦਾ ਤੇ ਮੁਸਲਮਾਨ ਦਾ।
ਲਹੂ ਦਾ ਕੋਈ ਮਜ਼੍ਹਬ ਨਹੀਂ ਹੁੰਦਾ
ਜਿਵੇਂ ਕਿ ਸਾਡੇ ਹੱਥ 'ਤੇ ਕੋਈ ਹਿੰਦੂ ਜਾਂ ਮੁਸਲਮਾਨ ਰੇਖਾ ਨਹੀਂ ਹੁੰਦੀ।

### 2 .ਬੱਦਲਾਂ ਸਾਰ ਨਾ ਕਾਈ

ਤਪਦੀ, ਭਖਦੀ, ਬਲਦੀ ਧਰਤੀ, ਬਦਲਾਂ ਸਾਰ ਨਾ ਕਾਈ
ਸਹਿਮ ਖਲੋਤੀ ਹਵਾ ਨਾ ਵੱਗੇ, ਗਰਮੀ ਅੱਤ ਹੈ ਚਾਈ।
ਟਾਂਵੇ ਟਾਂਵੇ ਸੱਖਣੇ ਬੱਦਲ, ਹੋਏ ਲੀਰੋ-ਲੀਰ
ਦਰਿਆਵਾਂ ਵਿਚ ਬਲੇ ਬਰੇਤਾ, ਕਿਥੇ ਲੱਭਿਆ ਨੀਰ?
ਰੁਖ ਨਿਪੱਤਰੇ, ਪੰਛੀ ਮੋਏ, ਗਿਰਝਾਂ ਖਾਵਣ ਮਾਸ
ਸੂਰਜ ਬਲਦਾ ਹੱਡੀ ਵਾਂਗੂੰ, ਧਰਤੀ ਭਈ ਨਿਰਾਸ।
ਸੜੇ ਸਿਆੜ ਖਰੀਂਢ ਬਣੇ, ਬੀ ਬਲ ਹੋਏ ਰਾਖ

ਅਸੀਂ ਆਸਾ ਦੇ ਬੱਦਲ ਲੱਭਦੇ, ਕੋਲਾ ਭਏ ਨਾ ਰਾਖ਼।

### 3. ਸਵੇਰ ਸਾਰ

ਮੇਰੀਆਂ ਯਾਦਾਂ ਦੇ ਇਹ ਪੰਛੀ, ਰਾਤ-ਉਡਾਰੀ ਭਰਦੇ ਨੇ
ਜਦ ਅੱਖਾਂ ਨੀਂਦਰ ਲਈ ਸਹਿਕਣ!
ਮੇਰੀਆਂ ਯਾਦਾਂ ਦੇ ਇਹ ਪੰਛੀ, ਰਾਤ-ਉਡਾਰੀ ਭਰਦੇ ਨੇ
ਜਦੋਂ ਵਿਛੋੜੇ ਵਸਲ ਨੂੰ ਸਹਿਕਣ!
ਮੇਰੀਆਂ ਯਾਦਾਂ ਦੇ ਇਹ ਪੰਛੀ, ਰਾਤ-ਉਡਾਰੀ ਭਰਦੇ ਨੇ
ਪਿਆਸੇ ਜਦ ਸਾਕੀ ਲਈ ਸਹਿਕਣ?

ਫਿਰ ਯਾਦਾਂ ਦੀ ਭਰੀ ਸੁਰਾਹੀ, ਯਾਦਾਂ ਦੇ ਪਿਆਲੇ ਵਿਚ ਡ੍ਹੋਲੀ।
ਯਾਦਾਂ ਦੇ ਫਿਰ ਨਸ਼ੇ 'ਚ ਗੁੰਮ ਹੋ, ਯਾਦਾਂ ਨੂੰ ਗਲ ਲਾ ਕੇ ਸੁੱਤੇ
ਸੁਪਨਿਆਂ ਵਿਚ ਫਿਰ ਯਾਦਾਂ ਆਈਆਂ।

ਸਵੇਰ ਸਾਰ ਜਦ ਅੱਖ ਉਘੜੀ, ਯਾਦਾਂ ਉਥੇ ਹੀ ਖੜ੍ਹੀਆ ਸਨ।
ਯਾਦਾਂ ਦੀ ਸੁਰਾਹੀ ਵਿਚੋਂ ਸਬੂਹੀ ਦੇ ਕੁਝ ਤੁਪਕੇ ਲੱਭੇ
ਹਰ ਤੁਪਕੇ ਵਿਚ ਸੁਬਹ ਦਾ ਸੂਰਜ ਜਾਗ ਰਿਹਾ ਸੀ।

(942/ 1, ਸੈਕਟਰ 40, ਚੰਡੀਗੜ੍ਹ)

## ਗ਼ਜ਼ਲ / ਹਰਜਿੰਦਰ ਕੰਗ

ਬਹਿ ਜਾਂਦਾ ਹਾਂ ਦਰ 'ਤੇ ਨ੍ਹੇਰਾ ਡੱਕਣ ਨੂੰ। ਤੁਰ ਜਾਂਦਾ ਹੈ ਜਦ ਇਕ ਸੂਰਜ ਆਥਣ ਨੂੰ।
ਖੱਖੜੀਆਂ ਨੇ ਬੁਲ੍ਹ ਹਵਾਵਾਂ ਖੁਸ਼ਕ ਅਜੇ, ਦਿਲ ਕਾਹਲਾ ਹੈ ਉੱਚੀ ਉੱਚੀ ਹੱਸਣ ਨੂੰ।
ਰੁੰਡ-ਮਰੁੰਡੇ ਰੁਖ ਖੜ੍ਹੇ ਨੇ ਬੁੱਤ ਬਣੇ ਪੰਛੀ, ਲੱਭਣ ਲੈਰੀ ਟਾਹਣੀ ਝੂਲਣ ਨੂੰ।
ਮੁਟਿਆਰਾਂ ਦੇ ਬੁੱਤਾਂ ਨੂੰ ਬੰਨ੍ਹ ਕੇ ਘੁੰਗਰੂ ਫਿਰ, ਉਹ ਪਾਵੇ ਬੋਲੀ ਆਖੇ ਨੱਚਣ ਨੂੰ।
ਫੁੱਲਾਂ ਦੀ ਹੈ ਰੀਝ ਕਿ ਮਹਿਕਣ ਹੋਰ ਅਜੇ, ਮਾਲੀ ਬੇਵਸ ਜੋਬਨ ਰੁੱਤੇ ਵੇਚਣ ਨੂੰ।
ਬੋਲ ਸੁਹਾਗ ਦੇ ਸੁਣ ਕੇ ਪਾਇਆ ਸ਼ੋਰ ਹਵਾ, ਵੈਣ ਸਿੱਖ ਕੇ ਜਾਵੇ ਆਖ ਸੁਹਾਗਣ ਨੂੰ।
'ਕੰਗ' ਅਚਾਨਕ ਟੁੱਟੈ ਤਾਰਾ ਅੰਬਰ ਤੋਂ ਖ਼ੌਰੇ, ਲੱਭਣ ਟੁਰਿਐ ਕਿਹੜੇ ਸੱਜਣ ਨੂੰ।

[2642 W. Fig SELMA. CA- 93662 U. S. A.]



## ਜ਼ਰਾ ਠਹਿਰ ਜਾ! / ਹਰਵਿੰਦਰ ਭੰਡਾਲ

ਜ਼ਰਾ ਠਹਿਰ ਜਾ!
ਮਾਨ-ਸਰੋਵਰ 'ਚੋਂ ਜਵਾਰਭਾਟਿਆਂ ਦੀ ਤਲਾਸ਼ ਨਾ ਕਰ
ਸੂਰਜਮੁਖੀ 'ਤੇ ਪੀਂਘ ਪਾਉਣ ਦੀ ਨਾ ਸੋਚ
ਇਹ ਦੀਵਾਰਾ ਅਜੇ ਬਹੁਤ ਕਮਜ਼ੋਰ ਨੇ
ਐਵੇਂ ਨਾ ਸਾਹਿਬਜ਼ਾਦਿਆਂ ਦੇ ਲਹੂ ਦਾ ਭਾਰ ਇਨ੍ਹਾਂ ਮੋਢਿਆ 'ਤੇ ਸੁੱਟੀ ਜਾ
ਝੀਲਾਂ ਇਉਂ ਹੀ ਕੂੰਜਾਂ ਦੇ ਦੇਸ ਨਹੀਂ ਤੁਰ ਜਾਂਦੀਆਂ

ਮੁਸਕਰਾਹਟਾਂ ਨੂੰ ਸੁਪਨਿਆਂ 'ਚ ਨਿੱਕੇ-ਨਿੱਕੇ ਘਰ ਸਿਰਜ ਲੈਣ ਦੇ
ਰਿਸ਼ਤਿਆਂ ਦਾ ਰੰਗ-ਬਰੰਗਾ ਤਾਣਾ-ਪੇਟਾ, ਮਨਾਂ 'ਚ ਉਣ ਲੈਣ ਦੇ
ਅਜੇ ਵੇਲਾਂ ਨੂੰ ਲਿਪਟ ਜਾਣ ਦੇ, ਰੁੱਖਾਂ ਦੇ ਤਣਿਆਂ ਨਾਲ
ਐਵੇਂ ਨਾ ਨਦੀਆਂ ਉੱਤੇ ਧੁੰਦ ਦੇ ਪੁਲ ਉਸਾਰ
ਉਨੀਂਦਰੀਆਂ ਅੱਖਾਂ ਕਦੇ ਪਾਨੀਪਤ ਦੀ ਲੜਾਈ ਨਹੀਂ ਜਿੱਤਦੀਆਂ

ਅਜੇ ਜਲਪਰੀ ਨੂੰ, ਪਾਣੀ ਬਿਨ ਤੜਫ ਲੈਣ ਦੇ
ਤਿਲਕਣ ਦੇ ਮੱਛੀ ਨੂੰ ਭਰਮ ਦੇ ਪੱਥਰ ਤੋਂ
ਅਜੇ ਪੰਛੀਆਂ ਦੀਆਂ ਅੱਖਾਂ 'ਚ, ਚੁਭ ਲੈਣ ਦੇ-ਆਕਾਸ਼ ਦੀ ਵਿਸ਼ਾਲਤਾ
ਐਵੇਂ ਨਾ ਚਿੜੀਆਂ ਦੀਆਂ ਚੁੰਝਾਂ 'ਚ, ਅਗਨੀ ਦਾ ਸਿਰਨਾਵਾਂ ਟੰਗ
ਬਲਦੇ ਹਰਫਾਂ ਦੇ ਗਿਆਨ ਬਿਨ ਸਿਰਨਾਵੇਂ ਨਹੀਂ ਪੜ੍ਹੇ ਜਾਂਦੇ

ਜ਼ਰਾ ਠਹਿਰ ਜਾ-
ਚਿੜੀਆਂ ਨੂੰ ਖੂਨੀ ਕ੍ਰਾਂਤੀ ਦੀ ਨਹੀਂ, ਅਜੇ ਖੰਭਾਂ ਦੀ ਗੱਲ ਸੁਣਾ!

[116, ਮਾਡਲ ਟਾਊਨ, ਕਪੂਰਥਲਾ]

## ਥੋੜ੍ਹੀ ਦੇਰ ਹੋਰ / ਰਾਮ ਸਿੰਘ ਚਾਹਲ

ਮੇਰੇ 'ਤੇ ਯਕੀਨ ਨ ਕਰਨਾ
ਮੈਂ ਵੀ ਥੋੜੀ ਦੇਰ ਨੂੰ ਚਲਿਆ ਹੀ ਜਾਣਾ ਹੈ
ਥੋੜਾ ਹੋਰ ਜਿਉਣ ਦਾ ਮੈਂ ਪਹਿਲੇ ਦਿਨੋਂ ਬੜਾ ਲਾਲਚੀ ਹਾਂ।
ਚਿਹਰੇ ਦਾ ਰੰਗ ਥੋੜ੍ਹਾ ਹੋਰ ਖੂਬਸੂਰਤ ਕਰ ਲਿਆ ਜਾਏ
ਕਿ ਮੈਂ ਥੋੜਾ ਹੋਰ ਵੱਡਾ ਹੋ ਸਕਦਾ ਹਾਂ
ਕਿ ਮੈਂ ਤੁਹਾਨੂੰ ਥੋੜਾ ਹੋਰ ਨਸੀਹਤਾਂ ਦੇ ਸਕਦਾ ਹਾਂ।
ਫੁੱਲ ਖਿੜਨ ਵੇਲੇ ਕਿਸ ਮਾਲੀ ਤੋਂ ਪੁੱਛਿਆ ਕਰਦੇ ਨੇ?
ਪੱਤਿਆਂ ਦਾ ਹਰਾ ਰੰਗ ਕਿਸ ਲਲਾਰੀ ਦੀ ਕਾਢ ਹੈ?

ਅਜੀਬ ਹੈ ਕਿ ਏਨੇ ਵਰ੍ਹੇ
ਮੈਂ ਇਸ ਪੁੱਛ-ਗਿੱਛ ਵਿਚ ਹੀ ਉਲਝਿਆ ਰਿਹਾ
ਤੇ ਆਪਣੇ ਚਿਹਰੇ ਦੇ ਰੰਗਾਂ ਦੀ ਸ਼ਨਾਖਤ ਵੀ ਨ ਕਰ ਸਕਿਆ
ਕਿ ਮੇਰੇ ਕੋਲ, ਇਹ ਕਿਸ ਦੀ ਅਮਾਨਤ ਹਨ?
ਜਿਉਣ ਦਾ ਲਾਲਚੀ ਜੁ ਹਾਂ-
ਧੁੱਪ ਵੱਲ ਥੋੜ੍ਹਾ ਹੋਰ ਦੇਖਣਾ ਚਾਹੁੰਦਾ ਹਾਂ
ਮਿੱਤਰਾਂ ਨੂੰ ਥੋੜ੍ਹਾ ਹੋਰ ਮਿਲਣਾ ਚਾਹੁੰਦਾ ਹਾ
ਉਂਜ ਤੇ ਮੈਨੂੰ ਵੀ ਪਤਾ ਹੈ ਕਿ ਇਹ ਮਹਿਜ਼ ਰੰਗ ਹਨ
ਰੰਗਾਂ ਨੇ ਉਤਰ ਹੀ ਜਾਣਾ ਹੈ। [ਦਸ਼ਮੇਸ਼ ਨਗਰ, ਮਾਨਸਾ- 151505]

## "ਵਿਦਾ" / ਗੁਰਪ੍ਰੀਤ ਕੌਰ

ਸਮਾਂ ਗੁਜ਼ਰਦਾ ਗਿਆ
ਕਿਣਕਾ-ਕਿਣਕਾ, ਭਰੀ ਉਂਝਲ ਚੋਂ।
ਅਸੀਂ ਖੜ੍ਹੇ ਹੀ, ਆਪਣੇ ਆਪਨੂੰ
ਸਮੇਂ 'ਚ ਤੋਰਦੇ ਗਏ, ਅਣਚਾਹੇ ਮਨ ਨਾਲ।

ਤੇਰੇ ਤੇ ਮੇਰੇ ਵਿਚਕਾਰ ਫਰਕ ਸੀ, ਇਕ ਸੜਕ ਦਾ
ਜਿਹਦੇ ਦੋਵੇਂ ਸਿਰੇ, ਦੀਵਾਲੀ ਵਾਂਗ ਜਗਮਗਾਉਂਦੇ ਰਹਿੰਦੇ
ਕਾਲੀਆਂ ਰਾਤਾਂ 'ਚ ਵੀ, ਸੁੰਨੇ ਝੱਖੜਾਂ 'ਚ ਵੀ।
ਰੋਸ਼ਨੀ ਦੀਆਂ ਤੇਜ਼ ਕਿਰਨਾਂ ਨੇ, ਤੈਨੂੰ ਤੇਰੇ ਦਰ ਅੱਗੇ,
ਮੈਨੂੰ ਮੇਰੇ ਬੂਹੇ ਅੰਦਰ ਰੋਕ ਦਿੱਤਾ।
ਤੂੰ ਆਪਣੇ ਅੰਦਰ, ਤਿਣਕੇ ਬੀਜਦਾ ਗਿਆ
ਮੈਂ ਹਰ ਥੋਲ, ਪਿਘਲਾ ਕੇ ਪੀਂਦੀ ਗਈ।

ਸਮਾਂ ਅਰੁਕ ਅਮੁੱਕ ਸੀ
ਤੂੰ ਵਧਦਾ ਗਿਆ, ਜੰਗਲ ਬਣ ਗਿਆ
ਮੈਂ ਫੈਲਦੀ ਗਈ, ਨਦੀ ਬਣ ਗਈ।
ਤੈਨੂੰ ਪਤਾ, ਜੰਗਲ ਤੇ ਨਦੀ ਦਾ ਇਕ ਰਾਹ ਨਹੀਂ ਹੋ ਸਕਦਾ
ਤੂੰ ਮੇਰਾ ਹਾਲ, ਆਪਣੀਆਂ ਜੜਾਂ ਤੋਂ ਪੁੱਛ ਲਵੀਂ,
ਮੈਂ ਤੇਰਾ ਸਿਰਨਾਵਾਂ, ਟੀਸੀ ਤੋਂ ਝੜੇ ਪੱਤਿਆਂ ਤੋਂ ਲੈ ਲਿਆ ਕਰਾਂਗੀ।

[81, ਭੁਪਿੰਦਰ ਨਗਰ ਰੋਡ, ਪਟਿਆਲਾ]



## ਮੁਫਤਖੋਰੇ / ਗੁਰਮੇਲ ਸਿੱਧੂ

ਮੁਨਸ਼ੀ ਕਾਠੀ ਦਾ ਨਰੋਆ
ਆਪਣੀ ਦੇਹ ਵਾਂਗ ਟਾਂਗੇ ਨੂੰ ਸਜਾ ਸੰਵਾਰ ਕੇ ਰੱਖਦਾ
ਪਿੰਡ ਦੀ ਕੱਚੀ ਫਿਰਨੀ, ਪੱਕੀ ਸੜਕ ਬਣ ਗਈ
ਮੁਨਸ਼ੀ ਲਈ ਇਹ ਬਹੁਤ ਵੱਡੀ ਗੱਲ ਸੀ
ਹੁਣ ਘੋੜੇ ਦੀਆਂ ਕੱਚੀਆਂ ਲੀਹਾਂ 'ਤੇ ਵੱਖੀਆਂ ਨਹੀਂ ਸੀ ਚੜ੍ਹਦੀਆਂ
ਭਰਿਆਂ ਟਾਂਗਾ ਧੂੰਹਦਾ ਹਵਾ ਨਾਲ ਗੱਲਾਂ ਕਰਦਾ
ਘੋੜੇ ਦੇ ਕਾਲੇ ਸ਼ਾਹ ਪਿੰਡੇ 'ਚੋਂ ਮੁੜ੍ਹਕਾ ਚੋਂਦਾ
ਤਾਂ ਕਾਲੇ ਰੰਗ ਵਿਚੋਂ ਨੀਲੀ ਭਾ ਮਾਰਦੀ
ਕਾਲਾ ਸ਼ਾਹ ਘੋੜਾ ਤੇ ਮੁਨਸ਼ੀ ਅੱਡੇ 'ਤੇ ਖੜੋਤੇ ਚੱਜ ਦੀਆਂ ਸਵਾਰੀਆਂ ਉਡੀਕਦੇ।
ਸਵਾਰੀਆਂ ਆਉਂਦੀਆਂ, ਬਹਿੰਦੀਆਂ-ਮੁਨਸ਼ੀ ਤੇ ਘੋੜੇ ਨੂੰ ਚਾਅ ਚੜ੍ਹ ਜਾਂਦਾ।
ਸ਼ਾਹ ਘੋੜਾ ਫੁੰਕਾਰੇ ਮਾਰਦਾ-ਮੁਨਸ਼ੀ ਲਗਾਮ ਖਿੱਚ ਕੇ 'ਕੇਰਾਂ ਢਿੱਲੀ ਛੱਡਦਾ
ਕਾਲੇ ਸ਼ਾਹ ਦਾ ਪਹਿਲਾ ਪੌੜ ਸੜਕ 'ਤੇ ਧਾਅ ਦੇਣੇ ਵੱਜਦਾ
ਪੌੜ ਥੱਲੇ ਅੱਗ ਮੱਚਦੀ-ਅਗਲੇ ਤਿੰਨ ਪੌੜਾਂ 'ਚ ਹੀ ਉਹ ਰੇਵੀਏ ਪੈ ਜਾਂਦਾ
ਅੱਡੇ ਤੋਂ ਰੇਲਵੇ ਸਟੇਸ਼ਨ ਤਕ ਇਹੀ ਰੋਜ਼ ਦਾ ਰਵੀਰਾ ਸੀ।
ਅਰਜਨ ਗੜ੍ਹਾਚਾ ਮੁਨਸ਼ੀ ਦਾ ਯਾਰ-ਬੇਲੀ, ਦੋਹਾਂ ਦੇ ਇਕੋ ਜਿੱਡੇ ਪੈਰ
ਦੋਹਾਂ ਦੇ ਪੈਰੀਂ ਪੱਕੀ ਸੋਹਲੀ ਜੁੱਤੀ ਪੈਂਦੀ
ਜਦੋਂ ਵੀ ਸੜਕ 'ਤੇ ਦਿਖਾਈ ਦਿੰਦਾ, ਕਾਲਾ ਸ਼ਾਹ ਆਪਣੀ ਧੌਣ ਨੀਵੀਂ ਕਰਕੇ
ਲੰਮਾ ਸਾਹ ਭਰਦਾ, ਫੁੰਕਾਰੇ ਮਾਰਦਾ ਲੰਘਦਾ-ਅਰਜਨ ਗੜ੍ਹਾਚੇ ਨੂੰ ਸਲਾਮਾਂ ਕਰਦਾ।

ਸਵਾਰੀਆਂ ਹਿਲੋਰੇ ਵੀ ਲੈਂਦੀਆਂ, ਪੈਸੇ ਵੀ ਦੇਂਦੀਆਂ
ਸ਼ਾਹ ਘੋੜੇ ਦੀਆਂ ਇਕ ਵਾਹਿਓਂ ਸਿਫ਼ਤ ਕਰਦੀਆਂ
'ਘੋੜਾ ਤਾਂ ਭਾਈ ਮੁਨਸ਼ੀ ਵਰਗਾ ਜਮਾਂ, ਵਡਿਆਈ ਖੋਰਾਂ'
ਮੁਨਸ਼ੀ ਦੀ ਹਿੱਕ ਮਾਣ ਨਾਲ ਚੌੜੀ ਹੋ ਜਾਂਦੀ
ਮੁਨਸ਼ੀ ਵਿੱਚੋਂ ਇਕ ਸਵਾਰੀ ਨੂੰ ਕਹਿੰਦਾ,
'ਜਾਹ ਜੀਣ ਜੋਗੀਏ, ਭੈਣੇ ਮੇਰੀਏ ਜਾਹ ਤੁਰ ਜਾ
ਪੈਸੇ ਮੈਂ ਨੀ ਲੈਣੇ'। ਉਹਦਾ ਗੱਚ ਭਰ ਆਉਂਦਾ।
ਸਵਾਰੀ ਘੋੜੇ ਤੇ ਮੁਨਸ਼ੀ ਲਈ ਲੰਬੀ ਅਸੀਸ ਬਣ ਜਾਂਦੀ।
ਬੱਚੀ ਨੂੰ ਉਂਗਲ ਲਾਈ ਤੁਰਦੀ ਜਾਂਦੀ ਸਵਾਰੀ ਨੂੰ
ਮੁਨਸ਼ੀ ਦੂਰ ਤਕ ਪਿੱਛੋਂ ਵੇਖਦਾ ਰਹਿੰਦਾ

ਆਪਣੇ ਆਪ ਨੂੰ ਕਹਿੰਦਾ : "ਜੀਅ ਉਏ ਸ਼ੇਰਾ ਲੰਮੀਆਂ ਉਮਰਾਂ ਤੇਰੀਆਂ।"
ਪਤਾ ਨਹੀਂ ਕਿਉਂ ਕੋਈ ਦਿਨ ਅਜਿਹਾ ਵੀ ਆਉਂਦਾ
ਠਿੱਕਾ ਵਗਦਾ ਘੋੜਾ ਅੱਡੇ ਤੋਂ ਪੈਰ 'ਵੀ ਨ ਪੱਟਦਾ
"ਦੇਖ ਖਾਂ ਨਾਬਰ ਹੋਇਆ ਖੜ੍ਹਾ, ਕਰਦੂੰ ਪੱਧਰ"
ਮੁਨਸ਼ੀ ਆਨੇ ਬਹਾਨੇ ਕਸਮੇਂ ਛਾਂਟੇ ਮਾਰਦਾ
ਉਹ ਦੋਵੇਂ ਅਗਲੇ ਪੌੜ ਟਾਂਗੇ ਤੋਂ ਵੀ ਉੱਚੇ ਚੁੱਕ ਲੈਂਦਾ
ਟਾਂਗੇ ਦੀਆਂ ਭੁਆਟਣੀਆਂ ਖੁਆ ਦੇਂਦਾ- ਤੁਰਨ ਦਾ ਨਾਂ ਕਿਹੜਾ ਲੈਂਦਾ
ਮੁਨਸ਼ੀ ਪਾਣੀ ਦਿਖਾਉਣ ਦੇ ਬਹਾਨੇ, ਖਾਲੀ ਬਾਲਟੀ ਦਾ ਕੁੰਡਾ ਦੇ ਵਾਰੀ ਖੜਕਾਉਂਦਾ
ਸ਼ਾਹ ਆਪਣਾ ਪੌੜ ਜ਼ੋਰ ਦੀ ਦੋਏ ਵਾਰ ਸੜਕ 'ਤੇ ਮਾਰਦਾ,
ਪਿੰਡਾ ਝਿਣਕਦਾ, ਹਿਣਹਿਣਾਉਂਦਾ
ਉਹ ਘੋੜਾ ਕਾਹਦਾ ਸੀ- ਵਿਗੜਿਆ ਬੰਦਾ ਸੀ
ਸਵਾਰੀਆਂ ਦੇ ਮੁੜਕੇ ਪਛਾਣਦਾ ਸੀ, ਉਹਦੀ ਧੌਣ ਯਾਰੀ ਦਾ ਭਾਰ ਢੋਂਦੀ ਸੀ
ਪਰ... ਇਨ੍ਹਾ ਦਾ ਕੀ ਕਰੇ?
ਸੜਕ ਦੀ ਪਿਛਲੀ ਲੁੱਕ 'ਤੇ ਸ਼ਾਹ ਦੇ ਪੌੜ ਯਾਰੀ ਦੀਆ ਮੋਹਰਾਂ ਲਾਉਂਦੇ ਤੁਰੇ ਜਾਂਦੇ
ਚਜ ਹਾਲ ਦੀਆ ਸਵਾਰੀਆਂ ਵੇਖ, ਨਾ ਉਹ ਹਾੜ੍ਹ ਵੇਖਦਾ,
ਨਾ ਸਾਉਣ ਦੀ ਮੂਹਰਲੀ ਵਾਛੜ
ਉਦੋਂ ਉਸ ਨੂੰ ਸਿਰਫ ਸੜਕ ਦਿਸਦੀ ਸੀ, ਤੇ ਸਿਰਫ ਸੜਕ
ਜਦੋਂ ਕਾਲੇ ਸ਼ਾਹ ਖ਼ੁਸ਼ ਖ਼ੁਸ਼ੀਏ ਰੌਂਅ 'ਚ ਹੁੰਦਾ, ਤਾਂ ਬਚਕਾਟਾਂ ਕਰਦਾ
ਨਾਸਾਂ ਵਿਚਦੀ ਲੰਬੇ ਸਾਹ ਛੱਡਦਾ, ਧੂੰਆਂ ਕੱਢਦਾ
ਮੁਨਸ਼ੀ ਉਸਦੇ ਰੇਵੀਏ ਤੋਂ ਖ਼ੁਸ਼ ਹੋ ਮਿਰਜ਼ੇ ਦੀ ਸੱਦ ਲਾਉਂਦਾ
ਵਿਚੇ ਕਹਿੰਦਾ 'ਜੀਅ ਉਏ ਸ਼ੇਰਾ ਜੀਅ, ਤੇਰੀਆਂ ਬਰਕਤਾਂ।'
ਸ਼ਾਹ ਦੀ ਪਿੱਠ ਥਾਪੜਦਾ, ਚੰਗਾ ਭਲਾ ਗੇੜਾ ਲਾਉਂਦਾ,
ਲੱਪ ਮੁਨਸ਼ੀ ਦੀ ਰੁਪਈਆਂ ਨਾਲ ਭਰ ਜਾਂਦੀ

ਜਦ ਨਿਕਰਮੀਆ ਸਵਾਰੀਆਂ, ਟਾਂਗੇ ਦੀਆਂ ਮੂਹਰਲੀਆਂ ਬਾਵਾਂ ਮੱਲ ਬਹਿੰਦੀਆ
ਤਾਂ ਮੁੜ੍ਹਕਾ ਸ਼ਾਹ ਨੂੰ ਪਾਗਲ ਕਰ ਦਿੰਦਾ-ਉਹ ਪੌੜ ਖੜ੍ਹੇ ਕਰਕੇ ਟਾਂਗੇ ਦੇ ਗੇੜੇ ਖੁਆ ਦਿੰਦਾ
ਕਿਤੇ ਤੰਗ ਟੁੱਟ ਜਾਂਦਾ ਕਿਧਰੇ ਬੰਬ_ਸਵਾਰੀਆਂ ਦੀ ਜਾਹ-ਜਾਂਦੀ ਹੁੰਦੇ ਹੁੰਦੇ ਬਚਦੀ
ਉਹ ਸਵਾਰੀਆਂ ਦਾ ਖਿਲਾਰਾ ਪਾ ਦੇਂਦਾ_ਅਕਸਰ ਉਹ ਘੋੜਾ ਸੀ ਸ਼ਾਹ ਕਾਲਾ
ਘੋੜਾ ਨਰ ਹੋਵੇ ਜਾਂ ਮਦੀਨ, ਇਸ ਨਾਲ ਕੋਈ ਫਰਕ ਨਹੀਂ ਪੈਂਦਾ
ਸ਼ਾਹ ਘੋੜਾ ਮਾਲਕ ਦੀ ਮਰਜ਼ੀ ਨ ਸਮਝੇ, ਤਾਂ ਉਹ ਘੋੜਾ ਕਾਹਦਾ
ਜਦ ਪਾਗਲਪਨ ਦਾ ਤੂਫ਼ਾਨ ਲੰਘ ਜਾਂਦਾ_ਮੁਨਸ਼ੀ ਤੇ ਘੋੜਾ ਖੁੱਲ੍ਹ ਕੇ ਹੱਸਦੇ
ਤੇ ਕਹਿੰਦੇ "ਆਕੇ ਬਹਿ ਜਾਂਦੇ ਆ ਫੰਨੇ ਖਾਂ ਬਣਕੇ, ਸਾਲੇ ਮੁਫਤਖੋਰੇ।"

[ਇੰਦਰ ਸਿੰਘ ਗਿੱਲ ਨਗਰ, ਜੀ. ਟੀ. ਰੋਡ, ਮੋਗਾ]



# ਆਪਣੀ ਆਪਣੀ ਥਾਂ

**ਬਲਦੇਵ ਸਿੰਘ**

ਹੁਕਮ ਚੰਦ ਪੂਰਾ ਹੋਏ ਨੂੰ ਤਿੰਨ ਦਿਨ ਹੋ ਗਏ ਸਨ।

ਕੁਝ ਰਿਸ਼ਤੇਦਾਰ, ਮੁਹੱਲੇ ਵਾਲੇ ਅਤੇ ਉਸਦੇ ਲੜਕੇ, ਫੁੱਲ ਚੁਗਕੇ ਸ਼ਮਸ਼ਾਨ ਘਾਟ ਦੇ ਅਸਥੀਆਂ ਰੱਖਣ ਵਾਲੇ ਸਟੋਰ ਵਿਚ, ਹੁਕਮ ਚੰਦ ਦੇ ਨਾਮ ਦੀ ਲਾਲ ਥੈਲੀ ਟੰਗ ਆਏ ਸਨ।

ਹੁਕਮ ਚੰਦ ਦੇ ਤੁਰ ਜਾਣ ਦਾ ਸਭ ਤੋਂ ਵਧੇਰੇ ਸੋਗ ਉਸਦੇ ਛੋਟੇ ਲੜਕੇ ਲਛਮਣ ਨੇ ਮਨਾਇਆ ਸੀ। ਤਿੰਨ ਦਿਨ ਹੋ ਗਏ ਸਨ, ਉਸਨੇ ਆਪਣੀ ਦੁਕਾਨ ਨਹੀਂ ਸੀ ਖੋਹਲੀ। ਦੂਸਰੇ ਲੜਕੇ, ਘੰਟਾ, ਅੱਧਾ ਘੰਟਾ, ਆਉਂਦੇ, ਰਸਮੀ ਜਿਹਾ ਬੈਠਦੇ, ਤੇ 'ਚੰਗਾ ਲਛਮਣਾ' ਕਹਿਕੇ, ਚਲੇ ਜਾਂਦੇ। ਉਹ ਤਾ ਪਹਿਲਾਂ ਵੀ 'ਬਾਊ ਜੀ' ਦਾ ਹਾਲ-ਚਾਲ ਪੁੱਛਣ ਵੱਧ ਘੱਟ ਹੀ ਆਉਂਦੇ ਸਨ। ਮੁਹੱਲੇ ਵਿਚ ਕਦੇ ਕੰਮ-ਧੰਦੇ ਆਏ ਤਾਂ ਦੋ ਘੜੀ ਖੜ੍ਹ ਗਏ। ਤੇ ਲਛਮਣ ਨੂੰ 'ਤੂੰ ਭਾਈ, ਬਾਊ ਜੀ ਦਾ ਖਿਆਲ ਰੱਖਿਆ ਕਰ; ਜੇ ਲੋੜ ਪਈ ਤਾਂ ਤੁਰੰਤ ਖਬਰ ਕਰੀਂ' ਵਰਗੀਆਂ ਗੱਲਾਂ ਕਹਿਕੇ ਹਦਾਇਤਾਂ ਦੇ ਗਏ, ਬੱਸ।

ਤੇ ਲਛਮਣ ਜਦੋਂ ਅੱਜ ਵੀ, ਭੁੰਜੇ ਵਿਛੀ ਦਰੀ 'ਤੇ ਗੋਡਿਆਂ ਵਿਚ ਸਿਰ ਦੇਈ ਬੈਠਾ ਸੀ ਤਾਂ ਰਿਸ਼ਤੇਦਾਰਾ ਅਤੇ ਮੁਹੱਲੇ ਦੇ ਮੁਹਤਬਰਾਂ ਨੇ ਸਮਝਾਇਆ :

-ਦੇਖ ਕਾਕਾ, ਤੁਰਨ ਵਾਲਾ ਤਾਂ ਤੁਰ ਗਿਆ, ਤੂੰ ਭਾਈ ਆਪਣੀ ਦੁਕਾਨ ਸੰਭਾਲ। ਸਵੇਰੇ ਸ਼ਾਮ, ਅੱਧਾ ਘੰਟਾ, ਅਫਸੋਸ ਕਰਨ ਆਏ-ਗਏ ਲਈ ਘਰ ਰਿਹਾ ਕਰ। ਸਾਰਾ ਦਿਨ ਘਰ ਬੈਠਣ ਨਾਲ ਤਾਂ ਹੁਕਮ ਚੰਦ ਨੇ ਵਾਪਸ ਨਹੀਂ ਆਉਣਾ, ਉਸਦੀ ਆਤਮਾ ਜ਼ਰੂਰ ਦੁਖੀ ਹੋਏਗੀ। ਕਿੰਨਾ ਮੋਹ ਸੀ, ਉਸ ਨੂੰ ਦੁਕਾਨ ਨਾਲ? ਮੀਂਹ ਹੋਵੇ, ਨੇਰ੍ਹੀ ਹੋਵੇ, ਉਹਨੇ ਬਿਨ੍ਹਾ ਨਾਗਾ, ਸਮੇਂ ਸਿਰ ਦੁਕਾਨ ਖੋਹਲਣੀ। ਉਹ ਤਾ ਮਾੜੇ ਦਿਨਾ ਵੇਲੇ, ਹੜਤਾਲ ਵਿਚ ਵੀ ਦੁਕਾਨ ਖੋਹਲ ਲੈਂਦਾ ਸੀ। ਮੰਜੇ 'ਤੇ ਪਿਆ ਵੀ ਤੈਨੂੰ ਦੁਕਾਨ ਖੁਲ੍ਹੀ ਰੱਖਣ ਲਈ ਆਖਦਾ ਰਿਹਾ ਸੀ। ਤੇਰੇ ਦੂਸਰੇ ਭਾਈਆ ਨੇ ਤਾਂ ਸਸਕਾਰ ਕਰਨ ਵਾਲੇ ਦਿਨ ਵੀ ਆਪਣੇ ਕਾਰੋਬਾਰ ਬੰਦ ਨਹੀਂ ਕੀਤੇ। ਤੂੰ ਵੀ ਕੁਝ ਸੋਚ...'।

ਉਹਨਾਂ ਦੀਆਂ ਗੱਲਾਂ ਸੁਣ ਕੇ ਲਛਮਣ ਸੱਚ-ਮੁੱਚ ਸੋਚੀਂ ਪੈ ਗਿਆ।

ਫਿਰ, ਕਿਹੜੇ ਰਿਸ਼ਤੇਦਾਰ ਆਏ, ਕਿਹੜੇ ਨਹੀਂ ਆਏ, ਭੋਗ 'ਤੇ ਕਿਹੜੇ ਸੱਦਣੇ ਨੇ, ਕਿਹੜੇ ਨਹੀਂ ਸੱਦਣੇ-। ਲੇਖਾ-ਜੋਖਾ ਹੋਣ ਲੱਗਾ।

-ਬੰਬਈ ਵਾਲੇ ਵੀ ਨੀ ਆਏ-?' ਇਕ ਰਿਸ਼ਤੇਦਾਰ ਨੇ ਹੈਰਾਨੀ ਨਾਲ ਪੁੱਛਿਆ।

-ਪਹਿਲਾਂ ਟੈਲੀਫੂਨ ਕਰਦੇ ਰਹੇ। ਫੇਰ ਤਾਰ ਵੀ ਦਿੱਤੀ। ਆਉਣ ਨੂੰ ਵੀ ਤਿੰਨ ਦਿਨ ਤਾਂ ਲੱਗ ਹੀ ਜਾਂਦੇ ਨੇ। ਹੁਣ ਲਗਦੈ, ਭੋਗ 'ਤੇ ਹੀ ਆਉਣਗੇ-।' ਵੇਰਵਾ ਦਿੰਦਿਆਂ ਲਛਮਣ ਨੇ ਹਉਕਾ ਜਿਹਾ ਲਿਆ।

-ਕ੍ਰਿਸ਼ਨ ਲਾਲ ਨੂੰ ਵੀ ਤਾਰ ਦੇ ਦੇਣੀ ਸੀ?'

ਲਛਮਣ, ਪਹਿਲਾਂ ਕਹਿਣ ਵਾਲੇ ਵੱਲ ਝਾਕਿਆ, ਹਰਖ ਨਾਲ, ਜਿਵੇਂ ਕ੍ਰਿਸ਼ਨ ਲਾਲ ਦਾ ਨਾਂ ਲੈ ਕੇ ਉਸਨੇ ਸ਼ਰਾਰਤ ਕੀਤੀ ਹੋਵੇ। ਉਸਨੂੰ ਬੁਰਾ ਤਾਂ ਲੱਗਿਆ। ਪਰ ਸੰਭਲ ਕੇ ਬੋਲਿਆ- 'ਉਹ ਤਾਂ ਜਿਹੋ ਜਾ ਆਇਆ, ਜਿਹੋ ਜਾ ਨਾ ਆਇਆ। ਦੋ ਬੰਦੇ ਤਾਂ ਉਸਨੂੰ ਸਾਂਭਣ ਨੂੰ ਚਾਹੀਦੇ ਐ, ਅੱਗੇ ਰਹਿਕੇ ਈ ਗਿਐ ਦਸ ਦਿਨ। ਸਾਨੂੰ ਈ ਪਤੈ, ਕਿਵੇਂ ਕੱਟੇ ਐ, ਉਹ ਦਿਨ। ਜੇ ਸੱਚ ਪੁਛਦੇ ਐਂ ਤਾਂ,

ਬਾਊ ਬੀਮਾਰ ਈ ਉਹਦੇ ਆਏ ਤੋਂ ਹੋਏ ਐ। ਸਾਰਾ ਦਿਨ ਖਿਝੀ ਜਾਣਾ, ਖਿਝੀ ਜਾਣਾ, ਆਪਣਾ ਲਹੂ ਆਪ ਹੀ ਸਾੜੀ ਜਾਣਾ। ਬੀਮਾਰ ਹੋ ਗਏ, ਬੱਸ ਮੁੜਕੇ ਠੀਕ ਈ ਨੀ ਹੋਏ। ਅਸੀਂ ਅਖੀਰ ਵੇਲੇ ਪੁੱਛਿਆ ਵੀ ਸੀ-'ਬਾਊ ਜੀ ਕ੍ਰਿਸ਼ਨ ਨੂੰ ਮਿਲਣ ਨੂੰ ਜੀ ਕਰਦਾ ਹੈ ਤਾਂ, ਤਾਰ ਦੇ ਕੇ ਸੱਦ ਲਈਏ? ਆਂਹਦੇ... ਲਛਮਣਾਂ ਮੈਨੂੰ ਉਹਦੇ ਮੱਥੇ ਨਾ ਲਾਈਂ, ਆਰਾਮ ਨਾਲ ਮਰਨ ਦੇ ਮੈਨੂੰ...।'

-ਇਹ ਤਾਂ ਚੰਗੀ ਗੱਲ ਨੀ ਭਾਈ; ਐਹੋ ਜੇ ਮੌਕੇ ਤਾਂ ਉਹਨੂੰ ਜ਼ਰੂਰ ਸੱਦਣਾ ਚਾਹੀਦੈ-।'

ਹੁਕਮ ਚੰਦ ਦੀ ਵੱਡੀ ਭੈਣ, ਇਕ ਪਾਸੇ ਖੜ੍ਹੀ, ਲਛਮਣ ਦੀਆਂ ਗੱਲਾਂ ਧਿਆਨ ਨਾਲ ਸੁਣਦਿਆਂ ਬੋਲੀ: 'ਜੇ ਸੱਚ ਪੁੱਛੋ ਤਾਂ ਉਹ ਸਾਰਿਆਂ ਤੋਂ ਵੱਡਾ ਐ ਤੇ ਰਸਮ ਪਗੜੀ ਵੇਲੇ, ਉਹਦਾ ਹੱਕ ਪਹਿਲਾਂ ਬਣਦੈ। ਕੀ ਹੋਇਆ ਜੇ ਪਰਮਾਤਮਾ ਨੇ ਉਹਨੂੰ ਅੱਖਾਂ ਤੋਂ ਆਰੀ ਕਰਤਾ। ਕਦੇ ਤੁਸੀਂ ਸਾਰੇ ਉਹਨੂੰ ਪੁੱਛਕੇ ਗੱਲ ਕਰਦੇ ਹੁੰਦੇ ਸੀ।'

ਲਛਮਣ, ਭੂਆ ਵੱਲ ਕੌੜਾ ਝਾਕਿਆ-'ਤੈਨੂੰ ਪਤਾ ਤਾਂ ਹੈ ਭੂਆ ਉਹਦੀ ਹਾਲਤ ਦਾ। ਜਦੋਂ ਪਿੱਛੇ ਆਇਆ ਸੀ, ਨਾ ਉਹਨੂੰ ਗੁਸਲਖਾਨੇ ਦਾ ਪਤਾ ਲੱਗੇ ਨਾ ਰਸੋਈ ਦੀ ਸਮਝ ਆਵੇ। ਸੌ ਵਾਰੀ ਸਮਝਾਇਆ ਸੀ, ਬਈ ਐਧਰ ਖੱਬੇ ਹੱਥ ਗੁਸਲਖਾਨੈ। ਫੇਰ ਵੀ ਭੁੱਲ ਜਾਂਦਾ ਸੀ, ਰਸੋਈ 'ਚ ਹੀ ਪਸ਼ਾਬ ਕਰ ਆਉਂਦਾ ਸੀ। ਦੁਖੀ ਹੋਇਆ, ਗੱਡੀ ਚੜ੍ਹ ਆਇਆ। ਬਾਊ ਜੀ ਨੂੰ ਸਾਂਭਦਾ ਕਿ ਉਹਨੂੰ?'

-ਤੈਨੂੰ ਈ ਰਿਸ਼ਤੇਦਾਰਾਂ ਦੀਆਂ ਗੱਲਾਂ ਸੁਣਨੀਆਂ ਪੈਣਗੀਆਂ।' ਭੂਆ ਨੇ ਦਲੀਲ ਦਿੱਤੀ।

-ਜਿਹੜੇ ਗੱਲਾਂ ਸੁਣਾਉਣਗੇ, ਉਹ ਇਕ ਦਿਨ ਰੱਖ ਕੇ ਵਿਖਾਉਣ ਕ੍ਰਿਸ਼ਨ ਨੂੰ। ਮੈਨੂੰ ਪਤਾ ਐ ਭੂਆ, ਕਿੰਨਾ ਔਖਾ ਹੁੰਦਾ ਐ, ਲੈਟਰੀਨ ਉਹ ਜਾਕੇ ਆਉਂਦਾ ਸੀ ਤੇ ਸਾਫ਼ ਸਾਨੂੰ ਕਰਨੀ ਪੈਂਦੀ ਸੀ। ਤੂੰ ਸਿਆਣੀ ਐਂ ਭੂਆ, ਸੋਚ ਭਲਾਂ ਜੇ ਐਸ ਮੌਕੇ ਆ ਵੀ ਜਾਵੇ ਤਾਂ ਮੈਂ ਆਈਆਂ ਮਕਾਣਾਂ ਨੂੰ ਸਾਂਭਾਂਗਾ ਕਿ ਉਹਨੂੰ? ਭਰਾ ਹੈਗੇ ਈ ਨੇ, ਤੈਨੂੰ ਪਤਾ ਈ ਐ ਸਸਕਾਰ ਵਾਲੇ ਦਿਨ ਸ਼ਮਸ਼ਾਨ ਘਾਟ ਤੋਂ ਸਿੱਧੇ ਆਪਣੇ ਘਰ ਚਲੇ ਗਏ। ਚਲੋ ਮੰਨ ਲਿਆ, ਉਹ ਸੋਚਦੇ ਹੋਣਗੇ, ਬਾਊ ਜੀ ਮੇਰੇ ਨਾਲ ਰਹਿੰਦੇ ਸੀ। ਪਰ ਪੁੱਤ ਹੋਣ ਦੇ ਨਾਤੇ ਉਹਨਾਂ ਦਾ ਵੀ ਤਾਂ ਕੋਈ ਫ਼ਰਜ਼ ਬਣਦੈ। ਕ੍ਰਿਸ਼ਨ ਲਾਲ ਉਹਨਾਂ ਦਾ ਵੀ ਤਾਂ ਭਰਾ ਐ..।'

-ਚਲ ਉਹ ਜਾਣੇ ਲਛਮਣਾਂ, ਭੋਗ ਵਾਲੇ ਦਿਨ ਤਾਈਂ ਜੇ ਕ੍ਰਿਸ਼ਨ ਆ ਗਿਆ ਤਾਂ ਮੈਂ ਲੈ ਜਾਊਂ ਉਹਨੂੰ ਆਪਣੇ ਘਰ। ਤੂੰ ਤਾਰ ਪਾ ਦੇ ਉਹਨੂੰ ਵੀ, ਵਿਚਾਰਾ ਇਕ ਵਾਰੀ; ਸਾਰੇ ਆਏ, ਰਿਸ਼ਤੇਦਾਰਾਂ ਨੂੰ ਮਿਲ ਲਊਗਾ। ਬੰਦੇ ਦਾ ਕੀ ਪਤਾ ਲਗਦਾ ਐ ਹੁਣੇ ਸੀ, ਹੁਣੇ ਹੈ ਨਹੀਂ...।'

ਭੂਆ ਦੀ ਗੱਲ 'ਤੇ ਲਛਮਣ ਨਾ ਚਾਹੁੰਦਾ ਹੋਇਆ ਵੀ, ਅੱਧਾ ਕੁ ਸਹਿਮਤ ਹੋ ਗਿਆ। ਫਿਰ ਪਗੜੀ ਦੀ ਰਸਮ ਵਾਲੇ ਦਿਨ ਬਾਰੇ ਵਿਚਾਰਾਂ ਹੋਣ ਲੱਗੀਆਂ। ਕਿੰਨਾ ਕੁ ਇਕੱਠ ਕਰਨਾ ਹੈ। ਪਕਵਾਨ ਕਿਸ ਤਰ੍ਹਾਂ ਦੇ ਹੋਣਗੇ? ਆਏ ਰਿਸ਼ਤੇਦਾਰਾਂ ਨੂੰ ਕੀ ਦੇਣਾ ਹੈ? ਕਿਸ ਕਿਸ ਨੂੰ ਪਗੜੀ ਦਵਾਉਣੀ ਹੈ? ਪੰਡਤ ਜੀ ਦੇ ਬਸਤਰਾਂ ਵਿਚ ਕੀ ਕੁਝ ਹੋਣਾ ਚਾਹੀਦਾ ਹੈ? ਦੂਸਰੇ ਭਾਈਆਂ ਨਾਲ ਰਾਇ ਕਰ ਲੈਣੀ ਚਾਹੀਦੀ ਹੈ ਕਿ ਨਹੀਂ?

-ਮੈਂ ਤਾਂ ਸੁਣਿਐਂ-ਇਕ ਰਿਸ਼ਤੇਦਾਰ ਬੋਲਿਆ-'ਦੂਸਰੇ ਭਾਈ ਕਹਿੰਦੇ ਨੇ ਆਪੋ ਆਪਣੇ ਘਰੀਂ ਗਰੜ ਦਾ ਪਾਠ ਕਰਵਾ ਕੇ ਭੋਗ ਪਾ ਲਓ, ਆਪਣੇ ਆਪਣੇ ਰਿਸ਼ਤੇਦਾਰ ਬੁਲਵਾ ਕੇ ਪਗੜੀਆਂ ਲੇ ਲਓ...।'

-ਇੰਜ ਤਾਂ ਲੋਕ ਹੱਸਣਗੇ। ਆਪਾਂ ਬੁਲਾਵਾਂਗੇ ਉਹਨਾਂ ਨੂੰ, ਸਮਝਾਵਾਂਗੇ। ਜਿਹੜਾ ਵਿਚਾਰ ਰਲ ਮਿਲ ਕੇ ਹੋ ਜਾਏ, ਉਹਦੇ ਵਰਗੀ ਹੋਰ ਕੋਈ ਸ਼ੈਅ ਨਹੀਂ। ਲਛਮਣਾਂ, ਤੂੰ ਫ਼ਿਕਰ ਨਾ ਕਰ ਪੁੱਤਰ,



ਤੇਰੇ ਇਕੱਲੇ ਦੇ ਸਿਰ 'ਤੇ ਬੋਝ ਨਹੀਂ ਆਉਣ ਦਿੰਦੇ। ਤੂੰ ਪਹਿਲਾਂ ਕੰਮ ਇਹ ਕਰ, ਜਾ ਕੇ ਆਪਣੀ ਦੁਕਾਨ ਖੋਹਲ। ਦੁਨੀਆਂਦਾਰੀ ਤਾਂ ਚਲਦੀ ਹੀ ਰਹਿਣੀ ਚਾਹੀਦੀ ਐ। ਇਹ ਖੜ੍ਹਿਆਂ ਸਰਾਪ ਦਿੰਦੀ ਐ..।' ਇਕ ਬਜ਼ੁਰਗ ਰਿਸ਼ਤੇਦਾਰ ਨੇ ਲਛਮਣ ਨੂੰ ਸਮਝਾਇਆ।

ਫਿਰ ਜਾਣ ਵਾਲੇ, ਰਸਮ ਪਗੜੀ ਵਾਲੇ ਦਿਨ ਆਉਣ ਦਾ ਵਾਅਦਾ ਕਰਕੇ ਚਲੇ ਗਏ। ਉਸ ਤੋਂ ਕੁਝ ਦੇਰ ਬਾਅਦ ਜਾ ਕੇ ਲਛਮਣ ਨੇ ਦੁਕਾਨ ਖੋਹਲ ਲਈ।

ਉਸਦਾ ਗੁਆਂਢੀ ਦੁਕਾਨਦਾਰ ਗੁਪਤਾ, ਜਿਹੜਾ ਆਪਣੇ ਰੁਝੇਵਿਆਂ ਕਾਰਨ, ਨਾ ਹੀ ਹੁਕਮ ਚੰਦ ਦੇ ਸਸਕਾਰ ਵੇਲੇ ਪਹੁੰਚ ਸਕਿਆ ਸੀ, ਤੇ ਨਾ ਹੀ ਬਾਅਦ ਵਿਚ ਅਫਸੋਸ ਕਰਨ ਜਾ ਸਕਿਆ ਸੀ, ਹੁਣ ਮੌਕਾ ਵੇਖਕੇ ਚਿਹਰੇ ਉਪਰ ਸੋਗ ਦੀ ਪਰਤ ਚੜ੍ਹਾਈ, ਲਛਮਣ ਦਾਸ ਕੋਲ ਜਾ ਖਲੋਤਾ, ਤੇ ਡੂੰਘੀ ਜਿਹੀ ਆਵਾਜ਼ ਕੱਢ ਕੇ ਬੋਲਿਆ, '-ਬਾਊ ਜੀ ਦੇ ਤੁਰ ਜਾਣ ਦਾ ਤਾਂ ਬਹੁਤ ਮਾੜਾ ਹੋਇਆ। ਬਜ਼ੁਰਗਾਂ ਦਾ ਤਾਂ, ਘਰ ਜਾਂ ਦੁਕਾਨ 'ਤੇ ਬੈਠਿਆਂ ਦਾ ਆਸਰਾ ਹੀ ਬੜਾ ਹੁੰਦੈ। ਜਿਹੋ ਜਾ ਘਰ ਨੂੰ ਤਾਲਾ ਲਗਾ ਗਏ, ਜਿਹੋ ਜਾ ਇਹਨਾਂ ਨੂੰ ਘਰ ਬਿਠਾ ਗਏ। ਜਦੋਂ ਮੇਰੇ ਬਾਊ ਜੀ ਸੀਗੇ... ਮੈਂ ਦਿੱਲੀ-ਦੱਖਣ ਘੁੰਮ ਆਉਂਦਾ ਸੀ... ਹੁਣ ਦੇਖ ਲਾ ਤੇਰੇ ਘਰ ਤਕ ਨੀ ਆ ਹੋਇਆ...' ਗੁਪਤੇ ਨੇ ਹਉਕੇ ਵਾਂਗ ਸਾਹ ਲਿਆ ਤੇ ਫਿਰ ਰਸਮ ਪਗੜੀ ਵਾਲੀ ਤਾਰੀਖ਼ ਪੁੱਛ ਕੇ ਚਲਿਆ ਗਿਆ।

ਰਸਮੀ ਜਿਹਾ ਵਿਖਾਵਾ ਕਰਨ ਹੋਰ ਦੁਕਾਨਦਾਰ ਵੀ ਆਏ। ਲਛਮਣ ਨੂੰ ਹੌਂਸਲਾ ਰੱਖਣ ਤੇ 'ਰਾਜੇ ਰੌਣ ਤੁਰ ਗਏ' ਵਰਗੀਆਂ ਗੱਲਾਂ ਵੀ ਕੀਤੀਆਂ। ਪਰ ਲਛਮਣ ਘਰ ਵਾਂਗ ਉਦਾਸ ਹੀ ਰਿਹਾ। ਉਹ ਆਉਣ ਵਾਲਿਆਂ ਖਰਚਿਆਂ ਨੂੰ ਸੋਚਦਾ ਪਰੇਸ਼ਾਨ ਸੀ। ਮਕਾਣਾਂ ਆਉਣਗੀਆਂ। ਮੁਹੱਲੇ ਵਾਲੇ ਅਤੇ ਹੋਰ ਜਾਣ-ਪਹਿਚਾਣ ਵਾਲੇ ਆਉਂਦੇ ਰਹਿਣਗੇ। ਕਿਸੇ ਨੂੰ ਚਾਹ, ਕਿਸੇ ਨੂੰ ਭੋਜਨ ਤਾਂ ਪੁੱਛਣਾ ਹੀ ਪਵੇਗਾ। ਪਗੜੀ ਦੀ ਰਸਮ ਵਾਲੇ ਦਿਨ ਕਨਾਤਾਂ ਲਾਉਣੀਆਂ ਪੈਣਗੀਆਂ। ਹਰ ਇਕ ਲਈ ਭੋਜਨ ਦਾ ਪ੍ਰਬੰਧ ਕਰਨਾ ਪਏਗਾ। ਜੇ ਦੂਸਰੇ ਭਾਈਆਂ ਨੇ ਆਪਣਾ ਬਣਦਾ ਹਿੱਸਾ ਦੇਣੋਂ ਨਾਂਹ ਕਰ ਦਿੱਤੀ ਫੇਰ? ਆਖ ਸਕਦੇ ਨੇ... ਤੈਨੂੰ ਬਾਊ ਜੀ ਨੇ ਬਥੇਰਾ ਕੁਝ ਗੁਪਤ ਦਿੱਤਾ ਹੋਏਗਾ। ਸ਼ੱਕ ਤਾਂ ਉਹਨਾਂ ਨੂੰ ਹੈ ਈ। ਏਸੇ ਕਰਕੇ ਤਾਂ ਮੂੰਹ ਫੁਲਾਈ ਰਖਦੇ ਨੇ...।

ਇਕ ਗਾਹਕ ਨੇ ਉਸਦੀ ਸੋਚ ਭੰਗ ਕਰ ਦਿੱਤੀ। ਲਛਮਣ ਨੇ ਉਸਨੂੰ ਖਾਲੀ ਮੋੜ ਦਿੱਤਾ। ਖਰਚਿਆਂ ਦੇ ਫ਼ਿਕਰ ਨਾਲੋਂ, ਇਕ ਹੋਰ ਡਰਾਉਣਾ ਫ਼ਿਕਰ ਉਸਨੂੰ ਕ੍ਰਿਸ਼ਨ ਲਾਲ ਦਾ ਸੀ...

-ਜੇ ਕ੍ਰਿਸ਼ਨ ਲਾਲ ਆ ਗਿਆ? ਕਿਵੇਂ ਕੱਢਾਂਗਾ ਉਹਨੂੰ? ਅੱਗੇ ਤਾਂ ਬਾਊ ਜੀ ਕਹਿ ਦਿੰਦੇ ਸਨ, ਇਸ ਨੂੰ ਹੁਣੇ ਵਾਪਸ ਗੱਡੀ ਚੜ੍ਹਾਦੇ। ਇਸ ਨਾ ਮੁਰਾਦ ਨੂੰ ਮੈਂ ਵੇਖਣਾ ਨਹੀਂ ਚਾਹੁੰਦਾ। ਹੁਣ ਰਿਸ਼ਤੇਦਾਰਾਂ ਨੇ ਆਖਣਾ ਐ 'ਪਗੜੀ ਦੀ ਰਸਮ ਵਾਲੇ ਦਿਨ ਤਾਈਂ ਤਾ ਰੱਖਲਾ। ਤੇਰਾ ਵੱਡਾ ਭਾਈ ਹੈ'। ਜੇ ਨਾ ਰੱਖਿਆ ਲਾਹਣਤਾਂ ਪਾਉਣਗੇ। ਉਦੋਂ ਵੀ ਤਾਂ ਬਥੇਰੀ ਥੂ-ਥੂ ਕੀਤੀ ਸੀ, ਜਦੋਂ ਬਾਊ ਜੀ ਦੇ ਕਹਿਣ 'ਤੇ ਬੰਬਈ ਤੋਂ ਆਏ ਕ੍ਰਿਸ਼ਨ ਨੂੰ ਭੁੱਖਾ-ਭਾਣਾ ਉਸੇ ਤਰ੍ਹਾਂ ਵਾਪਸ ਮੋੜ ਦਿੱਤਾ ਸੀ। ਭੂਆ ਵੀ ਗੁੱਸੇ ਹੋਈ ਸੀ। ਆਂਹਦੀ ਸੀ ਰਾਤ ਤਾਂ ਕਟਾਉਂਦੇ, ਲੋਕ ਤੁਰੇ ਜਾਂਦੇ ਰਾਹੀਆਂ ਨੂੰ ਵੀ ਰੱਖ ਲੈਂਦੇ ਐ।

ਮੁਹੱਲੇ ਵਾਲਿਆਂ ਵੀ ਬਥੇਰੀਆਂ ਗੱਲਾਂ ਕੀਤੀਆਂ ਸਨ। ਅਕੇ ਜਦੋਂ ਕ੍ਰਿਸ਼ਨ ਦਾ ਰਿਕਸ਼ਾ ਬੂਹੇ ਵਿਚ ਆਕੇ ਰੁਕਿਆ ਤਾਂ ਲਛਮਣ ਦੀ ਘਰ ਵਾਲੀ ਨੇ ਬੂਹਾ ਬੰਦ ਕਰ ਲਿਆ ਸੀ। ਤੇ ਆਖ ਦਿੱਤਾ ਸੀ, 'ਕੋਈ ਘਰੇ ਹੈ ਨਹੀਂ...।'

ਲਛਮਣ ਅੱਜ ਵੀ ਸੋਚਦਾ ਸੀ, ਉਸਦੀ ਘਰ ਵਾਲੀ ਨੇ ਠੀਕ ਹੀ ਕੀਤਾ ਸੀ, ਜਦੋਂ ਸ਼ਹਿਰ ਵਿਚ,ਉਸਦੇ ਹੋਰ ਦੋ ਭਾਈ ਵੀ ਰਹਿੰਦੇ ਹਨ, ਕ੍ਰਿਸ਼ਨ ਲਾਲ ਉਧਰ ਕਿਉਂ ਨਹੀਂ ਜਾਂਦਾ। ਲਛਮਣ ਕਈ ਰਿਸ਼ਤੇਦਾਰਾਂ ਨਾਲ ਗੁੱਸੇ ਵੀ ਹੋਇਆ ਸੀ, ਜਦੋਂ ਉਹਨਾਂ ਕਿਹਾ ਸੀ, 'ਕ੍ਰਿਸ਼ਨ ਆਪਣੇ ਬਾਊ ਜੀ ਕੋਲ

ਨੀ ਆਊਗਾ ਤਾਂ ਹੋਰ ਕਿਥੇ ਆਊਗਾ? ਭਾਈ ਤਾਂ ਸ਼ਰੀਕ ਬਣ ਜਾਂਦੇ ਨੇ-।' ਲਛਮਣ ਸਮਝਦਾ ਸੀ, ਬਾਊ ਜੀ ਦਾ ਮੇਰੇ ਨਾਲ ਰਹਿਣਾ ਇਸ ਗੱਲੋਂ ਸਰਾਪ ਈ ਬਣ ਗਿਆ, ਫੇਰ ਤਾ। ਭਾਵੇਂ ਬਾਊ ਜੀ, ਲੋਕਾਂ ਨੂੰ, ਰਿਸ਼ਤੇਦਾਰਾਂ ਨੂੰ ਲੱਖ ਸਮਝਾਉਂਦੇ ਰਹੇ- 'ਇਹ ਨਾਮੁਰਾਦ ਕਿਹੜਾ ਮੂੰਹ ਲੈ ਕੇ ਮੇਰੇ ਕੋਲ ਆਉਂਦਾ ਹੈ? ਮੈਨੂੰ ਪੌਂਡ ਭੇਜਦਾ ਰਿਹਾ ਹੈ? ਜਦੋਂ ਇਸਦੀ ਘਰ ਵਾਲੀ, ਇਸਦੇ ਬੱਚੇ, ਇਸ ਨੂੰ ਧੱਕੇ ਦੇ ਕੇ ਕੱਢ ਦਿੰਦੇ ਐ ਤਾਂ ਲਛਮਣ ਵਿਚਾਰਾ ਇਸਨੂੰ ਕਿਵੇਂ ਸਾਂਭੇ?' ਫੇਰ ਬਾਊ ਜੀ ਰੋਣ ਲੱਗ ਪੈਂਦੇ ਸੀ...। 'ਏਸ ਕੰਜਰ ਨੂੰ ਸੁਣਦਾ ਨੀ ਹੈ, ਦਿੱਸਦਾ ਨੀ ਹੈ। ਹੋਰ ਵੀਹ ਬੀਮਾਰੀਆਂ ਲੁਆਈ ਫਿਰਦੈ...। ਮੈਂ ਹੋਰ ਦੋ ਸਾਲ ਬੈਠਾ ਰਹਿੰਦਾ, ਪਰ ਏਸ ਦਾ ਦੁੱਖ ਮੈਨੂੰ ਲੈ ਬੈਠੂ। ਮੈਂ ਨੀ ਹੁਣ ਬਚਦਾ...।' ਬਾਊ ਜੀ ਦੀਆਂ ਗੱਲਾ ਸੋਚਦਿਆਂ ਲਛਮਣ ਦੀਆਂ ਅੱਖਾਂ ਭਰ ਆਈਆਂ ਤੇ ਨਾਲ ਹੀ ਹਉਕਾ ਨਿਕਲ ਗਿਆ।

ਉਸੇ ਵੇਲੇ ਹੀ ਲਛਮਣ ਦਾ ਛੋਟਾ ਲੜਕਾ, ਘਰੋਂ ਸੁਨੇਹਾ ਲੈ ਕੇ ਆਇਆ।

-ਡੈਡੀ ਜੀ, ਬੰਬੇ ਤੋਂ ਅੰਕਲ ਆਏ ਨੇ, ਮੰਮੀ ਨੇ ਕਿਹਾ ਐ ਘਰ ਆ ਜੋ-।'

-ਕਿਹੜੇ ਅੰਕਲ?' ਬਦਹਵਾਸ ਹੋਏ ਲਛਮਣ ਨੇ ਕਾਹਲੀ ਨਾਲ ਪੁੱਛਿਆ। ਪਰ ਲੜਕੇ ਦੇ ਜਵਾਬ ਦੇਣ ਦਾ ਇੰਤਜ਼ਾਰ ਨਾ ਕਰ ਸਕਿਆ। ਪੁੱਛਿਆ- 'ਕ੍ਰਿਸ਼ਨ ਲਾਲ ਵੀ ਆਈਐ?'

-ਹਾਂ, ਉਹ ਅੰਕਲ ਵੀ ਨਾਲ ਆਏ ਨੇ-।'

ਲਛਮਣ ਦੇ ਸੁਆਸ ਰੁਕ ਗਏ। ਕੱਟੋ ਤਾਂ, ਖੂਨ ਨਹੀਂ ਹੈ। ਚਿਹਰੇ ਦਾ ਰੰਗ ਸਫੈਦ ਹੋ ਗਿਆ।

ਕਾਹਲੀ ਨਾਲ ਦੁਕਾਨ ਬੰਦ ਕਰਕੇ, ਪਹਿਲਾਂ ਉਹ ਆਪਣੀ ਭੂਆ ਦੇ ਘਰ ਵੱਲ ਨੱਠਿਆ; -ਭੂਆ, ਉਹ ਫੇਰ ਆ ਗਿਐ।' ਅੰਦਰ ਲੰਘਦਿਆਂ ਹੀ ਲਛਮਣ ਨੇ ਲੇਰ ਮਾਰਨ ਵਾਂਗ ਕਿਹਾ। ਯਕਦਮ, ਭੂਆ ਨੂੰ ਕੁਝ ਸਮਝ ਨਾ ਆਈ। ਹੈਰਾਨੀ ਨਾਲ ਉਹ ਲਛਮਣ ਦੇ ਮੂਹ ਵੱਲ ਤੱਕਣ ਲੱਗੀ

-ਕ੍ਰਿਸ਼ਨ ਆ ਗਿਐ ਭੂਆ। ਹੁਣ ਦੱਸ ਮੈਂ ਉਹਨੂੰ ਸਾਂਭੂ ਕਿ ਮਕਾਨਾ ਸਾਂਭੂ? ਏਥੇ ਆ ਕੇ ਉਹਨੇ ਲੈਣਾ ਕੀ ਸੀ? ਨਾ ਕੁਝ ਦਿਸੇ ਨਾ ਕੁਝ ਸੁਣੇ-। ਮੈਂ ਕਿਧਰ ਜਾਵਾਂ-?' ਭੂਆ ਨੂੰ ਜਾਪਿਆ, ਲਛਮਣ ਦਾ ਰੋਣ ਨਿਕਲ ਜਾਏਗਾ।

-ਵੇ ਹੁਣ ਆ ਹੀ ਗਿਆ ਐ ਤਾਂ ਕੀ ਹੋਇਆ?' ਭੂਆ ਸਹਿਜ ਨਾਲ ਬੋਲੀ- 'ਉਹੀ ਕ੍ਰਿਸ਼ਨ ਐ ਜਿਸਦੇ ਆਏ ਤੋਂ ਘਰ ਦੇ ਸਾਰੇ ਜੀਆਂ ਨੂੰ, ਸਣੇ ਹੁਕਮ ਚੰਦ, ਚਾਅ ਜੜ੍ਹ ਜਾਂਦਾ ਹੁੰਦਾ ਸੀ। ਕੋਈ ਨਾ, ਜੇ ਤੈਥੋਂ ਨਾ ਸਾਂਭਿਆ ਗਿਆ ਤਾਂ ਮੈਂ ਲੈ ਆਊਂ ਇਧਰ। ਤੂੰ ਸੰਸਾ ਨਾ ਕਰ ਤੇ ਨਾ ਹੀ ਵਿਚਾਰੇ ਨੂੰ ਉੱਚਾ-ਨੀਵਾ ਬੋਲੀਂ। ਉਹ ਤਾ ਪਹਿਲਾ ਹੀ ਦੁਖੀ ਐ, ਉਹਦੀ ਆਤਮਾ ਹੋਰ ਨਾ ਤੜਪਾਈਂ। ਜਾਹ ਘਰ ਨੂੰ, ਮਿਲ ਉਹਨਾਂ ਨੂੰ; ਮੈਂ ਵੀ ਆਉਂਨੀਂ ਐਂ ਤੇਰੇ ਮਗਰ'।

ਭੂਆ ਦੇ ਫਿਟਕਾਰ ਵਰਗੇ ਬੋਲ ਸੁਣਕੇ, ਲਛਮਣ ਢਿੱਲਾ ਜਿਹਾ ਹੋਕੇ, ਆਪਣੇ ਘਰ ਨੂੰ ਤੁਰ ਪਿਆ।

ਤੁਰੇ ਜਾਂਦੇ ਲਛਮਣ ਨੂੰ, ਭੂਆ ਤ੍ਰਿਸਕਾਰ ਭਰੀ ਨਿਗਾਹ ਨਾਲ ਵੇਖਦੀ ਰਹੀ। ਉਸਦੇ ਚਿਹਰੇ 'ਤੇ ਵਿਅੰਗਮਈ ਮੁਸਕਾਣ ਫ਼ੈਲ ਗਈ।-' ਕਦੇ ਏਹੀ ਲਛਮਣ ਕ੍ਰਿਸ਼ਨ ਦੇ ਆਏ ਤੋਂ ਉਡਿਆ ਫਿਰਦਾ ਹੁੰਦਾ ਸੀ।। ਹੁਕਮ ਚੰਦ ਮਾਣ ਨਾਲ ਛਾਤੀ ਚੌੜੀ ਕਰਕੇ ਦੱਸਦਾ ਹੁੰਦਾ ਸੀ- ਆਪਣਾ ਪੁੱਤਰ ਕ੍ਰਿਸ਼ਨ ਆਇਐ, ਝਾਈ ਲਈ ਬਨਾਰਸੀ ਸਾੜ੍ਹੀ ਮੇਰੇ ਲਈ ਵਧੀਆ ਸੂਟ, ਬੱਚਿਆਂ ਲਈ ਕਪੜੇ, ਟਾਫੀਆ... ਹੁਕਮ ਚੰਦ ਦੇ ਦੂਸਰੇ ਲੜਕੇ ਵੀ, ਕ੍ਰਿਸ਼ਨ ਨੂੰ ਉਚੇਚੀਆਂ ਦਾਅਵਤਾਂ ਦਿੰਦੇ। ਪਾਰਟੀਆਂ ਕਰਦੇ। ਉਦੋਂ ਤਾਂ ਜਾਣ-ਪਹਿਚਾਣ ਵਾਲੇ ਵੀ ਕ੍ਰਿਸ਼ਨ ਦੀ ਆਉ-ਭਗਤ ਕਰਦੇ। ਸੋਚਦੇ ਹੋਣਗੇ, ਕੀ ਪਤਾ, ਚੰਗੇ ਬੰਦੇ



ਦੀ ਕਿਹੜੇ ਵੇਲੇ ਲੋੜ ਪੈ ਜਾਏ...।

-ਉਹ ਵੀ ਕੇਹੇ ਦਿਨ ਸਨ..' ਭੂਆ ਦੇ ਚਿਹਰੇ 'ਤੇ ਫਿਰ ਕੁੜੱਤਣ ਭਰੀ ਮੁਸਕਾਨ ਆ ਗਈ।

ਕ੍ਰਿਸ਼ਨ ਪਹਿਲਾਂ ਆਪਣੇ ਛੋਟੇ ਭਰਾ ਨੂੰ ਬੰਬਈ ਨਾਲ ਲੈ ਕੇ ਗਿਆ। ਫਿਰ ਉਸ ਤੋਂ ਛੋਟੇ ਨੂੰ। ਉਹਨਾਂ ਨੂੰ ਆਪਣੇ ਕੋਲ ਰੱਖਿਆ, ਸਾਂਭਿਆ, ਕੰਮਾਂ 'ਤੇ ਲਾਇਆ। ਉਦੋਂ ਤਾਂ ਹੁਕਮ ਚੰਦ ਵੀ ਕ੍ਰਿਸ਼ਨ ਨੂੰ 'ਹੀਰਾ' ਪੁੱਤਰ ਆਖ ਕੇ ਵਡਿਆਉਂਦਾ ਹੁੰਦਾ ਸੀ। ਉਦੋਂ ਹਰ ਰਿਸ਼ਤੇਦਾਰ, ਕ੍ਰਿਸ਼ਨ ਲਾਲ ਨਾਲ ਆਪਣੀ ਨੇੜਤਾ ਦਿਖਾਉਣ ਦੀ ਕੋਸ਼ਿਸ਼ ਕਰਦਾ ਹੁੰਦਾ ਸੀ। ਸੋਚਦਿਆਂ ਭੂਆ ਦਾ ਹਉਕਾ ਨਿਕਲ ਗਿਆ।. ਹੁਣ ਉਹੀ ਕ੍ਰਿਸ਼ਨ ਐ, ਨਾ ਘਰ ਵਾਲੀ ਬਾਤ ਪੁੱਛਦੀ ਹੈ, ਨਾ ਬੱਚੇ, ਨਾ ਭਰਾ।

ਭੂਆ ਨੂੰ ਯਾਦ ਆਇਆ, ਅੱਖਾਂ ਚਲੀਆਂ ਜਾਣ ਤੋਂ ਬਾਅਦ, ਜਦੋਂ ਕ੍ਰਿਸ਼ਨ ਪਹਿਲੀ ਵਾਰ ਉਸਨੂੰ ਮਿਲਣ ਆਇਆ ਸੀ ਤਾਂ ਬੱਚਿਆਂ ਵਾਂਗ ਭੁੱਬੀਂ ਰੋ ਪਿਆ ਸੀ। ਉਸ ਦੀਆਂ ਅੱਖਾਂ ਦੀ ਜੋਤ ਕਾਹਦੀ ਚਲੀ ਗਈ, ਦੁਰਦਸ਼ਾ ਹੀ ਹੁੰਦੀ ਚਲੀ ਗਈ। ਆਪਣੀ ਅੱਖੀਂ ਦੇਖਿਆ ਭਾਲਿਆ ਥਾਂ ਵੀ ਇਸ ਤਰ੍ਹਾਂ ਲੱਗਿਆ ਕਰੇ, ਜਿਵੇਂ ਅਗਲੇ ਕਦਮ 'ਤੇ ਹੀ ਉਹ ਕਿਸੇ ਅੰਨ੍ਹੇ ਖੂਹ-ਖਾਤੇ ਵਿਚ ਡਿਗ ਪਵੇਗਾ। ਭੂਆ ਨੂੰ ਉਸ ਨੇ ਦੱਸਿਆ ਸੀ :

-ਇਕ ਦਿਨ ਫੈਕਟਰੀ 'ਚ ਕੰਮ ਕਰਦਿਆਂ ਧੁੰਦ ਹੀ ਧੁੰਦ ਦਿਸਣ ਲੱਗ ਪਈ ਅਚਾਨਕ-ਤੇ ਉਹ ਮੈਨੂੰ ਘਰ ਛੱਡ ਗਏ। ਸਾਧੂ ਸੰਤਾਂ ਕੋਲ ਵੀ ਬਥੇਰਾ ਗਏ। ਟੂਣੇ-ਟਾਮਣ ਵੀ ਕਰਾਏ। ਡਾਕਟਰਾਂ ਕੋਲ ਵੀ ਗਏ। ਪਰ ਅੱਖਾਂ ਮੂਹਰੇ ਆਈ ਧੁੰਦ ਸੰਘਣੀ ਹੀ ਹੁੰਦੀ ਗਈ।

ਜਿਵੇਂ ਜਿਵੇਂ, ਸਾਧੂ ਸੰਤ ਤੇ ਡਾਕਟਰ ਜਵਾਬ ਦਿੰਦੇ ਗਏ, ਤਿਵੇਂ ਤਿਵੇਂ ਕ੍ਰਿਸ਼ਨ ਦੀ ਕਦਰ ਘਟਦੀ ਗਈ। ਜੇ ਕਪੜੇ ਮੈਲੇ ਹਨ ਤਾਂ ਮੈਲੇ ਹੀ ਹਨ। ਉਧੜੇ ਹਨ ਤਾਂ ਉਧੜੇ ਹੀ ਹਨ। ਨਹਾਉਣ ਦੀ ਇੱਛਾ ਹੋਈ ਤਾ ਕਹਿ ਦਿੱਤਾ, 'ਪਾਣੀ ਚਲਾ ਗਿਆ-।' ਸ਼ੇਵ ਕਰਾਉਣ ਨੂੰ ਮਨ ਕੀਤਾ ਤਾਂ ਆਖਿਆ- 'ਤੈਨੂੰ ਲੈ ਕੇ ਜਾਣ ਵਾਲਾ ਕੋਈ ਨਹੀ-।'

ਦਾੜ੍ਹੀ ਵਧ ਗਈ। ਸਿਰ ਦੇ ਵਾਲ ਜਟਾ ਵਾਂਗ ਬਣ ਗਏ। ਜਿਸ ਨੇ ਕ੍ਰਿਸ਼ਨ ਨੂੰ ਕੁਝ ਮਹੀਨੇ ਪਹਿਲਾਂ ਦੇਖਿਆ ਸੀ ਉਸ ਲਈ ਤਾਂ ਕ੍ਰਿਸ਼ਨ ਨੂੰ ਪਹਿਚਾਨਣਾ ਹੀ ਮੁਸ਼ਕਲ ਹੋ ਗਿਆ।

-ਕਿੰਨੀ ਨਿਰਮੋਹੀ ਹੋ ਜਾਂਦੀ ਐ ਦੁਨੀਆਂ-? ' ਭੂਆ ਨੇ ਲੰਬਾ ਹਉਕਾ ਲਿਆ। ... ਉਸ ਨੂੰ ਯਾਦ ਆਇਆ, ਇਕ ਵਾਰੀ ਅੰਮ੍ਰਿਤਸਰ ਅੱਖਾਂ ਵਿਖਾਉਣ ਗਿਆ, ਮੁੜਕੇ ਆਇਆ, ਉਸ ਕੋਲ ਰੋਣ ਲੱਗ ਪਿਆ; 'ਭੂਆ, ਖਾਣ ਨੂੰ ਰੋਟੀ ਮੰਗਦਾ ਹਾਂ ਤਾਂ ਤੇਰੀ ਨੂੰਹ ਆਖ ਦੇਂਦੀ ਹੈ, ਜਿਹੜੀ ਤੂੰ ਕਣਕ ਲਿਆ ਕੇ ਦਿੱਤੀ ਸੀ, ਉਹ ਮੁੱਕ ਗਈ। ਪਾਣੀ ਨਹਾਉਣ ਨੂੰ ਤਾਂ ਕੀ ਦੇਣਾ ਸੀ, ਪੀਣ ਨੂੰ ਵੀ ਨਹੀਂ ਦਿੰਦੇ। ਬੱਚੇ ਵੀ ਆਪਣੇ ਵਰਗੇ ਬਣਾ ਲਏ। ਪਿੰਡੇ 'ਤੇ ਖੁਰਕ ਪੈ ਗਈ। ਸਾਰਾ ਸਾਰਾ ਦਿਨ ਚਮੜੀ ਨੂੰ ਖੁਰਕੀ ਜਾਨੈ। ਬਥੇਰਾ ਰੋਂਦਾ ਤੇ ਕੁਰਲਾਉਂਦੈਂ, ਪਰ ਕੋਈ ਸੁਣਦਾ ਹੀ ਨਹੀ। ਮੈਨੂੰ ਆਖਦੇ ਨੇ- ਜੇ ਕੁੱਤੇ ਵਾਂਗ ਭੌਂਕਣਾ ਐ ਤਾਂ ਬਾਹਰ ਜਾ ਕੇ ਸੜਕ 'ਤੇ ਭੌਂਕ। ਇਕ ਤਾਂ ਭੂਆ ਧੱਕੇ ਮਾਰ ਕੇ ਘਰੋਂ ਬਾਹਰ ਕੱਢ ਤਾ। ਆਂਹਦੀ ਭੀਖ ਮੰਗ ਕੇ ਰੋਟੀ ਖਾ ਲਾ, ਸਾਡੇ ਕੋਲ ਹੈ ਨੀ। ਮੈਂ ਆਖਿਆ, ਐਨੇ ਵਰ੍ਹੇ ਸਾਰੀ ਕਮਾਈ ਤੈਨੂੰ ਲਿਆ ਕੇ ਦਿੰਦਾ ਰਿਹਾ। ਕਹਿੰਦੀ ਮੈਂ ਕਿਹੜਾ ਆਪਣੇ ਯਾਰਾਂ ਨੂੰ ਖੁਆ ਆਈ ਐਂ।... ਭੂਆ, ਐਂ ਕਰਦੀ ਐ ਮੇਰੇ ਨਾਲ-। ਮੈਂ ਤਾਂ ਪੈਸੇ ਪੈਸੇ ਨੂੰ ਤਰਸ ਗਿਆ ਭੂਆ। ਤੈਨੂੰ ਪਤੈ ਭੂਆ, ਮੇਰੀਆਂ ਜੇਬਾਂ ਵਿਚ ਸਦਾ ਕੁਝ ਨਾ ਕੁਝ ਹੁੰਦਾ ਹੀ ਸੀ। ਘਰ ਦੇ ਕਿਸੇ ਜੀਅ ਨੂੰ ਵੀ ਮੈਂ ਖਰਚੇ ਲਈ ਤਰਸਣ ਨਹੀ ਸੀ ਦਿੱਤਾ। ਹੁਣ ਤਾਂ ਭੂਆ ਘਰ ਦਿਆਂ ਦਾ ਬਚਿਆ-ਖੁਚਿਆ ਮਿਲ ਗਿਆ ਤਾਂ ਖਾ ਲਿਆ, ਨਹੀਂ ਤਾਂ ਭੁੱਖਾ ਹੀ ਸੌਂ ਗਿਆ। ਮੇਰੀ ਨਿਗਾਹ ਤਾਂ ਬਣਨੀ ਨੀ ਭੂਆ। ਅੰਮ੍ਰਿਤਸਰ ਵਾਲੇ ਡਾਕਟਰਾਂ ਨੇ ਵੀ ਜਵਾਬ ਦੇ ਦਿੱਤਾ। ਮੈਨੂੰ ਮੌਤ ਕਿਉਂ ਨਹੀਂ ਆਉਂਦੀ ਭੂਆ-?' ਤੇ ਉਹ ਫਿਰ ਰੋਣ ਲੱਗ ਪਿਆ ਸੀ।

ਪੁਰਾਣੀਆਂ ਗੱਲਾਂ ਚੇਤੇ ਕਰਦਿਆਂ ਤੇ ਉਸਦੀ ਦੁਰਦਸ਼ਾ ਕਲਪਦਿਆਂ, ਭੂਆ ਦੀਆਂ ਅੱਖਾਂ ਭਰ ਆਈਆਂ... 'ਕੋਹੜੇ ਦੇ ਪਿਛਲੇ ਜਨਮ ਦੇ ਪਾਪ ਕੀਤੇ ਨੇ, ਜਿਹੜਾ ਇਹ ਰੁਲਦਾ ਫਿਰਦੈ। ਚਲੋ, ਦੇਖਾਂ ਤਾਂ ਸਹੀ, ਵਿਚਾਰੇ ਦੀ ਕੀ ਦੁਰਗਤੀ ਬਣਾਉਂਦੇ ਐ'। ਭੂਆ ਉਠ ਕੇ, ਚੁੰਨੀ ਬਦਲ ਕੇ, ਹੁਕਮ ਚੰਦ ਦੇ ਘਰ ਵੱਲ ਤੁਰ ਪਈ।

ਜਦੋਂ ਭੂਆ ਅੰਦਰ ਵੜੀ ਤਾਂ ਕ੍ਰਿਸ਼ਨ ਲਾਲ, ਬਾਊ ਜੀ ਦੇ ਮੰਜੇ ਦੀ ਬਾਹੀ ਫੜੀ ਰੋ ਰਿਹਾ ਸੀ। ਭੂਆ ਦਾ ਵੀ ਰੋਣ ਨਿਕਲ ਗਿਆ। ਤੇ ਉਸ ਨੇ ਰੋਂਦੇ ਕ੍ਰਿਸ਼ਨ ਨੂੰ ਆਪਣੀ ਬੁੱਕਲ ਵਿਚ ਲੈ ਲਿਆ। -'ਚੁੱਪ ਕਰ, ਐਂ ਰੋਣ ਨਾਲ ਤਾਂ ਤੇਰੇ ਬਾਊ ਜੀ ਨੇ ਮੁੜ ਕੇ ਨਹੀਂ ਆਉਣਾ-।' ਭੂਆ ਦੀ ਆਵਾਜ਼ ਪਛਾਣ ਕੇ ਕ੍ਰਿਸ਼ਨ ਹੋਰ ਉੱਚੀ ਰੋਣ ਲੱਗ ਪਿਆ। 'ਇਹ ਮੌਤ ਮੈਨੂੰ ਕਿਉਂ ਨਾ ਆਈ, ਭੂਆ? ਮੈਂ ਐਨੇ ਸਾਲਾਂ ਦਾ ਮੌਤ ਮੰਗੀ ਜਾਨੈ। ਮੈਨੂੰ ਮੌਤ ਨਹੀਂ ਆਉਂਦੀ ਓਏ ਰੱਬਾ।' ਉਹ ਜਿਵੇਂ ਵੈਣ ਪਾਉਣ ਲੱਗਾ।

-ਕਮਲਿਆ, ਇਹ ਤਾਂ ਜਦੋਂ ਲਿਖੀ ਐ ਉਦੋਂ ਹੀ ਆਉਣੀ ਐ, ਚੁੱਪ ਕਰ ਗੱਲਾਂ ਕਰੀਏ ਆਪਾਂ-।' ਭੂਆ ਨੇ ਚੁੱਪ ਕਰਾਇਆ।

-ਰਾਹ ਵਿਚ ਮੇਰਾ ਜੀਅ ਕਰਦਾ ਸੀ, ਗੱਡੀ 'ਚੋਂ ਛਾਲ ਮਾਰ ਕੇ ਮਰ ਜਾਵਾਂ। ਫਿਰ ਸੋਚਿਆ, ਜੇ ਸੱਟਾਂ-ਫੇਟਾਂ ਹੀ ਵੱਜੀਆਂ, ਲੱਤਾਂ ਬਾਹਾਂ ਹੀ ਟੁੱਟ ਗੀਆਂ, ਮੌਤ ਨਾ ਆਈ, ਫੇਰ ਤਾਂ ਏਦੂੰ ਵੀ ਭੈੜੀ ਹਾਲਤ ਹੋ ਜਾਊ, ਭੂਆ।'

ਭੂਆ ਉਸ ਦੀਆਂ ਜੋਤ-ਹੀਣ ਅੱਖਾਂ ਵੱਲ ਦੁਖੀ ਹੋ ਕੇ ਝਾਕੀ ਤੇ ਬੋਲੀ: 'ਕੀ ਪਤਾ ਅਜੇ ਕਰਮਾਂ 'ਚ ਕਿੰਨੇ ਦੁੱਖ ਲਿਖੇ ਐ'। ਫਿਰ ਉਸਨੂੰ ਧਰਵਾਸਾ ਦੇਣ ਲਈ ਕਿਹਾ: 'ਕੀ ਪਤਾ ਕ੍ਰਿਸ਼ਨ ਜਿਵੇਂ ਤੇਰੀ ਨਿਗਾਹ ਗਈ ਐ ਪਰਮਾਤਮਾ ਇਕ ਦਿਨ ਵਾਪਸ ਦੇ ਦੇਵੇ ਚਾਣਚੱਕ-।'

-ਐਂ ਤਾ ਭੂਆ ਮੈਨੂੰ ਦਿਨ ਤੇ ਰਾਤ ਦਾ ਪਤਾ ਲੱਗ ਜਾਂਦੈ। ਦਿਨੇ ਚਿੱਟੀ ਸੰਘਣੀ ਧੁੰਦ ਹੀ ਧੁੰਦ ਦਿਸਦੀ ਹੈ। ਰਾਤ ਨੂੰ ਧੁੰਦ ਕਾਲੀ ਹੋ ਜਾਂਦੀ ਹੈ। ਇਕ ਸਿਆਣੇ ਨੇ ਵੀ ਆਖਿਆ ਸੀ ਤੇਰੀ ਨਿਗਾਹ ਵਾਪਸ ਆ ਜਾਊਗੀ-।' ਭੂਆ ਨੇ ਵੇਖਿਆ, ਗੱਲਾਂ ਕਰਦਿਆਂ ਕ੍ਰਸ਼ਨ ਦੇ ਚਿਹਰੇ 'ਤੇ ਰੌਣਕ ਪਰਤਣ ਲੱਗੀ।

-ਤੈਨੂੰ ਕਿਵੇਂ ਪਤਾ ਲੱਗਿਆ ਕ੍ਰਿਸ਼ਨ, ਬਾਊ ਜੀ ਪੂਰੇ ਹੋ ਗਏ?'

-ਮੈਨੂੰ ਕਦੋਂ ਪਤਾ ਲੱਗਣ ਦੇਣਾ ਸੀ ਭੂਆ, ਤੇਰੀ ਨੂੰਹ ਗਈ ਸੀ ਓਧਰ ਛੋਟੇ ਦੇ ਘਰ। ਉਹ ਰੋਈ ਜਾਣ। ਇਹਨੂੰ ਮਿਲ ਗਿਆ ਬਹਾਨਾ ਮੈਨੂੰ ਘਰੋਂ ਕੱਢਣ ਦਾ। ਘਰ ਆਕੇ ਕਹਿੰਦੀ ਤੇਰਾ ਬਾਪੂ ਮਰ ਗਿਆ, ਭੋਗ 'ਤੇ ਜਾਇਆ। ਮੈਂ ਆਖਿਆ, ਮੈਨੂੰ ਕੋਈ ਚੱਜ ਦਾ ਕੁੜਤਾ ਪਜਾਮਾ ਈ ਸੁਆ ਦੇ। ਆਂਹਦੀ ਬਥੇਰੇ 'ਕੱਠੇ ਹੋਣਗੇ ਉਥੇ; ਲੈ ਲੀਂ ਉਹਨਾਂ ਤੋਂ...।'

-ਚੰਗਾ, ਮੈਂ ਦੂਸਰਿਆਂ ਨੂੰ ਮਿਲ ਲਵਾਂ।' ਆਖਕੇ ਭੂਆ ਹਉਕਾ ਲੈ ਕੇ ਉਠਣ ਲੱਗੀ ਤਾਂ ਕ੍ਰਿਸ਼ਨ ਨੇ ਭੂਆ ਦੀ ਬਾਂਹ ਫੜ ਲਈ; 'ਭੂਆ ਤਿੰਨ ਦਿਨ ਹੋਗੇ ਰੋਟੀ ਖਾਧੇ ਨੂੰ। ਲਛਮਣ ਨੂੰ ਕਹਿਕੇ ਮੈਨੂੰ ਰੋਟੀ ਖੁਆ ਦੇ।' ਕ੍ਰਿਸ਼ਨ ਦਾਂ ਤਰਸ ਭਰਿਆ ਚਿਹਰਾ ਵੇਖਕੇ ਭੂਆ ਦੇ ਕਾਲਜੇ ਵਿਚੋਂ ਰੁੱਗ ਭਰਿਆ ਗਿਆ।

-ਓਏ ਲੋਹੜਾ! ਵੇ ਤੇਰੇ ਨਾਲ ਦੂਜੇ ਭਾਈ ਹੈ ਸਨ। ਉਹਨਾਂ ਤੈਨੂੰ ਰੋਟੀ ਨੀ ਖੁਆਈ?'

-ਭੂਆ, ਉਹ ਤਾਂ ਰੀਜ਼ਰਵੇਸ਼ਨ ਵਾਲੇ ਡੱਬੇ ਵਿਚ ਸਨ। ਮੇਰੀ ਸੀਟ ਕੀਹਨੇ ਰੀਜ਼ਰਵ ਕਰਾਉਣੀ ਸੀ। ਜਿਹੜਾ ਡੱਬਾ ਮੂਹਰੇ ਆ ਗਿਆ, ਪੁੱਛ ਪਛਾ ਕੇ ਚੜ੍ਹ ਗਿਆ। ਲੁਧਿਆਣੇ ਆ ਕੇ ਇਹਨਾਂ ਨੇ ਮੇਰਾ ਪਤਾ ਕੀਤਾ, ਆਂਹਦੇ ਕਮਾਲ ਕਰਤੀ ਬਈ ਤੂੰ ਤਾਂ। ਐਨੀ ਭੀੜ ਸੀ, ਅਸੀਂ ਸੋਚਿਆ, ਬੰਬਈ ਦੇ ਟੇਸ਼ਨ 'ਤੇ ਹੀ ਰਹਿ ਗਿਆ ਹੋਵੇਂਗਾ। ਮੈਂ ਆਖਿਆ, ਮੈਨੂੰ ਭੁੱਖ ਲੱਗੀ ਐ ਰੋਟੀ ਖੁਆ ਦਿਉ, ਕਹਿੰਦੇ ਗਰਮੀ ਦਾ ਮਹੀਨਾ ਐ, ਐਥੇ ਈ ਦੁਪਹਿਰਾ ਹੋ ਜੂ। ਘਰੇ ਚੱਲ ਕੇ ਈ ਖਾਈਂ ਹੁਣ। ਮੈਂ ਕੀ



ਕਹਿੰਦਾ, ਕੀ ਕਰਦਾ, ਸਬਰ ਕਰ ਲਿਆ ਭੂਆ।' ਕ੍ਰਿਸ਼ਨ ਨੇ ਹਉਕਾ ਲਿਆ।

ਜਦੋਂ ਭੂਆ ਨੇ, ਲਛਮਣ ਨੂੰ ਰੋਟੀ ਖੁਆਉਣ ਵਾਸਤੇ ਤਾੜਨਾ ਕੀਤੀ ਤਾਂ ਲਛਮਣ ਫੇਰ ਭੂਆ ਵੱਲ ਔਖਾ ਔਖਾ ਝਾਕਿਆ।

ਉਦੋਂ ਹੀ ਹੁਕਮ ਚੰਦ ਦੇ ਸਹੁਰਿਆਂ ਤੋਂ ਆਈ ਮਕਾਣ ਨਾਲ ਭਰਿਆ ਮੈਟਾਡੋਰ ਬੂਹੇ ਵਿਚ ਆਣ ਖੜ੍ਹਾ। ਘਰ ਵਾਲੀਆਂ ਤੇ ਬਾਹਰ ਵਾਲੀਆਂ ਔਰਤਾਂ ਦੇ ਵੈਣਾਂ ਨਾਲ ਵਿਹੜੇ ਵਿਚ ਚੀਕ-ਚਿਹਾੜਾ ਪੈ ਗਿਆ। ਕ੍ਰਿਸ਼ਨ ਵਾਸਤੇ ਰੋਟੀ ਦਾ ਥਾਲ ਲਈ ਜਾਂਦੇ ਲਛਮਣ ਨੇ ਭੂਆ ਨੂੰ ਉਲਾਂਭਾ ਦਿੱਤਾ- 'ਹੁਣ ਤੂੰ ਹੀ ਦੱਸ ਭੂਆ, ਮਕਾਣ ਵਾਲਿਆਂ ਨੂੰ ਸਾਂਭਾਂ ਕਿ ਲਾਟ ਸਾਹਬ ਨੂੰ?'

-ਕੋਈ ਨਾ ਸਾਰਾ ਕੁਸ਼ ਹੋ ਜਾਊ। ਕ੍ਰਿਸ਼ਨ ਨੂੰ ਰੋਟੀ ਖੁਆ, ਮੈਂ ਉਸਨੂੰ ਆਪਣੇ ਘਰ ਲੈ ਜਾਊਂ।' ਆਖਕੇ, ਭੂਆ ਮਕਾਣ ਵਾਲੀਆਂ ਤੀਵੀਆਂ ਨਾਲ ਮਿਲਣ ਵਿਚ ਰੁੱਝ ਗਈ।

ਜਦੋਂ, ਕ੍ਰਿਸ਼ਨ ਦੀ ਬਾਂਹ ਫੜੀ ਭੂਆ ਆਪਣੇ ਘਰ ਆਈ ਤਾਂ ਉਸਦੇ ਵੱਡੇ ਲੜਕੇ ਨੇ ਹੱਸਕੇ ਮਿਹਣਾ ਮਾਰਿਆ-'ਦੇਖ ਲਾਂਗੇ ਜਦੋਂ ਲਛਮਣ ਜਾਂ ਉਹਦੇ ਭਾਈ ਤੇਰੇ ਗਲ 'ਚ ਹਾਰ ਪਾ ਦੇਣਗੇ। ਉਹ ਤਾਂ ਰਿਸ਼ਤੇਦਾਰਾਂ 'ਚ ਪਹਿਲਾਂ ਹੀ ਕਹਿੰਦੇ ਫਿਰਦੇ ਐ ਭੂਆ ਸਾਡਾ ਨੱਕ ਵੱਢਣ ਨੂੰ ਕ੍ਰਿਸ਼ਨ ਨਾਲ ਲੈ ਕੇ ਜਾਂਦੀ ਐਂ।

-ਵੇ ਕਹਿੰਦੇ ਫਿਰਨ, ਕਹਿੰਦੇ ਐ ਤਾਂ। ਸਾਂਭ ਲੈਣ ਫੇਰ। ਜੀਓ ਜੀ ਚੀਕਾਂ ਕਾਹਤੋਂ ਮਾਰਦਾ ਐ? ਲਛਮਣ ਖੜ੍ਹਾ ਈ ਪਿੱਟੀ ਜਾਂਦੈ, ਮੈਂ ਕੀਹਨੂੰ ਸਾਂਭੂੰ? ਹੁਣ ਇਹ ਵਿਚਾਰਾ ਕਿਧਰ ਨੂੰ ਜਾਵੇ? ਜੇ ਥੋਡਾ ਸਾਰਿਆਂ ਦਾ ਲਹੂ ਸਫੈਦ ਹੋ ਗਿਆ ਹੈ ਤਾਂ ਭਾਈ ਸਾਡਾ ਤਾਂ ਨੀ ਅਜੇ ਹੋਇਆ।'

-ਉਹੋ ਜਾ ਇਹ ਐ.। ਜਦੋਂ ਇਹਨੂੰ ਪਤਾ ਐ ਬਈ ਕੋਈ ਸਿਆਣਦਾ ਨੀ, ਕੁੱਤਿਆਂ ਨਾਲੋਂ ਵੀ ਭੈੜਾ ਸਮਝਦੇ ਐ ਫੇਰ ਇਹ ਆਉਂਦਾ ਕੀ ਲੈਣ ਐ?' ਭੂਆ ਦਾ ਮੁੰਡਾ ਹਰਖਿਆ ਖੜ੍ਹਾ ਸੀ।

-ਕੋਈ ਨਾ, ਦੋ ਚਾਰ ਦਿਨਾਂ ਦੀ ਗੱਲ ਐ। ਆਪਾਂ ਰਸਮ ਪਗੜੀ ਵਾਲੇ ਦਿਨ ਤਾਈਂ ਰੱਖ ਲੈਨੇਂ ਆਂ। ਫੇਰ ਭਾਵੇਂ ਉਹ ਇਕ ਘੰਟੇ ਮਗਰੋਂ ਗੱਡੀ ਚੜ੍ਹਾ ਆਉਣ-।' ਭੂਆ ਨੇ ਮੁੰਡੇ ਨੂੰ ਸ਼ਾਂਤ ਕਰਨਾ ਚਾਹਿਆ।

ਤੇ ਪਗੜੀ ਦੀ ਰਸਮ ਵਾਲਾ ਦਿਨ ਆ ਗਿਆ।

ਦੋ ਦਿਨ ਪਹਿਲਾਂ ਤਕ, ਸਾਰੇ ਭਾਈ ਅੱਡ ਅੱਡ ਗਰੁੜ ਪਰਾਣ ਦੀ ਕਥਾ ਕਰਵਾਉਣ ਦੀ ਜ਼ਿੱਦ ਵਿਚ ਸਨ। ਪਰ ਰਿਸ਼ਤੇਦਾਰਾਂ, ਵਿਚ ਪੈ ਕੇ ਉਹਨਾਂ ਦੀ ਸੁਲਾਹ ਕਰਵਾ ਦਿੱਤੀ ਸੀ। ਸਾਰਿਆਂ ਨੇ ਬਣਦਾ ਖਰਚਾ ਲਛਮਣ ਨੂੰ ਦੇਣਾ ਪਰਵਾਨ ਕਰ ਲਿਆ ਸੀ।

ਗਲੀ ਵਿਚ ਦੂਰ ਤਾਈਂ ਕਨਾਤਾਂ ਲਾਈਆਂ ਗਈਆਂ। ਦਾਲ, ਸਬਜ਼ੀ, ਪੂਰੀਆਂ, ਹਲਵਾ ਤੇ ਜਲੇਬੀਆਂ ਲਈ ਹਲਵਾਈ ਦਾ ਪ੍ਰਬੰਧ ਕੀਤਾ ਗਿਆ। ਬੜੀ ਰੌਣਕ ਸੀ। ਛੋਟੇ ਬੱਚੇ, ਵਿਆਹ ਵਾਂਗ, ਖੁਸ਼ੀ ਵਿਚ ਚਾਂਭਲੇ ਭੱਜ ਨੱਠ ਰਹੇ ਸਨ।

ਸਾਰੇ ਭਾਈ, ਉਪਰੋਂ ਉਪਰੋਂ, ਇਕ ਦੂਸਰੇ ਨਾਲ ਪੂਰੀ ਮਿਲਵਰਤਣ ਦਾ ਪ੍ਰਗਟਾਵਾ ਕਰ ਰਹੇ ਸਨ। ਭਾਵੇਂ ਸਾਰਿਆਂ ਦੇ ਅੰਦਰ ਕੁਝ ਨਾ ਕੁਝ ਰਿੱਝ-ਪੱਕ ਰਿਹਾ ਸੀ। ਭੂਆ ਸਭ ਸਮਝਦੀ ਸੀ, ਤਾਂ ਵੀ ਖੁਸ਼ ਸੀ। ਰਿਸ਼ਤੇਦਾਰਾਂ ਅਤੇ ਹੋਰ ਆਏ ਲੋਕਾਂ ਵਿਚ , ਹੁਕਮ ਚੰਦ ਬਾਰੇ ਚੰਗਾ ਮਾਣ ਸਤਿਕਾਰ ਪੈਦਾ ਹੋ ਰਿਹਾ ਸੀ। ਉਸਦੇ ਲੜਕਿਆਂ ਦੀ ਸ਼ੋਭਾ ਹੋ ਰਹੀ ਸੀ।

ਹੁਕਮ ਚੰਦ ਦੇ ਸਾਰੇ ਪੁੱਤਰਾਂ ਦੇ ਸਹੁਰਿਆਂ ਵੱਲੋਂ ਆਏ ਰਿਸ਼ਤੇਦਾਰ ਪੂਰੀ ਚੜ੍ਹਾਈ ਨਾਲ

ਪਹੁੰਚੇ ਹੋਏ ਸਨ। ਰਸਮ ਪਗੜੀ ਵੇਲੇ, ਹਰ ਕੋਈ ਆਪਣੇ ਜੁਆਈ ਦਾ ਵੱਧ ਤੋਂ ਵੱਧ ਸਤਿਕਾਰ ਕਰਨ ਦੇ ਚੱਕਰ ਵਿਚ ਸੀ। ਜੇ ਕੋਈ ਗੈਰ ਹਾਜ਼ਰ ਸੀ ਤਾਂ ਕ੍ਰਿਸ਼ਨ ਲਾਲ। ਉਹਨੂੰ ਅਜੇ ਭੂਆ ਦੇ ਘਰੋਂ ਨਹੀਂ ਸੀ ਲਿਆਂਦਾ ਗਿਆ ਤੇ ਨਾ ਹੀ ਉਸਦੇ ਸਹੁਰਿਆ ਵੱਲੋਂ ਕੋਈ ਆਇਆ ਸੀ।

ਬਾਕੀ ਲੜਕੇ, ਆਪੋ ਆਪਣੇ ਸਾਲਿਆਂ, ਸਹੁਰਿਆਂ, ਸੱਸਾਂ ਵਿਚ ਘਿਰੇ, ਜਿੱਥੇ ਇੱਕਲ ਮਿਲਦੀ ਭੇਦ ਭਰੀ ਘੁਸਰ-ਫੁਸਰ ਵਿਚ ਰੁੱਝ ਜਾਂਦੇ। ਉਹਨਾ ਨੂੰ ਬਾਰ ਬਾਰ ਪੁੱਛਦੇ... ਭੋਜਨ ਖਾ ਲਿਆ ਹੈ ਜਾਂ ਨਹੀਂ? ਕਿਸੇ ਚੀਜ਼ ਦੀ ਲੋੜ ਤਾਂ ਨਹੀਂ-?'

ਪੰਡਾਲ ਵਿਚ, ਗਰੁੜ-ਪੁਰਾਣ ਦੀ ਕਥਾ ਸੁਣਾਉਣ ਲਈ, ਪੰਡਤ ਦਾ ਆਸਣ ਸਜਾਇਆ ਜਾ ਰਿਹਾ ਸੀ। ਲਛਮਣ ਆਪਣੇ ਸਾਲੇ ਨੂੰ ਇਕ ਪਾਸੇ ਲਈ ਖੜ੍ਹਾ, ਕੋਈ ਗੁਪਤ ਹਦਾਇਤਾ ਦੇ ਰਿਹਾ ਸੀ ਕਿ ਦਿੱਲੀ ਵਾਲੇ ਮਾਸੜ ਦੇ ਬੋਲ, ਲਛਮਣ ਦੀ ਹਿੱਕ ਵਿਚ ਪੱਥਰ ਵਾਂਗ ਵੱਜੇ।

-ਲਛਮਣਾਂ, ਸੁਣਿਐ ਕ੍ਰਿਸ਼ਨ ਲਾਲ ਵੀ ਆਇਐ?'

'-ਹਾਂ, ਆਇਆ ਤਾਂ ਹੈ ਮਾਸੜਾ-।' ਲਛਮਣ ਢਿੱਲਾ ਜਿਹਾ ਬੋਲਿਆ।

-ਕੇਹੜਿਆ ਦੱਸਿਆ ਹੀ ਨਹੀਂ ਤੂੰ। ਮੈਨੂੰ ਤਾਂ ਪੰਦਰਾਂ ਸਾਲ ਹੋ ਗਏ, ਉਸ ਦਰਵੇਸ਼ ਨੂੰ ਦੇਖਿਆਂ। ਆਂਹਦੇ ਐ ਉਹਨੂੰ ਤਾਂ ਜਮਾਂ ਈ ਦਿਸਣੋ ਹਟ ਗਿਆ।'

ਲਛਮਣ ਨੇ ਹੁੰਗਾਰਾ ਵੀ ਨਾ ਭਰਿਆ। ਉਹ ਚਾਹੁੰਦਾ ਸੀ, ਕ੍ਰਿਸ਼ਨ ਬਾਰੇ ਕੋਈ ਵੀ ਪੁੱਛ-ਗਿੱਛ ਮਾਸੜ ਨਾ ਕਰੇ।

ਕਿਥੈ ਐ ਹੁਣ? ' ਮਾਸੜ ਨੇ ਉਤਸੁਕਤਾ ਨਾਲ ਆਪ ਹੀ ਪੁੱਛਿਆ।

-ਭੂਆ ਕੇ ਘਰੇ ਐਂ'। ਲਛਮਣ ਫੇਰ ਅਣਮੰਨੇ ਜਿਹੇ ਮਨ ਨਾਲ ਬੋਲਿਆ।

-ਵਾਹ ਉਏ ਤੇਰੇ ਸ਼ੇਰਾ। ਸ਼ਾਬਾਸ਼। ਨਹੀਂ ਰੀਸਾਂ ਤੇਰੀਆ। ਸਾਰੇ ਰਿਸ਼ਤੇਦਾਰ ਐਥੇ ਬੈਠੇ ਐ ਤੇ ਉਸ ਭਗਤ ਨੂੰ ਭੂਆ ਦੇ ਘਰ ਬਿਠਾ ਛੱਡਿਐਂ'। ਮਾਸੜ ਤ੍ਰਿਸਕਾਰ ਨਾਲ ਲਛਮਣ ਵੱਲ ਝਾਕਿਆ।

-ਰੋਟੀ ਤਾਂ ਭੇਜ ਦਿੱਤੀ ਸੀ, ਮਾਸੜਾ ਓਥੇ।' ਲਛਮਣ ਦੀ ਜ਼ੁਬਾਨ ਜ਼ਰਾ ਕੁ ਕੁਸੈਲੀ ਹੋ ਗਈ।

-ਪੁੱਤਰਾ ਰੋਟੀ ਦੀ ਗੱਲ ਨੀ ਹੁੰਦੀ। ਉਹਨੂੰ ਮੈਂ ਲੈ ਕੇ ਆਉਨੈਂ ਐਥੇ 'ਤੇ ਉਹ ਲਛਮਣ ਵੱਲ ਬਿਨਾ ਦੇਖੇ ਰਵਾਂ ਰਵੀਂ ਬਾਹਰ ਨਿਕਲ ਗਿਆ।

ਲਛਮਣ ਅੰਦਰੋ ਅੰਦਰ ਵਿਹੁ ਘੋਲ ਗਿਆ। ਉਹ ਬੱਸ ਆਪਣੇ ਮਾਸੜ ਨੂੰ ਬਾਹ ਫੜਕੇ ਰੋਕ ਨਹੀਂ ਸੀ ਸਕਦਾ। ਫਿਰ ਵੀ ਉਸਨੇ ਤੁਰੇ ਜਾਂਦੇ ਮਾਸੜ ਨੂੰ, ਉੱਚੀ ਆਵਾਜ਼ ਵਿਚ ਕਿਹਾ, -ਕੀ ਕਰੂਗਾ ਉਹ ਐਥੇ ਆ ਕੇ?'

ਮਾਸੜ, ਅਣਸੁਣੀ ਕਰਕੇ ਤੁਰਿਆ ਗਿਆ।

-ਭਲਾ ਇਹਨਾਂ ਰਿਸ਼ਤੇਦਾਰਾਂ ਨੂੰ ਕੌਣ ਸਮਝਾਏ? ਉਧਰ ਪੰਡਤ ਕਥਾ ਕਰ ਰਿਹਾ ਰੋਵੇਗਾ, ਤੇ ਏਧਰ, ਇਹ ਆਖੇਗਾ... ਮੈਨੂੰ ਕੋਈ ਗੁਸਲਖਾਨੇ 'ਚ ਲੈ ਜਾਓ। ਮੈਨੂੰ ਕੋਈ ਲੈਟਰੀਨ 'ਚ ਲੈ ਜਾਓ। ਤੇ ਫੇਰ ਅੱਧਾ ਘੰਟਾ ਉਹਦੇ ਸਿਰਹਾਣੇ ਖੜ੍ਹੋ। ਬੱਚਿਆਂ ਵਾਂਗੂੰ ਸਾਰਾ ਕੁਝ ਲਬੇੜ ਲੈਂਦਾ ਹੈ। ਇਹ ਜਿਹੜੇ ਵੱਡੇ ਹਮਦਰਦ ਬਣੇ ਫਿਰਦੇ ਐ, ਦੋ ਮਿੰਟ ਉਹਦੇ ਕੋਲ ਬੈਠ ਨੀ ਸਕਦੇ, ਜੇ ਲੋੜ ਪੈ ਜੇ।' ਲਛਮਣ ਆਪਣੇ ਅੰਦਰਲੇ ਨਾਲ ਘੁਲਦਾ ਰਿਹਾ, ਖਿੱਝਦਾ ਰਿਹਾ।

ਮੱਥੇ ਉਪਰ ਲਾਲ ਤਿਲਕ ਲਗਾਈ ਤੇ ਮੋਢੇ 'ਤੇ ਲਾਲ ਪਰਨਾ ਰੱਖੀ, ਪੰਡਤ ਆਕੇ ਆਸਣ



'ਤੇ ਬਿਰਾਜਮਾਨ ਹੋ ਗਿਆ। ਇਕ ਪਾਸੇ ਪਿੱਤਲ ਦੀ ਵੱਡੀ ਪਰਾਤ ਵਿਚ ਫੁੱਲੀਆਂ-ਪਤਾਸਿਆ ਦਾ ਪ੍ਰਸ਼ਾਦ ਰੱਖਿਆ ਹੋਇਆ ਸੀ। ਸਾਹਮਣੇ ਰਾਮ, ਲਛਮਣ ਅਤੇ ਸੀਤਾ ਦੀਆ ਤਸਵੀਰਾ ਸਜਾਈਆ ਹੋਈਆਂ ਸਨ। ਥੋੜ੍ਹਾ ਹਟਕੇ ਰਖੀ ਹੁਕਮ ਚੰਦ ਦੀ ਵੱਡੀ ਤਸਵੀਰ ਦੁਆਲੇ ਤਾਜ਼ੇ ਫੁੱਲਾ ਦਾ ਹਾਰ ਲਟਕਾਇਆ ਹੋਇਆ ਸੀ। ਰੋਟੀ ਖਾ ਲੈਣ ਅਤੇ ਹੋਰ ਮਿਲਣ-ਗਿਲਣ ਦੀਆ ਰਸਮਾ ਤੋਂ ਵਿਹਲੇ ਹੋ ਕੇ ਆਏ ਰਿਸ਼ਤੇਦਾਰ, ਪੰਡਾਲ ਵਿਚ ਬੈਠ ਗਏ ਸਨ।

ਜਦੋਂ ਮਾਸੜ ਕ੍ਰਿਸ਼ਨ ਦੀ ਬਾਂਹ ਫੜੀ, ਪੰਡਾਲ ਵਿਚ ਦਾਖਲ ਹੋਇਆ, ਉਦੋਂ ਪੰਡਤ ਆਪਣੀ ਕਥਾ ਸ਼ੁਰੂ ਕਰ ਚੁੱਕਾ ਸੀ।

ਹੈਰਾਨ ਹੋਈ ਭੂਆ, ਲਛਮਣ ਤੇ ਉਸਦੇ ਭਰਾਵਾ ਵੱਲ ਬੇਸਬਰੀ ਨਾਲ ਝਾਕੀ, ਕਿਉਂਕਿ ਉਹਨਾ ਸਾਰਿਆਂ ਨੇ ਭੂਆ ਨੂੰ ਮਨਾ ਲਿਆ ਸੀ ਕਿ ਰਸਮ ਪਗੜੀ ਵਾਲੇ ਦਿਨ, ਉਹ ਕ੍ਰਿਸ਼ਨ ਨੂੰ ਰਿਸ਼ਤੇਦਾਰਾਂ ਵਿਚ ਨਹੀਂ ਲੈ ਕੇ ਆਏਗੀ। ਭਾਈ ਵੀ ਇਕ ਦੂਸਰੇ ਵੱਲ ਝਾਕੇ ਤੇ ਫਿਰ ਨੀਵੀਆਂ ਪਾ ਗਏ।

ਹੈਰਾਨ ਹੋਏ ਲੋਕ, ਕ੍ਰਿਸ਼ਨ ਵੱਲ ਤੇ ਉਸਦੇ ਮਾਸੜ ਵੱਲ ਤੱਕਣ ਲੱਗੇ। ਜਿਹੜੇ ਨਹੀਂ ਜਾਣਦੇ ਸਨ, ਉਹਨਾਂ ਅੱਖਾਂ ਅੱਖਾਂ ਵਿਚ ਹੀ ਪ੍ਰਸ਼ਨ ਪੁੱਛੇ; 'ਇਹ ਕੌਣ ਹੋਇਆ?'

ਪੰਡਤ ਆਪਣੀ ਕਥਾ ਵਿਚ ਮਗਨ ਸੀ। ਲੋਕਾਂ ਦਾ ਕਥਾ ਵੱਲ ਘੱਟ ਹੀ ਧਿਆਨ ਸੀ। ਉਹ ਨੀਵੀਆਂ ਪਾਈ ਧੀਮੀ ਸੁਰ ਵਿਚ ਆਪਣੇ ਕਾਰੋਬਾਰ ਦੇ ਰੋਣੇ ਰੋਂਦੇ ਰਹੇ, ਕਬੀਲਦਾਰੀ ਦੀਆ ਗੱਲਾ ਕਰਦੇ ਰਹੇ। ਦੂਸਰਿਆ ਜਾਂ ਸ਼ਰੀਕਾ ਦੀਆ ਚੁਗਲੀਆਂ ਤੇ ਆਪਣੀਆਂ ਸਿਫਤਾ ਕਰਦੇ ਰਹੇ।

ਕੁਝ ਦੇਰ ਬਾਅਦ ਪੰਡਤ ਨੇ-ਓਮ-ਸ਼ਾਤੀ-ਹ,_ਸ਼ਾਤੀ-ਹ,_ਸ਼ਾਂਤੀ-ਹ' ਕਹਿਕੇ ਕਥਾ ਸਮਾਪਤ ਕਰ ਦਿੱਤੀ।

ਮੁਹੱਲੇ ਵਿਚੋਂ ਕੁਝ ਮੁਹਤਬਰਾਂ ਨੇ, ਹੁਕਮ ਚੰਦ ਦੀਆ ਸਿਫਤਾ ਕਰਦਿਆਂ ਸ਼ਰਧਾਜਲੀਆ ਭੇਟ ਕੀਤੀਆਂ।

ਫਿਰ ਲੜਕਿਆਂ ਦੇ ਸਹੁਰਿਆਂ ਵੱਲੋਂ ਪੱਗਾਂ ਦੇਣ ਦੀ ਰਸਮ ਨਿਭਾਉਣ ਦੀ ਵਾਰੀ ਆਈ।

ਆਏ ਰਿਸ਼ਤੇਦਾਰ ਆਪਣੇ ਆਪਣੇ ਜਵਾਈ ਨੂੰ ਘੇਰ ਕੇ ਬੈਠ ਗਏ। ਕੋਈ ਤੌਲੀਏ ਨਾਲ ਛਾਪ ਦੇ ਰਿਹਾ ਸੀ। ਕੋਈ ਪੱਗ ਨਾਲ ਆਪਣੇ ਜਵਾਈ ਦੇ ਸੋਨੇ ਦਾ ਕੜਾ ਪਾ ਰਿਹਾ ਸੀ। ਰਿਸ਼ਤੇਦਾਰ ਅਤੇ ਲੋਕ ਦੇਖਣ ਦੇ ਉਤਸਕ, ਉਹਨਾ ਦੁਆਲੇ ਟੋਲੀਆਂ ਵਿਚ ਖੜ੍ਹੇ ਸਨ। ਰਿਸ਼ਤੇਦਾਰਾਂ ਵਿਚ ਇਕ ਕਿਸਮ ਦਾ ਗੁਪਤ ਮੁਕਾਬਲਾ ਜਿਹਾ ਚੱਲ ਰਿਹਾ ਸੀ। ਅੰਦਰੋਂ ਹਰ ਲੜਕਾ ਚਾਹੁੰਦਾ ਸੀ, ਉਸਦੇ ਸਹੁਰੇ ਵੱਧ ਤੋਂ ਵੱਧ ਉਸਨੂੰ ਦੇ ਕੇ ਜਾਣ, ਭਾਵੇਂ ਉਪਰੋਂ ਉਪਰੋਂ ਸਾਰੇ ਨਾਂਹ-ਨੁੱਕਰ ਤੇ 'ਖੇਚਲ ਕਾਹਨੂੰ ਕਰਨੀ ਸੀ' ਵਰਗੇ ਸ਼ਬਦ ਵਰਤ ਰਹੇ ਸਨ।

ਕੁਝ ਰਿਸ਼ਤੇਦਾਰਾ ਅਤੇ ਜਾਣ-ਪਛਾਣ ਵਾਲਿਆਂ ਦੀ ਛੋਟੀ ਜਿਹੀ ਭੀੜ ਕ੍ਰਿਸ਼ਨ ਲਾਲ ਦੁਆਲੇ ਵੀ ਜੁੜੀ ਸੀ। ਪਤਾ ਨਹੀ ਕਿਸਨੇ ਕਿਹਾ... 'ਪਗੜੀ ਲੈਣ ਦਾ ਸਭ ਤੋਂ ਪਹਿਲਾਂ ਹੱਕ ਤਾਂ ਇਸਦਾ ਬਣਦਾ ਹੈ।' ਪਰ ਉਸਨੂੰ ਪਗੜੀ ਦੇਵੇ ਕੌਣ? ਸਹੁਰਿਆਂ ਵੱਲੋਂ ਕੋਈ ਆਇਆ ਨਹੀਂ ਤੇ ਨਾਨਕਿਆ ਉਸ ਲਈ ਪੱਗ ਨਹੀਂ ਲਿਆਂਦੀ।

ਲਛਮਣ ਤੇ ਉਸਦੇ ਭਰਾਵਾਂ ਨੂੰ ਤਾਂ ਉਦੋਂ ਹੀ ਪਤਾ ਲੱਗਿਆ, ਜਦੋਂ ਕੁਝ ਰਿਸ਼ਤੇਰਾਦਾਂ ਤੇ ਮੁਹੱਲੇ ਦੀਆਂ ਔਰਤਾਂ ਨੇ ਰਲਕੇ ਇਕ ਸਾਂਝੀ ਪੱਗ ਕ੍ਰਿਸ਼ਨ ਲਾਲ ਨੂੰ ਦੇਣ ਲਈ ਲੈ ਵੀ ਆਂਦੀ। ਇਸ ਹਰਕਤ ਵਿਚ ਉਹਨਾਂ ਨੇ ਆਪਣੀ ਹਤਕ ਸਮਝੀ।

-ਇਹਨਾਂ ਨੂੰ ਸਾਡੇ ਨਾਲੋਂ ਕ੍ਰਿਸ਼ਨ ਨਾਲ ਬਹੁਤੀ ਹਮਦਰਦੀ ਐ?' ਇਕ ਭਾਈ ਨੇ ਰੋਸ ਕੀਤਾ।

-ਇਹ ਆਪਣੇ ਘਰ ਲੈ ਜਾਣ, ਦੋ ਦਿਨ ਰੱਖ ਕੇ ਵੇਖ ਲੈਣ।'

-ਲੋਕਾਂ ਦੇ ਅੰਨ੍ਹਿਆਂ ਨਾਲ ਹਮਦਰਦੀ ਕਰਨੀ ਸੌਖੀ ਐ। ਪਤਾ ਤਾਂ ਉਦੋਂ ਲਗਦਾ ਐ ਜਦੋਂ ਆਪਣੇ ਘਰ ਕੋਈ ਅੰਨ੍ਹਾ ਸਾਂਭਣਾ ਪੈਂਦਾ ਐ।'

ਭੂਆ ਨੇ ਸਮਝਾ ਕੇ ਉਹਨਾਂ ਨੂੰ ਮਸਾਂ ਚੁੱਪ ਕਰਾਇਆ।

ਉਧਰ ਮੁਹੱਲੇ ਦੀਆਂ ਔਰਤਾਂ ਕ੍ਰਿਸ਼ਨ ਲਾਲ ਦੁਆਲੇ ਜੁੜਨ ਲੱਗੀਆਂ। ਕਿਸੇ ਨੇ ਸਿਰ 'ਤੇ ਪਿਆਰ ਦਿੱਤਾ, ਕਿਸੇ ਨੇ ਮੋਢਾ ਪਲੋਸਿਆ, ਕਿਸੇ ਨੇ ਪੁੱਛਿਆ- 'ਤਕੜੈਂ' ਭਾਈ ਕ੍ਰਿਸ਼ਨ ਲਾਲ?'

-ਕੌਣ ਐ?' ਪੁੱਛਣ ਵਾਲੀ ਆਵਾਜ਼ ਨੂੰ ਗਹੁ ਨਾਲ ਸੁਣਦਾ, ਕ੍ਰਿਸ਼ਨ ਸਾਧਾਰਨ ਨਾਲੋਂ ਉੱਚੀ ਬੋਲਿਆ।

-ਮੈਂ ਪ੍ਰਸਿੰਨੀ ਐਂ ਪੁੱਤ'।

ਪ੍ਰਸਿੰਨੀ...?' ਕ੍ਰਿਸ਼ਨ ਨੇ ਦਿਮਾਗ 'ਤੇ ਜ਼ੋਰ ਪਾਇਆ, 'ਅੱਛਾ ਅੱਛਾ... ਚਾਚਾ ਮਦਨ ਨੀ ਆਇਆ?'

-ਉਹਨੂੰ ਤਾਂ ਪੁੱਤ ਪੂਰਾ ਹੋਏ ਵੇ ਦੋ ਸਾਲ ਹੋਗੇ।' ਪ੍ਰਸਿੰਨੀ ਗਲਾ ਭਰ ਕੇ ਬੋਲੀ।

-ਹੈਂ..?' ਕ੍ਰਿਸ਼ਨ ਲਾਲ ਨੂੰ ਝਟਕਾ ਲੱਗਿਆ, ਫੇਰ ਢਿੱਲਾ ਜਿਹਾ ਹੋ ਕੇ ਬੋਲਿਆ,- 'ਦੇਖ ਲਾ ਚਾਚੀ, ਮੈਨੂੰ ਮੌਤ ਨੀ ਆਉਂਦੀ, ਮੈਂ ਮੰਗੀ ਜਾਨੈਂ। ਬਾਊ ਜੀ ਵਾਲੀ ਮੌਤ ਈ ਮੈਨੂੰ ਆ ਜਾਂਦੀ। ਚਾਚੇ ਮਦਨ ਵਾਲੀ ਮੌਤ ਈ ਆ ਜਾਂਦੀ।' ਉਹ ਰੋਣ ਲੱਗ ਪਿਆ: 'ਮੈਂ ਬਹੁਤ ਦੁਖੀ ਐਂ ਚਾਚੀ, ਤੇਰੀ ਨੂੰਹ ਧੱਕੇ ਮਾਰਕੇ ਘਰੋਂ ਬਾਹਰ ਕੱਢ ਦਿੰਦੀ ਐ। ਪਾਣੀ ਮੰਗਦੈਂ, ਪਾਣੀ ਨੀਂ ਦਿੰਦੀ। ਰੋਟੀ ਮੰਗਦੈਂ, ਰੋਟੀ ਨੀ ਦਿੰਦੀ। ਦੁਖੀ ਹੋਇਆ ਏਧਰ ਆਉਨੈਂ, ਏਧਰ ਵੀ ਸਾਰਿਆਂ ਦੇ ਸਿਰਾਂ 'ਚ ਸੌ ਘੜਾ ਪਾਣੀ ਦਾ ਪੈ ਜਾਂਦੈ। ਮੈਨੂੰ ਕਿਧਰੋਂ ਜ਼ਹਿਰ ਈ ਲਿਆ ਦਿਉ। ਮੈਂ ਜਿਉਂਕੇ ਕੀ ਕਰਨੈ...।' ਰੋਂਦੇ ਤੋਂ ਹੋਰ ਕੋਈ ਗੱਲ ਨਾ ਹੋਈ। ਉਸ ਦੁਆਲੇ ਖੜ੍ਹੀਆਂ ਔਰਤਾਂ ਵੀ ਆਪਣੀਆਂ ਭਰ ਆਈਆਂ ਅੱਖਾਂ ਪੂੰਝਣ ਲੱਗੀਆਂ।

-ਕੋਈ ਨਾ ਪੁੱਤ ਚੁੱਪ ਕਰ। ਪਰਮਾਤਮਾ ਮੂਹਰੇ ਤਾਂ ਕੋਈ ਜ਼ੋਰ ਨੀ ਆਪਣਾ-? ਕਰਮਾਂ 'ਚ ਜਿਹੜੇ ਦੁੱਖ ਲਿਖੇ ਐ ਉਹ ਭੋਗਣੇ ਈ ਪੈਣੇ ਐ। ਪਰ ਤੇਰੀ ਘਰ ਵਾਲੀ ਮਾੜਾ ਕਰਦੀ ਐਂ। ਚੰਦਰੀਏ ਕਿਥੇ ਭੁਗਤੇਂਗੀ, ਇਹਨੂੰ ਧੱਕਾ ਦੇਕੇ। ਪਾਪਣੇ ਅੰਨ੍ਹੇ ਦੀ ਸੇਵਾ ਕੀਤੀ ਤਾਂ ਰੱਬ ਦੀ ਪੂਜਾ ਵਰਗੀ ਹੁੰਦੀ ਐ..।'

ਹੋਰ ਵੀ, ਕ੍ਰਿਸ਼ਨ ਦਾ ਦੁੱਖ ਸੁੱਖ ਪੁੱਛਦੀਆਂ ਰਹੀਆਂ। ਭੂਆ ਨੇ ਬਥੇਰਾ ਕਿਹਾ, ਜੇ ਕ੍ਰਿਸ਼ਨ ਨੂੰ ਪੱਗ ਦੇਣੀ ਹੀ ਹੈ ਤਾਂ ਉਸਦੇ ਘਰੇ ਪੱਗ ਪਈ ਹੈ, ਉਹ ਦੇ ਦਿੰਦੇ ਹਾਂ। ਪਰ ਸਾਰਿਆਂ ਦੀ ਇਹੋ ਰਾਇ ਸੀ, ਸਾਂਝੀ ਲਿਆਂਦੀ ਪੱਗ ਹੀ ਕ੍ਰਿਸ਼ਨ ਲਾਲ ਨੂੰ ਦੇਣੀ ਚਾਹੀਦੀ ਹੈ।

ਭਾਵੇਂ ਲਛਮਣ ਤੇ ਉਸਦੇ ਭਾਈ, ਅੰਦਰੋਂ ਪੂਰੇ ਹਰਖੇ ਹੋਏ ਸਨ। ਪਰ ਉਹਨਾਂ ਨੇ ਭੂਆ ਦਾ ਮੂੰਹ-ਮੁਲਾਹਜ਼ਾ ਰੱਖਣ ਲਈ, ਜ਼ਾਹਰ ਨਹੀਂ ਹੋਣ ਦਿੱਤਾ,- 'ਜੇ ਕਰਦੀ ਐ ਕਰੀ ਜਾਵੇ-ਸੋਚਕੇ ਅਣ ਗੌਲਿਆਂ ਕਰੀ ਰੱਖਿਆ।

ਮੁਹੱਲੇ ਦੀਆਂ ਔਰਤਾਂ ਨੇ ਭੂਆ ਨੂੰ ਅੱਗੇ ਲਾਇਆ। ਉਸ ਨੇ ਜਦੋਂ ਕ੍ਰਿਸ਼ਨ ਦੇ ਸਿਰ 'ਤੇ ਪੱਗ ਰੱਖੀ ਤਾਂ ਉਸ ਹੈਰਾਨੀ ਨਾਲ ਟੋਹ ਕੇ ਪੁੱਛਿਆ- 'ਇਕ ਕੀ ਹੈ?'

-ਤੈਨੂੰ ਪਗੜੀ ਦਿੱਤੀ ਹੈ ਮੁਹੱਲੇ ਵਾਲਿਆਂ ਨੇ।' ਭੂਆ ਨੇ ਦੱਸਿਆ।



-ਪਗੜੀ..? ਅੱਛਾ। ਅੱਛਾ!! ਮੇਰਾ ਤਾਂ ਕਮੀਜ਼ ਵੀ ਪਾਟਿਆ ਹੋਇਐ.।' ਕਹਿੰਦਿਆਂ ਕ੍ਰਿਸ਼ਨ ਨੇ ਪਗੜੀ ਕੱਛ ਵਿਚ ਲੈ ਲਈ।

-ਸਿਰ 'ਤੇ ਬੰਨ੍ਹੀ ਦੀ ਹੁੰਦੀ ਐ ਪੁੱਤ। ਇਕ ਵਾਰੀ ਬੰਨ੍ਹ ਲਾ, ਵਿਚਾਰ ਹੁੰਦੀ ਐ।'

ਦੋਹ-ਤਿੰਨ ਜਣੀਆਂ ਨੇ ਪਗੜੀ ਦੀ ਤਹਿ ਖੋਹਲ ਕੇ, ਸਿੱਧੀ ਕਰਕੇ, ਇਕ ਲੜ ਕ੍ਰਿਸ਼ਨ ਨੂੰ ਫੜਾ ਦਿੱਤਾ ਤੇ ਉਹ ਪਗੜੀ ਸਿਰ ਦੁਆਲੇ ਵਲ੍ਹੇਟਣ ਲੱਗਾ।

-ਕੀ ਕਰੇ ਵਿਚਾਰਾ,.ਉਹ ਡਾਢਿਆ।' ਉਸਦੀ ਹਾਲਤ ਦੇਖ ਕੇ, ਇਕ ਬਿਰਧ ਔਰਤ ਰੋ ਪਈ।

ਭੂਆ ਨੇ ਰਸਮ ਮੁਤਾਬਕ ਕ੍ਰਿਸ਼ਨ ਨੂੰ ਦਸ ਰੁਪਈਏ ਦਿੱਤੇ ਤੇ ਫੇਰ ਦੇਖਾ ਦੇਖੀ ਹਰ ਕੋਈ ਪੈਸੇ ਦੇਣ ਲੱਗਾ।

ਹੋਰ ਰਿਸ਼ਤੇਦਾਰ ਵੀ.. 'ਏਧਰ ਕੀ ਹੁੰਦਾ ਹੈ?' ਵੇਖਣ ਲਈ ਆਸੇ ਪਾਸੇ ਆ ਖੜ੍ਹੇ।

ਥੋੜ੍ਹੇ ਚਿਰ ਵਿਚ ਹੀ ਕ੍ਰਿਸ਼ਨ ਦੇ ਹੱਥਾਂ ਵਿਚ ਰੁੱਗ ਰੁਪਈਆਂ ਦਾ ਹੋ ਗਿਆ।

-ਭੂਆ ਗਿਣੀ ਖਾਂ ਕਿੰਨੇ ਹੋਗੇ?" ਉਸਨੇ ਪੂਰੇ ਉਤਸ਼ਾਹ ਨਾਲ ਭੂਆ ਨੂੰ ਕਿਹਾ। ਉਸਦੇ ਚਿਹਰੇ 'ਤੇ ਹੁਣ ਰੌਣਕ ਸੀ।

ਅਗੜ-ਦੁਗੜੇ ਨੋਟ ਫੜਕੇ ਭੂਆ ਗਿਣਨ ਲੱਗੀ।

-ਇਕ ਪੰਜਾਂ ਦਾ ਨੋਟ ਐਧਰ ਪਿਐ।' ਕਿਸੇ ਨੇ, ਕ੍ਰਿਸ਼ਨ ਦੇ ਇਕ ਪਾਸੇ ਡਿਗਿਆ ਨੋਟ ਚੁਕ ਕੇ ਭੂਆ ਨੂੰ ਫੜਾਇਆ।

-ਲੈ ਫੜ, ਤਿੰਨ ਸੌ ਚਾਲੀ ਹੋਗੇ।' ਭੂਆ ਨੇ ਨੋਟ ਸਲੀਕੇ ਨਾਲ ਚਿਣਕੇ ਕ੍ਰਿਸ਼ਨ ਲਾਲ ਨੂੰ ਫੜਾਉਣੇ ਚਾਹੇ।

-ਤਿੰਨ ਸੌ ਚਾਲੀ?' ਹੈਰਾਨੀ ਨਾਲ ਕ੍ਰਿਸ਼ਨ ਹੱਕਾ-ਬੱਕਾ ਰਹਿ ਗਿਆ ਤੇ ਉਸ ਦੀਆਂ ਭਾਵ-ਹੀਣ ਅੱਖਾਂ ਫੈਲ ਗਈਆਂ। 'ਬੱਲੇ ਬੱਲੇ ਤਿੰਨ ਸੌ ਚਾਲੀ... ਜੇ ਭਾਈ ਸੁਰਗਵਾਸ ਹੋਈ ਤੋਂ ਸੱਦ ਲੈਂਦੇ ਤਾਂ ਏਨੇ ਹੋਰ ਹੋ ਜਾਣੇ ਸੀ। ਫੇਰ ਹੋ ਜਾਣੇ ਸੀ, ਮੇਰੇ ਕੋਲ, ਛੇ ਸੌ ਅੱਸੀ.. ਵਾਹ ਬਈ ਵਾਹ.।' ਉਹ ਖੁਸ਼ ਹੋ ਕੇ ਸਿਰ ਮਾਰਨ ਲੱਗਾ।

-ਲੈ ਫੜ, ਜੇਬ ਵਿਚ ਪਾ ਲਾ-।' ਭੂਆ ਨੇ ਨੋਟ ਉਸਦੇ ਹੱਥਾਂ ਵਿਚ ਦੇ ਦਿੱਤੇ।

-ਨਹੀ, ਨਹੀਂ ਭੂਆ, ਇਹਨਾਂ ਨੂੰ ਆਪਣੇ ਕੋਲ ਈ ਰੱਖ। ਜਦੋਂ ਮੈਂ ਜਾਣਾ ਹੋਇਆ, ਲੈ ਲਊਂਗਾ। ਹੋਰ ਨਾ ਕਿਸੇ ਨੂੰ ਦੇਈਂ, ਚੰਗਾ-? ਨਾਲੇ ਮੈਨੂੰ ਲਿਆ ਦੀਂ, ਇਕ ਦੰਦਾਂ ਵਾਲਾ ਬੁਰਸ਼, ਇਕ ਪੇਸਟ ਤੇ ਇਕ ਟਾਫੀਆਂ ਦਾ ਡੱਬਾ। ਮਿੱਠਾ ਖਾਣ ਨੂੰ ਬਹੁਤ ਜੀਅ ਕਰਦਾ ਰਹਿੰਦੈ।'

-ਬਾਕੀ ਪੈਸਿਆਂ ਦਾ ਕੀ ਕਰੇਂਗਾ ਪੁੱਤ?' ਮੁਹੱਲੇ ਦੀ ਇਕ ਹੋਰ ਔਰਤ ਨੇ ਮੋਹ ਨਾਲ ਪੁੱਛਿਆ।

-ਬਾਕੀ...?' ਉਹ ਸੋਚਣ ਲੱਗਾ... 'ਜਦੋਂ ਘਰ ਵਾਲੀ ਰੋਟੀਆਂ ਨਾ ਦਇਆ ਕਰੂ, ਤਾਂ ਹੋਟਲ 'ਤੇ ਜਾਕੇ ਖਾ ਆਇਆ ਕਰੂੰ।' ਉਹ ਪਹਿਲੀ ਵਾਰ ਹੱਸਿਆ।

ਉਸਦੀ ਹਾਲਤ ਵੇਖਕੇ, ਦੁਆਲੇ ਖੜ੍ਹੀਆਂ ਕਈ ਔਰਤਾਂ ਦਾ ਰੋਣ ਮੱਲੋ ਮੱਲੀ ਨਿਕਲ ਗਿਆ।

[1419/20 ਕ੍ਰਿਸ਼ਨਾ ਨਗਰ, ਮੋਗਾ- 142001]

# ਕਤਲ

**ਜਿੰਦਰ**

ਉਸ ਰਾਤ ਮੈਂ ਕਮਰੇ 'ਚ ਇਕੱਲਾ ਸੀ। ਬਾਪੂ ਦੀ ਹੋਂਦ ਮੇਰੇ ਲਈ ਨਾ ਹੋਇਆਂ ਦੇ ਬਰੋਬਰ ਸੀ। ਉਂਝ ਵੀ ਬਾਪੂ ਨੂੰ ਆਪਣੀ ਕੋਈ ਹੋਸ਼ ਨਹੀਂ ਸੀ। ਹੱਥ ਜਾਂ ਲੱਤ ਜਿਸ ਪਾਸੇ ਵੀ ਚੁੱਕ ਕੇ ਰੱਖ ਦਿੱਤੀ, ਉਥੇ ਹੀ ਟਿਕੀ ਰਹੀ ਸੀ। ਨਿਰਜਿੰਦ। ਦੁਪਹਿਰੇ ਤਾਂ ਵਾਰ ਵਾਰ ਇਉਂ ਲਗਦਾ ਰਿਹਾ ਸੀ ਕਿ ਉਹ ਅੱਜ ਸ਼ਾਮ ਔਖੀ ਕੱਢੇਗਾ। ਉਹ ਔਖੇ ਔਖੇ ਲੰਮੇ ਸਾਹ ਲੈਂਦਾ। ਉਸ ਦਾ ਢਿੱਡ ਵਿਤੋਂ ਵੱਧ ਫੁਲਦਾ। ਗਲੇ 'ਚ ਘਰੜ ਘਰੜ ਦੀ ਆਵਾਜ਼ ਆਉਂਦੀ ਤੇ ਬੀਬੀ ਸਿਰਹਾਣੇ ਵਲ ਪਏ ਮੇਜ਼ 'ਤੇ ਰੱਖੀ ਗੜਵੀ 'ਚੋਂ ਚਮਚੇ ਭਰ ਭਰ ਕੇ ਉਸ ਦੇ ਮੂੰਹ 'ਚ ਪਾਉਣ ਲਗਦੀ। ਕਿੰਨਾ ਚਿਰ ਪਾਣੀ ਮੂੰਹ ਵਿਚ ਰਹਿੰਦਾ। ਫਿਰ ਜਦੋਂ ਉਹ ਹਉਕਾ ਲੈਣ ਵਰਗਾ ਸਾਹ ਲੈਂਦਾ ਤਾਂ ਪਾਣੀ ਵੀ ਗਲੇ ਹੇਠਾਂ ਨੂੰ ਉਤਰ ਜਾਂਦਾ। ਬੀਬੀ ਕੋਲੋਂ ਬਹੁਤਾ ਚਿਰ ਬੈਠਿਆ ਨਹੀਂ ਸੀ ਜਾਂਦਾ। ਉਹ ਗੇੜੇ ਜਿਹੇ ਨਾਲ ਆਉਂਦੀ, ਉਸਦੇ ਚਿਹਰੇ ਨੂੰ ਨਿਹਾਰਦੀ, ਪਜਾਮਾ ਦੇਖਦੀ ਤੇ ਸੋਚਾਂ 'ਚ ਗੁਆਚੀ ਵ੍ਹਾਗੁਰੂ ਵ੍ਹਾਗੁਰੂ ਕਹਿੰਦੀ ਕਮਰੇ 'ਚੋਂ ਬਾਹਰ ਹੋ ਜਾਂਦੀ। ਫਿਰ ਉਸ ਨੂੰ ਅਚੇਤਾਈ ਲੱਗ ਜਾਂਦੀ। ਸ਼ਾਇਦ ਇਸ ਕਰਕੇ ਵੀ ਕਿ ਬਾਪੂ ਦਾ ਅੰਤ ਨੇੜੇ ਸੀ। ਹੁਣ ਮੋੜ ਪੈਣ ਦੀ ਆਸ ਧੁੰਦ 'ਚ ਗੁਆਚੀ ਚੀਜ਼ ਵਾਂਗ ਸੀ। ਤੇ ਡਾਕਟਰ ਜਗਦੀਸ਼ ਨੇ ਜਵਾਬ ਦੇਣ ਦੀ ਮੁਦਰਾ 'ਚ ਕਿਹਾ ਸੀ ਕਿ ਬਜ਼ੁਰਗ ਦੀ ਸੇਵਾ 'ਚ ਹੀ ਤੁਹਾਡਾ ਸਾਰਿਆਂ ਦਾ ਭਲਾ ਹੈ। ਫਿਰ ਬੀਬੀ ਨੇ ਬਾਪੂ ਵਾਲੇ ਕਮਰੇ 'ਚ ਅਗਰਬੱਤੀ ਬੁਝਣ ਨਹੀਂ ਦਿੱਤੀ ਸੀ। ਤੇ ਸਟੀਰੀਓ 'ਤੇ ਸਵੇਰੇ ਤੋਂ ਦਸ ਵਜਦਿਆਂ ਤਾਈਂ ਵਾਰ ਵਾਰ ਜਪੁਜੀ ਸਾਹਿਬ ਦੀ ਕੈਸਿਟ ਤੇ ਸ਼ਾਮਾਂ ਨੂੰ ਹਨੇਰੇ ਦੇ ਅੰਦਰ-ਬਾਹਰ ਹੋਣ ਤੋਂ ਗੂੜ੍ਹੀ ਰਾਤ ਤਕ ਰਹਿਰਾਸ ਦਾ ਪਾਠ ਚਲਦਾ ਰਹਿੰਦਾ। ਇਸ ਸਮੇਂ ਦੌਰਾਨ ਬੀਬੀ ਦੀਆਂ ਅੱਖਾਂ ਬੰਦ ਹੁੰਦੀਆਂ, ਚੁੱਪ-ਚਾਪ ਤੁਰਦੀ ਫਿਰਦੀ ਰਹਿੰਦੀ ਤੇ ਬਾਪੂ ਦੇ ਮੱਥੇ 'ਤੇ ਹੱਥ ਰੱਖ ਕੇ ਉਸ ਨੂੰ ਹਲੂਣਦੀ ਕਹਿੰਦੀ, "ਤੂੰ ਆਵਾਜ਼ ਦੇ ਮਗਰ ਮਗਰ ਪਾਠ ਕਰੀ ਜਾ। ਸ਼ਾਇਦ ਅਗਲੇ ਜਨਮ ਵਿਚ ਤੇਰਾ ਭਲਾ ਹੋ ਜਾਵੇ।"

ਬੀਬੀ ਦਾ ਵਾਰ ਵਾਰ ਇਉਂ ਕਹਿਣਾ ਮੈਨੂੰ ਬਹੁਤੀ ਵਾਰ ਹਾਸਾ ਲਿਆ ਦਿੰਦਾ। ਇਨ੍ਹਾਂ ਪਲਾਂ 'ਚ ਮੈਨੂੰ ਆਪਣੇ ਆਪ 'ਤੇ ਕੰਟ੍ਰੋਲ ਕਰਨਾ ਬੜਾ ਔਖਾ ਲਗਦਾ। ਤੇ ਮੈਂ ਆਪਣਾ ਸਿਰ ਗੋਡਿਆਂ ਦੀਆਂ ਚਪਣੀਆਂ ਤਕ ਝੁਕਾ ਲੈਂਦਾ, ਮਤੇ ਬੀਬੀ ਦੇਖ ਕੇ ਕਹਿ ਨਾ ਦੇਵੇ ਕਿ ਤੇਰਾ ਬਾਪੂ ਮਰਨ ਕੰਢੇ ਪਿਆ ਤੇ ਤੈਨੂੰ ਹਾਸਾ ਸੁਝਦਾ। ਵੈਸੇ ਬੀਬੀ ਦਾ ਐਦਾਂ ਕਰਨਾ ਮੈਨੂੰ ਬੜਾ ਅਜੀਬ ਲਗਦਾ। ਅਚੰਭੇ ਭਰਿਆ।

ਹੁਣ ਵੀ ਅਜੀਬ ਲੱਗ ਰਿਹਾ ਸੀ।

ਹੁਣ ਹੀ ਕਿਉਂ ਜਦੋਂ ਦੀ ਮੈਂ ਸੁਰਤ ਸੰਭਾਲੀ ਹੈ ਉਦੋਂ ਤੋਂ ਹੀ ਅਜੀਬ ਲਗਦਾ ਆ ਰਿਹਾ ਹੈ। ਤੇ ਫੇਰ ਕਾਲਿਜ 'ਚ ਜਾਂਦਿਆਂ ਹੋਰ ਹੀ ਅਰਥ ਸਮਝ ਆਏ ਸਨ। ਇਸ ਸਭ ਕਾਸੇ ਦੇ।

ਬਾਪੂ ਮਨਮਤਾ ਸੀ। ਜੋ ਉਸ ਦੇ ਚਿੱਤ 'ਚ ਆਉਂਦਾ ਕਰਦਾ, ਫੇਰ ਭਾਵੇਂ ਨਫਾ ਹੋਵੇ ਜਾਂ ਨੁਕਸਾਨ। ਭਾਵੇਂ ਘਰ ਨੂੰ ਅੱਗ ਲੱਗ ਜਾਵੇ ਜਾਂ ਵਿਕ ਜਾਵੇ, ਇਸ ਨਾਲ ਉਸ ਨੂੰ ਕੋਈ ਸਰੋਕਾਰ ਨਹੀਂ ਸੀ। ਕਈ ਵਾਰ ਤਾਂ ਉਸ ਆਪਣੀ ਹਿੰਡ ਪੁਗਾਉਣੀ ਹੁੰਦੀ ਸੀ। ਤੇ ਉਸ ਆਪਣੀ ਹਿੰਡ ਉਦੋਂ ਤਾਈਂ ਪੁਗਾਈ ਜਦੋਂ ਤੀਕ ਉਸ ਦੀ ਚਲਦੀ ਰਹੀ। ਚਲਦੀ ਕਿਉਂ ਉਦੋਂ ਤਾਈਂ ਜਦੋਂ ਤਾਈਂ ਉਸ ਨੂੰ ਆਪਣੀ ਸੁਧ-ਬੁਧ ਰਹੀ ਸੀ। ਆਖਿਰੀ ਸਮੇ ਤੋਂ ਤਿੰਨ ਦਿਨ ਪਹਿਲਾਂ ਤਕ।



ਪੇਸ਼ਾਬ ਕਰਨ ਲਈ ਮੈਂ ਉਠਿਆ ਤਾਂ ਬਾਪੂ ਦੀ ਸੱਜੀ ਬਾਂਹ ਮੰਜੇ ਤੋਂ ਹੇਠਾਂ ਲਮਕ ਰਹੀ ਸੀ। ਮੈਂ ਫੇਰ ਬਾਂਹ ਮੰਜੇ ਦੀ ਬਾਹੀ ਨਾਲ ਲੰਮੀ ਪਾ ਦਿੱਤੀ ਤੇ ਮੇਰਾ ਧਿਆਨ ਬਾਪੂ ਦੇ ਚਿਹਰੇ ਵੱਲ ਸੱਜੇ ਖੱਬੇ ਚਲਿਆ ਗਿਆ। ਉਸ ਦੀਆਂ ਅੱਖਾਂ ਬੰਦ ਸਨ ਤੇ ਕੋਰਾਂ 'ਚੋਂ ਪਾਣੀ ਸਿਮਿਆ ਹੋਇਆ ਸੀ।। ਨੱਕ ਦੇ ਸੱਜੇ ਪਾਸੇ ਮੈਲ ਦੀ ਪੇਪੜੀ ਜੰਮੀ ਹੋਈ ਸੀ। ਦਾੜ੍ਹੀ ਦੇ ਵਾਲ ਖਿਲਰੇ ਹੋਏ ਸਨ। ਮੈਂ ਯਕਦਮ ਉਸ ਦੇ ਝੁਰੜੀਆਂ ਭਰੇ ਚਿਹਰੇ ਵੱਲੋਂ ਆਪਣਾ ਧਿਆਨ ਮੋੜ ਲਿਆ। ਮੇਰੇ ਕੋਲੋਂ ਉਸ ਵੱਲ ਦੇਖਿਆ ਹੀ ਨਹੀਂ ਗਿਆ। ਇਸ ਕਰਕੇ ਨਹੀਂ ਕਿ ਉਸ ਦਾ ਅੰਤ ਨੇੜੇ ਆ ਗਿਆ ਸੀ ਤੇ ਉਸ ਦੀਆਂ ਗੱਲ੍ਹਾਂ ਹੇਠਲੀਆਂ ਹੱਡੀਆਂ ਬਾਹਰ ਨੂੰ ਝਾਕਣ ਲਗੀਆਂ ਸਨ ਜਾਂ ਮੈਨੂੰ ਉਸ ਦੇ ਚਿਹਰੇ ਤੋਂ ਭੈਅ ਆਇਆ ਸੀ ਜਾਂ ਉਸ ਦੇ ਕੋਲੋਂ ਬਦਬੂ ਆ ਰਹੀ ਸੀ। ਪਰ ਬਦਬੂ ਵਰਗੀ ਕੋਈ ਚੀਜ਼ ਨਹੀਂ ਸੀ। ਬੀਬੀ ਤਾਂ ਦੋ ਵੇਲੇ ਗਰਮ ਪਾਣੀ ਨਾਲ ਉਸ ਦਾ ਮੂੰਹ ਪੂੰਝਦੀ ਰਹੀ ਸੀ ਤੇ ਦੂਜੇ ਦਿਨ ਕਪੜੇ ਵੀ ਬਦਲਦੀ ਰਹੀ ਸੀ। ਸਮੇਤ ਦਰੀ ਤੇ ਚਾਦਰ ਦੇ। ਆਪ ਬਾਹਰਲੀ ਤਾਕੀ ਖੋਲ੍ਹਦੀ ਤੇ ਸ਼ਾਮੀਂ ਬੰਦ ਕਰਦੀ। ਕਾਂਤਾ ਜਾਂ ਮੇਰੇ ਗੋਚਰੇ ਉਸ ਕੋਈ ਕੰਮ ਨਹੀਂ ਛੱਡਿਆ ਸੀ।

ਪਤਾ ਨਹੀਂ ਕਿੰਨੇ ਸਾਲ ਹੋ ਗਏ। ਸ਼ਾਇਦ ਮੇਰੀ ਨੌਕਰੀ ਲੱਗਣ ਤੋਂ ਪਹਿਲਾਂ। ਹੋ ਸਕਦਾ ਉਦੋਂ ਤੋਂ ਹੀ ਜਦੋਂ ਮੇਰਾ ਕਾਲਿਜ 'ਚ ਪਹਿਲਾ ਸਾਲ ਸੀ। ਯਾਦ ਆਇਆ ਕਾਲਿਜ 'ਚ ਪਹਿਲਾ ਸਾਲ ਹੀ ਸੀ। ਐਡਮੀਸ਼ਨ ਫੀਸ ਤੇ ਹੋਰ ਖਰਚੇ ਸਰਵਣ ਭਾ ਜੀ ਨੇ ਦਿੱਤੇ ਸਨ ਤੇ ਅਗਲੇ ਸੈਸ਼ਨ ਦੀ ਫੀਸ ਜਮ੍ਹਾਂ ਕਰਾਉਣੀ ਸੀ। ਬਾਪੂ ਆਪਣੀ ਬੈਠਕ 'ਚ ਬੈਠਾ ਸੀ। ਗੀਤ ਸੁਣ ਰਿਹਾ ਆਪਣੇ ਮੂਡ 'ਚ। ਜਦੋਂ ਉਹ ਘਰ ਦੇ ਹਰੇਕ ਮੈਂਬਰ ਦੀ ਖਾਹਿਸ਼ ਸਿਰੇ ਚੜ੍ਹਾ ਦਿੰਦਾ ਸੀ। ਛੁੱਟ ਬੀਬੀ ਤੋਂ। ਬੀਬੀ ਤਾਂ ਉਸ ਦੇ ਕਮਰੇ 'ਚ ਜਾਣ ਦਾ ਹਿਆ ਹੀ ਨਹੀਂ ਕਰਦੀ ਸੀ। ਰੋਟੀ ਦੇਣੀ ਹੁੰਦੀ ਤਾਂ ਕਾਂਤਾ ਜਾਂਦੀ। ਚਾਹ ਪੁੱਛਣੀ ਹੁੰਦੀ ਤਾਂ ਮੈਂ ਪੁੱਛਦਾ। ਪਤਾ ਨਹੀਂ ਬਾਪੂ ਨੂੰ ਬੀਬੀ ਨਾਲ ਐਨੀ ਨਫ਼ਰਤ ਕਿਉਂ ਸੀ। ਕਈ ਵਾਰ ਚਿੱਤ ਕਰਦਾ ਕਿ ਉਹਨੂੰ ਪੁੱਛਾਂ ਪਰ ਬਾਪ ਤੇ ਬੇਟੇ ਵਿਚਲੀ ਉਸਰੀ ਕੰਧ ਉਪਰ ਦੀ ਮੇਰੇ ਕੋਲੋਂ ਜਾਇਆ ਨਹੀਂ ਗਿਆ ਸੀ। ਭੂਆ ਦੇ ਜਾਣਾ ਹੁੰਦਾ ਜਾਂ ਕਿਸੇ ਅਫਸੋਸ 'ਤੇ ਬਾਪੂ ਕਾਂਤਾ ਹੱਥ ਸੁਨੇਹਾ ਭੇਜ ਦਿੰਦਾ, "ਆਪਣੀ ਬੀਬੀ ਨੂੰ ਕਹਿ ਦਈਂ। ਸਾਝਰੇ ਚੱਲਣਾ। ਐਵੇਂ ਸੰਗਣ ਸੰਗਣ ਨਾ ਕਰਦੀ ਰਹੇ। ਵੇਲੇ ਸਿਰ ਮੁੜਣਾ।" ਤੇ ਤੁਰਨ ਲਗਾ ਹੁਕਮ ਕਰ ਦਿੰਦਾ, "ਮੈਂ ਚੱਲਿਆਂ।" ਤੇ ਬਾਪੂ ਅੱਡੇ 'ਤੇ ਪੁੱਜਾ ਹੁੰਦਾ ਤੇ ਬੀਬੀ ਘਰੋਂ ਨਿਕਲਦੀ। ਮੁੜਦੇ ਹੋਏ ਵੀ ਅੱਗੜ ਪਿੱਛੜ ਆਉਂਦੇ। ਅਸੀਂ ਚਾਰੇ ਭੈਣ ਭਰਾ ਓਹਲੇ ਓਹਲੇ ਹਸਦੇ।

ਗੀਤ ਖਤਮ ਹੋਣ ਤਕ ਮੈਨੂੰ ਚੁੱਪ ਰਹਿਣਾ ਪਿਆ ਸੀ। ਬਾਪੂ ਨੇ ਅੱਖਾਂ ਬੰਦ ਕਰ ਰੱਖੀਆਂ ਸਨ। ਇਉਂ ਜਿਵੇਂ ਕੋਈ ਸਾਧ ਭਗਤੀ 'ਚ ਲੀਨ ਹੁੰਦਾ। ਕੰਧ ਨਾਲ ਟਿਕਾਏ ਸਰਹਾਣੇ ਨਾਲ ਉਸ ਢੋਅ ਲਾ ਰੱਖੀ ਸੀ। ਸਿਰ 'ਤੇ ਸਾਫਾ ਲਪੇਟਿਆ ਸੀ। ਗੋਡਿਆਂ ਉਪਰ ਦੀ ਹੱਥਾਂ ਦੀ ਕੜਿੰਗੀ ਪਾਈ, ਉਪਰ ਦੀ ਲੋਈ ਦੀ ਬੁੱਕਲ ਮਾਰੀ।

"ਬਾਪੂ ਜੀ... ਮੈਂ ਇਕ ਸੌ ਵੀਹ ਫੀਸ ਦੇ ਦੇਣੇ। ਕਲ੍ਹ ਤਾਈਂ।"

ਉਸ ਅੱਖਾਂ ਖੋਲ੍ਹੀਆਂ। ਦਗਦੀਆਂ ਹੋਈਆਂ। ਅੱਜ ਉਸ ਦੀਆਂ ਅੱਖਾਂ ਬਿਨ ਪੀਤਿਆਂ ਹੀ ਲਾਲ ਸਨ। ਸ਼ਾਇਦ ਅੱਗੇ ਵੀ ਲਾਲ ਹੁੰਦੀਆਂ ਹੋਣਗੀਆਂ ਇਸ ਬਾਰੇ ਮੈਨੂੰ ਬਹੁਤਾ ਗਿਆਨ ਨਹੀਂ ਸੀ ਕਿਉਂਕਿ ਮੇਰੇ ਕੋਲੋਂ ਕਦੇ ਉਸ ਵੱਲ ਸਿੱਧਿਆਂ ਦੇਖਿਆ ਹੀ ਨਹੀਂ ਗਿਆ ਸੀ।

"ਆਪਣੀ ਬੀਬੀ ਕੋਲੋਂ ਲੈ ਲਈਂ।" ਉਸ ਮੁੜ ਅੱਖਾਂ ਮੀਚ ਲਈਆਂ ਤੇ ਅਗਲੇ ਗੀਤ ਦੇ ਨਾਲ ਨਾਲ ਉਹ ਸ਼ਬਦ ਗੁਣਗੁਣਾਉਣ ਲੱਗਾ।

ਮੇਰੇ ਕੋਲ ਕਮਰੇ 'ਚੋਂ ਬਾਹਰ ਜਾਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ ਤੇ ਮੁਕੇਸ਼ ਦੇ

ਗੀਤਾਂ ਦੌਰਾਨ ਉਹ ਕਿਸੇ ਕਿਸਮ ਦੀ ਦਖ਼ਲ-ਅੰਦਾਜ਼ੀ ਪਸੰਦ ਨਹੀਂ ਸੀ ਕਰਦਾ ਹੁੰਦਾ। ਜੇ ਮੈਂ ਅੱਗੋਂ ਹੋਰ ਬੋਲਦਾ ਤਾਂ ਉਸ ਸਿੱਧਾ ਹੀ ਮੈਨੂੰ 'ਕਮਰੇ ਚੋਂ ਦਫ਼ਾ ਹੋ ਜਾ' ਕਹਿ ਦੇਣਾ ਸੀ।

ਦਰਵਾਜ਼ੇ ਕੋਲ ਆ ਕੇ ਮੈਂ ਉਸ ਵੱਲ ਦੇਖਿਆ ਸੀ। ਉਸ ਦਾ ਚਿਹਰਾ ਮੈਨੂੰ ਕਿਸੇ ਫ਼ਕੀਰ ਵਾਂਗ ਲੱਗਾ ਸੀ। ਪਹੁੰਚੇ ਹੋਏ ਫ਼ਕੀਰ ਵਾਂਗ। ਸ਼ਾਂਤ ਗੰਭੀਰ।

ਸ਼ਾਇਦ ਬੀਬੀ ਨੇ ਵੀ ਉਸ ਦੀ ਗੱਲ ਸੁਣ ਲਈ ਸੀ ਤੇ ਮੈਨੂੰ ਇਸ਼ਾਰੇ ਨਾਲ ਆਪਣੇ ਕੋਲ ਸੱਦ ਕੇ ਕਿਹਾ ਸੀ, "ਅਗਾਂਹ ਤੋਂ ਖ਼ਬਰਦਾਰ ਜੇ ਇਸ ਕੋਲੋਂ ਧੇਲਾ ਵੀ ਮੰਗਿਆ... ਜਿੰਨਾ ਚਿਰ ਤੂੰ ਪੜ੍ਹਦਾਂ ਤੇਰਾ ਖ਼ਰਚ ਮੈਂ ਦਊਂ... ਸਮਝਿਆ, ਬਾਕੀ ਜਿਊਂਦਾ ਰਹੇ ਸਰਵਣ। ਹੁਣ ਤਾਂ ਸੁਖ ਨਾਲ ਪ੍ਰੋਫ਼ੈਸਰ ਲੱਗ ਗਿਆ... ਇਹ ਕਮਾਈ ਉਹਦੇ...।" ਤੇ ਉਸ ਫੇਰ ਚਰਖੇ ਦੀ ਹਥੜੀ ਨੂੰ ਜ਼ੋਰ ਨਾਲ ਘੁੰਮਾ ਦਿੱਤਾ ਸੀ। ਉਸ ਦਾ ਚਿਹਰਾ ਹਰਖ ਨਾਲ ਲਾਲ ਹੋ ਗਿਆ ਸੀ। ਮੈਨੂੰ ਪਤਾ ਸੀ ਕਿ ਉਹ ਕਿਸ ਦੀ ਗੱਲ ਕਰਨ ਜਾ ਰਹੀ ਸੀ ਤੇ ਮੈਂ ਪੰਜ ਕੁ ਮਿਨਟ ਉਥੇ ਖੜ੍ਹਾ ਰਿਹਾ ਸੀ ਕਿ ਉਹ ਅਗਾਂਹ ਕੁਝ ਬੋਲੇਗੀ। 'ਉਹ ਦਾ' ਜਿਸ ਨੂੰ ਉਹ ਬੰਤੀ ਝਿਊਰੀ ਕੋਲ ਆਪਣੀ ਸੌਕਣ ਕਹਿੰਦੀ ਹੁੰਦੀ ਹੈ... ਅੱਗਾ-ਪਿੱਛਾ ਫੋਲਣ ਲੱਗ ਜਾਵੇਗੀ। ਪਰ ਉਸ ਨਾ ਤਾਂ ਆਪਣਾ ਸਿਰ ਉਤਾਂਹ ਚੁੱਕਿਆ ਸੀ। ਨਾ ਬੁਲ੍ਹਾਂ 'ਚ ਬੁੜਬੁੜ ਕੀਤੀ ਸੀ। ਇਉਂ ਜਿਵੇਂ ਹੁਣ ਉਸ ਨੇ ਇਸ ਨੂੰ ਆਪਣੀ ਹੋਣੀ ਮੰਨ ਲਿਆ ਹੋਵੇ।

-

ਸਕੂਲ ਨੂੰ ਜਾਂਦਿਆਂ ਵਾਪਸੀ 'ਤੇ ਬਾਪੂ ਦਾ ਕਾਰਖਾਨਾ ਰਾਹ 'ਚ ਆਉਂਦਾ ਸੀ। ਉਨ੍ਹੀਂ ਦਿਨੀਂ ਉਹ ਸੇਪੀ ਦਾ ਕੰਮ ਕਰਦਾ ਸੀ। ਇਕ ਦਿਨ ਸਾਰੀ ਛੁੱਟੀ ਵੇਲੇ ਮੈਂ 'ਮੇਰੇ ਪਿਤਾ ਜੀ' ਲੇਖ ਯਾਦ ਕਰਦਾ ਘਰ ਨੂੰ ਆ ਰਿਹਾ ਸੀ। ਕਈ ਵਾਕ ਯਾਦ ਆ ਜਾਂਦੇ, ਕਈ ਭੁੱਲ ਜਾਂਦੇ। ਐਦਾਂ ਹੀ ਭੁਲਦਿਆਂ ਯਾਦ ਕਰਦਿਆਂ ਬਾਪੂ ਦਾ ਕਾਰਖਾਨਾ ਆ ਗਿਆ ਸੀ। ਉਸ ਦਾ ਆਇਰਨ ਤਪਾਇਆ ਹੋਇਆ ਸੀ। ਕਰਮ ਸਿੰਘ ਪੱਖਾ ਗੇੜ ਰਿਹਾ ਸੀ। ਪਰ ਮੈਂ ਉਥੇ ਬਹੁਤਾ ਚਿਰ ਖੜ੍ਹਿਆ ਨਹੀਂ ਸੀ ਕਿ ਬਾਪੂ ਨੇ ਮੈਨੂੰ ਪੱਖਾ ਗੇੜਨ ਲਾ ਲੈਣਾ ਸੀ। ਫੇਰ ਘਰ ਤਾਈਂ ਮੇਰੇ ਲੇਖ 'ਚ ਕਈ ਕੁਝ ਜੁੜਦਾ ਚਲਾ ਗਿਆ ਸੀ। ਮੇਰੇ ਬਾਪੂ ਜੀ ਬਹੁਤ ਮਿਹਨਤ ਕਰਦੇ ਹਨ। ਉਹ ਸਾਝਰੇ ਆਇਰਨ ਤਪਾ ਲੈਂਦੇ ਹਨ। ...ਘਰ ਤਾਂ ਹਨੇਰੇ ਹੋਏ ਹੀ ਆਉਂਦੇ ਹਨ। ਰੋਟੀ ਘਰੋਂ ਜਾਂਦੀ ਹੈ। ਚਾਹ ਪਾਣੀ ਉਥੇ ਹੀ ਚਲਦਾ ਰਹਿੰਦਾ ਹੈ.. ਕਈ ਸਤਰਾਂ ਹੋਰ ਜੁੜ ਗਈਆ ਸਨ। ਮੇਰਾ ਲੇਖ ਨਵਾਂ ਸੀ। ਬਾਕੀ ਮੁੰਡਿਆਂ ਨਾਲੋਂ ਵੱਖਰਾ। ਮੈਨੂੰ ਖੁਸ਼ੀ ਹੋਈ ਸੀ। ਮੈਨੂੰ ਬਾਪੂ 'ਤੇ ਮਾਣ ਸੀ। ਉਸ ਦੇ ਕਾਮਾ ਹੋਣ ਦਾ।

ਬਾਹਰਲੇ ਦਰਵਾਜ਼ੇ ਕੋਲ ਆਇਆ ਤਾਂ ਬੀਬੀ ਬਸ ਬਸ ਕਰਦੀ ਸੁਣੀ।

ਮਾਸੀ ਕਰਤਾਰੋ ਉਸ ਨੂੰ ਸਮਝਾ ਰਹੀ ਸੀ, "ਲੈ ਕੁੜੇ ਤੈਨੂੰ ਕਾਹਦਾ ਫ਼ਿਕਰ, ਇਕੋ ਇਕ ਕੁੜੀ ਕਾਂਤਾ। ਉਹ ਤਾਂ ਚੌਲਾਂ ਵਿਚ ਵਿਆਹੀ ਜਾਣੀ। ਜਿਉਂਦੇ ਰਹਿਣ ਉਸ ਦੇ ਮਾਮੇ। ਤੂੰ ਬਹੁਤਾ ਫ਼ਿਕਰ ਨਾ ਕਰਿਆ ਕਰ। ਆਦਮੀ ਜਾਤ ਐਦਾਂ ਦੀ ਹੁੰਦੀ... ਜਿੰਨੀ ਕਿਸੇ ਦੀ ਢਕੀ ਰਹਿ ਜਾਏ ਉਹ ਹੀ ਵਾਅਵਾ ਸਮਝ...।"

ਰਾਤੀਂ ਵੀ ਬੀਬੀ ਤੇ ਬਾਪੂ ਖਹਿਬੜਦੇ ਰਹੇ ਸਨ।

ਅੱਧੀ ਰਾਤ ਤਾਈਂ। ਇਕ ਬੋਲਦਾ ਤਾਂ ਦੂਜਾ ਚੁੱਪ ਹੋ ਜਾਂਦਾ। ਮੋੜ ਘੋੜ ਕੇ ਗੱਲ ਉਥੇ ਹੀ ਆ ਜਾਂਦੀ ਜਿਥੋਂ ਸ਼ੁਰੂ ਹੋਈ ਸੀ। ਅਸੀਂ ਚਾਰੇ ਭੈਣ ਭਰਾ ਦਲਾਨ 'ਚ ਬੈਠੇ ਸੁਣਦੇ ਰਹੇ ਸੀ।

"ਦੱਸ ਤੈਨੂੰ ਕਿਹੜੀ ਚੀਜ਼ ਨੀਂ ਮਿਲਦੀ।" ਬਾਪੂ ਚੀਕ ਪਿਆ ਸੀ।

"ਚੀਜਾਂ ਨੂੰ ਮੈਂ ਚੱਟਣਾ।"



"ਮੇਰੇ ਕੋਲੋਂ ਆਹ ਨੀਂ ਹੋਣਾ।"

"ਫੇਰ ਸੌਂ ਵੀ ਉਥੇ ਹੀ ਜਾਇਆ ਕਰ।" ਕਲਪਦੀ ਹੋਈ ਬੀਬੀ ਦਲਾਨ 'ਚ ਆ ਗਈ ਸੀ ਤੇ ਉੱਚੀ ਦੇਣੀ ਉਸ ਕਿਹਾ ਸੀ। ਇਉਂ ਜਿਵੇਂ ਸਾਨੂੰ ਸੁਣਾ ਰਹੀ ਹੋਵੇ, "ਸਮਝ ਲਿਆ ਹੈ ਨੀਂ।

ਫੇਰ ਬੀਬੀ ਬਾਪੂ ਦੀ ਬੈਠਕ 'ਚ ਕਦੇ ਨਹੀਂ ਵੜੀ।

ਫੇਰ ਬਾਪੂ ਲਈ ਘਰ ਦਾ ਅਰਥ ਸਿਰਫ਼ ਉਸ ਦੀ ਆਪਣੀ ਬੈਠਕ ਰਹਿ ਗਿਆ ਸੀ। ਤੇ ਮੇਰੇ ਲੇਖ ਦੇ ਅਰਥ ਵੀ ਬਦਲਦੇ ਗਏ ਸਨ।

-

ਘੜੀ ਨੇ ਗਿਆਰਾਂ ਵੱਜਣ 'ਤੇ ਸੂਚਿਤ ਕੀਤਾ ਸੀ।

ਮੇਰੀਆਂ ਨਜ਼ਰਾਂ ਵਾਰ ਵਾਰ ਕਮਰੇ 'ਚ ਪਈਆਂ ਚੀਜ਼ਾਂ ਦਾ ਮੁਆਇਨਾ ਕਰ ਰਹੀਆਂ ਸਨ। ਜਿੰਨੀ ਇਸ ਕਮਰੇ 'ਚ ਸਫ਼ਾਈ ਸੀ ਸ਼ਾਇਦ ਬਾਕੀ ਘਰ 'ਚ ਨਾ ਹੋਵੇ। ਹਰ ਚੀਜ਼ ਸਲੀਕੇ ਨਾਲ ਟਿਕਾਈ, ਸੰਵਾਰੀ। ਬਾਪੂ ਨੂੰ ਸਫ਼ਾਈ ਪਸੰਦ ਸੀ ਤੇ ਇਹ ਬੈਠਕ ਉਸ ਆਪਣੇ ਲਈ ਬਣਾਈ ਸੀ ਜਿਸ 'ਚ ਦੀਵਾਨ ਪਿਆ ਸੀ। ਸੋਫ਼ਾ ਨੁਮਾ ਪੰਜ ਕੁਰਸੀਆਂ ਸਨ। ਇਕ ਨੁੱਕਰ 'ਚ ਲੱਕੜ ਦੀ ਛੋਟੀ ਜਿਹੀ ਬਣਾਈ ਅੰਗੀਠੀ 'ਤੇ ਸਟੀਰੀਓ ਪਿਆ ਸੀ ਤੇ ਹੇਠਾਂ ਕੈਸਿਟਾਂ। ਕਮਰੇ ਦੇ ਬਾਹਰ ਗੇਟ ਸੀ ਤੇ ਕਿਸੇ ਨੂੰ ਵੀ ਜੁੱਤੀ ਲੈ ਕੇ ਅੰਦਰ ਆਉਣਾ ਸਖ਼ਤ ਮਨ੍ਹਾ ਸੀ। ਇਕ ਵਾਰ ਉਸਦਾ ਲੰਗੋਟੀਆ ਯਾਰ ਮੋਹਣਾ ਆਪਣੇ ਖੁੱਸਿਆਂ ਸਣੇ ਅੰਦਰ ਆ ਵੜਿਆ। ਪਤਾ ਨਹੀਂ ਉਹ ਆਪਣੇ ਖੁਸੇ ਹੀ ਬਾਪੂ ਨੂੰ ਦਿਖਾਉਣਾ ਚਾਹੁੰਦਾ ਹੋਵੇਗਾ। ਪਰ ਬਾਪੂ ਬੋਲਿਆ ਕੁਝ ਨਾ, ਖੂੰਡੀ ਚੁੱਕੀ ਤੇ ਇਕ ਇਕ ਕਰਕੇ ਖੁੱਸੇ ਦਰਵਾਜ਼ੇ ਤੋਂ ਬਾਹਰ ਸੁੱਟ ਆਇਆ ਤੇ ਬੋਲਿਆ, "ਲੈ ਬਈ ਮੋਹਣ ਸਿਹਾਂ ਜੇ ਬਚ ਗਏ ਤਾਂ ਤੇਰੇ। ਜੇ ਕੋਈ ਲੈ ਗਿਆ ਤਾਂ ਸਮਝ ਲਈਂ ਉਸ ਦੀ ਲੈਟਰੀ ਨਿਕਲ ਗਈ।" ਤੇ ਇਹ ਗੱਲ ਸਾਰੇ ਪਿੰਡ 'ਚ ਫੈਲ ਗਈ ਸੀ ਤੇ ਬਾਪੂ ਦੇ ਅਸੂਲ ਨਾਲ ਜੁੜ ਗਈ ਸੀ।

ਡੂਢੀ ਬੁੱਕਲ ਮਾਰੀ ਬੀਬੀ ਆਈ ਤੇ ਬੁਝੀ ਅਗਰਬੱਤੀ ਨੂੰ ਦੇਖ ਮੇਰੇ ਵੱਲ ਦੇਖਿਆ। ਇਉਂ ਜਿਉਂ ਕਹਿ ਰਹੀ ਹੋਵੇ, 'ਪੁੱਤ ਹੋਰ ਲਾਉਣ 'ਚ ਕਿਹੜਾ ਮੁੱਲ ਲਗਦਾ'। ਤੇ ਫੇਰ ਉਸ ਇਕ ਹੋਰ ਅਗਰਬੱਤੀ ਲਾ ਦਿੱਤੀ ਤੇ ਅੱਧੀ ਰਜਾਈ ਆਪਣੇ ਵੱਲ ਨੂੰ ਖਿੱਚ ਕੇ ਗੋਡਿਆਂ ਤੀਕ ਲੈ ਲਈ।

ਮੈਂ ਬੀਬੀ ਵੱਲ ਦੇਖਿਆ। ਉਦੋਂ ਜਦੋਂ ਉਹ ਸਿੱਧੀ ਹੀ ਬਾਪੂ ਵੱਲ ਦੇਖ ਰਹੀ ਸੀ।

ਉਸ ਦੀਆਂ ਅੱਖਾਂ 'ਚ ਨਮੀ ਸੀ। ਉਹ ਰੋਣਾ ਚਾਹੁੰਦੀ ਸੀ ਪਰ ਮੇਰੇ ਸਾਹਮਣੇ ਰੋ ਨਹੀਂ ਸਕਦੀ ਸੀ। ਇਸ ਕਰਕੇ ਕਿ ਜੇ ਉਹ ਰੋ ਪਈ ਤਾਂ ਮੈਂ ਕਹਿ ਦੇਣਾ- "ਬੀਬੀ ਤੂੰ ਕਿਸ ਲਈ ਰੋਂਦੀ ਏਂ, ਉਸ ਲਈ ਜਿਸ ਨੇ ਤੈਨੂੰ ਕਦੇ ਪੈਰ ਦੀ ਜੁੱਤੀ ਨੀਂ ਸਮਝਿਆ।"

ਕਾਂਤਾ ਚਾਹੁੰਦੀ ਸੀ ਕਿ ਉਹ ਰੋਵੇ। ਭੁੱਬਾਂ ਮਾਰ ਕੇ। ਇਸ ਨਾਲ ਉਸ ਅੰਦਰ ਬੱਝੀ ਗੰਢ ਦੀਆਂ ਤਹਿਆਂ ਖੁਲ੍ਹਣੀਆਂ ਸ਼ੁਰੂ ਹੋ ਜਾਣਗੀਆਂ। ਜਾਂ ਉਹ ਉਚੀ ਉਚੀ ਹੱਸੇ, ਐਨਾ ਉਚੀ ਕਿ ਸਾਰਾ ਪਿੰਡ ਹੀ ਦੇਖੇ। ਇਸ ਨਾਲ ਵੀ ਉਸ ਦਾ ਬੋਝ ਹਲਕਾ ਹੋ ਸਕਦਾ ਸੀ।

ਪਰ ਉਹ ਕੁਝ ਨਹੀਂ ਕਰ ਸਕਦੀ ਸੀ। ਵਾਰ ਵਾਰ ਮੈਨੂੰ ਇਹ ਗੱਲ ਹੁੱਝਾਂ ਮਾਰ ਰਹੀ ਸੀ।

"ਵਿਜੇ... ਨੀਂਦ ਤਾਂ ਨੀਂ ਆਉਂਦੀ? " ਬੀਬੀ ਨੇ ਮੈਨੂੰ ਚੁੱਪ ਬੈਠਿਆਂ ਦੇਖ ਪੁੱਛਿਆ।

"ਊਂ-...ਹੂੰ-।"

"ਫੇਰ ਚਾਹ ਬਣਾ ਲਿਆਵਾਂ।"

"ਤੁਹਾਡਾ ਪੀਣ ਨੂੰ ਚਿੱਤ ਮੰਨਦਾ।"

"ਮੇਰਾ ਚਿੱਤ ਤੇਰੇ ਨਾਲੋਂ ਕਿਤੇ ਵੱਖਰਾ।"

"ਜੇ ਮੈਂ ਬਣਾ ਲਿਆਵਾਂ।"

"ਤੂੰ ਕਿੱਥੇ ਟੱਕਰਾਂ ਮਾਰਦਾ ਫਿਰੇਂਗਾ। ਕਾਂਤਾ ਵੀ ਸੌਂ ਗਈ। ਕਲ੍ਹ ਦੀ ਉਨੀਂਦਰੀ ਸੀ। ਮੁੰਡਾ ਵੀ ਉਸ ਦਾ ਅੱਥਰਾ।"

ਤੇ ਉਹ ਖੜ੍ਹੀ ਹੋ ਗਈ। ਜਾਂਦੀ ਜਾਂਦੀ ਦਰਵਾਜ਼ੇ ਕੋਲੋਂ ਮੁੜ ਆਈ। ਬਾਪੂ ਦੀ ਰਜਾਈ ਠੀਕ ਕੀਤੀ ਤੇ ਉਸ ਨੂੰ ਨੱਕ ਕੋਲ ਜੰਮੀ ਮੈਲ ਦੀ ਪੇਪੜੀ ਦਿਸ ਪਈ। ਕੋਲ ਪਈ ਲੀਰ ਨਾਲ ਉਸ ਹੌਲੀ ਹੌਲੀ ਪੇਪੜੀ ਸਾਫ ਕੀਤੀ ਤੇ ਦਾਹੜੀ ਦੇ ਖਿਲਰੇ ਵਾਲਾ ਨੂੰ ਰੁਕ ਸਿਰ ਕਰਨ ਲੱਗੀ।

"ਬੀਬੀ ਮੈਂ ਚਾਹ ਬਣਾ ਕੇ ਲਿਆਇਆ।" ਮੈਂ ਉਸਨੂੰ ਆਪਣੇ ਉਠਣ ਦਾ ਪਤਾ ਨਹੀਂ ਲੱਗਣ ਦਿੱਤਾ ਸੀ।

\- - -

ਚਾਹ ਦੇ ਉਬਾਲੇ ਤਾਈਂ ਪਤਾ ਨਹੀਂ ਮੈਂ ਕੀ ਊਲ-ਜਲੂਲ ਸੋਚਦਾ ਰਿਹਾ ਸੀ। ਪਰ ਇਸੇ ਦੌਰਾਨ ਮੈਨੂੰ ਇਕ ਗੱਲ ਰੜਕਦੀ ਰਹੀ ਸੀ ਕਿ ਹੁਣ ਜਦੋਂ ਬਾਪੂ ਦੀ ਜ਼ਿੰਦਗੀ ਦਾ ਕੋਈ ਵਸਾਹ ਨਹੀਂ ਰਿਹਾ ਫੇਰ ਬੀਬੀ ਨੇ ਸਰਵਣ ਭਾ ਜੀ ਤੇ ਕੁਲਦੀਪ ਭਾ ਜੀ ਨੂੰ ਚਿੱਠੀ ਕਿਉਂ ਨਹੀਂ ਪਾਈ, ਨਾ ਹੀ ਕਿਸੇ ਹੱਥ ਸੁਨੇਹਾ ਭੇਜਿਆ ਸੀ। ਮੈਂ ਉਸ ਕੋਲੋਂ ਪੁੱਛਦਾ ਰਹਿ ਗਿਆ ਸੀ ਕਿਉਂ ਜੁ ਏਸ ਸਮੇਂ ਉਨ੍ਹਾ ਦੋਹਾਂ ਨੂੰ ਇਥੇ ਹੋਣਾ ਚਾਹੀਦਾ ਸੀ। ਸਰਵਣ ਭਾ ਜੀ ਗੌਰਮਿੰਟ ਕਾਲਿਜ 'ਚ ਲੈਕਚਰਾਰ ਸਨ ਤੇ ਕੁਲਦੀਪ ਭਾ ਜੀ ਪੰਜਾਬ ਰੋਡਵੇਜ਼ 'ਚ ਆਡੀਟਰ। ਦੋਵੇਂ ਅਪਰੋਚ ਵਾਲੇ ਸਨ। ਸਰਵਣ ਭਾ ਜੀ ਕੋਲ ਤਾ ਆਪਣੀ ਗੱਡੀ ਵੀ ਸੀ ਤੇ ਬਾਪੂ ਨੂੰ ਉਹ ਸ਼ਹਿਰ ਦੇ ਕਿਸੇ ਵੀ ਹਸਪਤਾਲ 'ਚ ਲਿਜਾਕੇ ਦਿਖਾ ਸਕਦਾ ਸੀ। ਫੇਰ ਕੋਈ ਸਲਾਹ ਕਰਨੀ ਹੁੰਦੀ ਹੈ। ਤਿੰਨੇ ਇਕੱਠੇ ਹੁੰਦੇ ਤਾਂ ਕਿਸੇ ਇਕ 'ਤੇ ਬੋਝ ਨਾ ਪੈਂਦਾ ਤੇ ਪਿੱਠ ਪਿੱਛੇ ਕੋਈ ਕਿਸੇ ਨੂੰ ਕਹਿਣ ਜੋਗਾ ਨਾ ਰਹਿੰਦਾ। ਹਰੇਕ ਆਪਣੇ ਫਰਜ਼ਾਂ ਨੂੰ ਨਿਭਾਉਂਦਾ। ਪਿੰਡ ਵਾਲੇ ਮਾਣ ਕਰਦੇ। ਬੀਬੀ ਨੂੰ ਚਿੰਤਾ ਨਾ ਹੁੰਦੀ। ਕਾਂਤਾ ਸਮੇਂ ਸਿਰ ਆਪਣੇ ਘਰ ਜਾਣ ਵਾਲੀ ਬਣਦੀ। ਜਿਦਣ ਦਾ ਬਾਪੂ ਮੰਜੇ 'ਤੇ ਪਿਆ ਕਾਂਤਾ ਹੀ ਉਸ ਕੋਲ ਸੀ। ਸ਼ਾਇਦ ਇਸ ਕਰਕੇ ਕਿ ਉਹ ਸਾਡੇ ਸਾਰਿਆ ਨਾਲੋਂ ਨੇੜੇ ਰਹਿੰਦੀ ਸੀ ਤੇ ਬੀਬੀ ਨੇ ਆਂਢ ਗੁਆਂਢ ਦੇ ਕਿਸੇ ਮੁੰਡੇ ਹੱਥ ਸੁਨੇਹਾ ਭੇਜ ਕੇ ਉਸ ਨੂੰ ਮੰਗਵਾ ਲਿਆ ਹੋਵੇ। ਤੇ ਮੇਰਾ ਆਉਣਾ ਤਾਂ ਸੱਬਬ ਨਾਲ ਹੋਇਆ ਸੀ। ਮੇਰੀ ਬੱਚੀ ਨੂੰ ਮੱਕੀ ਦੀ ਰੋਟੀ ਬੜੀ ਪਸੰਦ ਸੀ। ਮੱਕੀ ਦੀ ਮੇਥੀ ਵਾਲੀ ਰੋਟੀ। ਤੇ ਚੰਗੀ ਮੱਕੀ ਜੱਸੇ ਕਿਆ ਦਿਉਂ ਹੀ ਮਿਲ ਸਕਦੀ ਸੀ ਤੇ ਜੱਸਾ ਜਦੋਂ ਵੀ ਮਿਲਦਾ ਪਿੰਡ ਆਉਣ ਦੀ ਤਾਗੀਦ ਕਰਦਾ ਰਹਿੰਦਾ। ਸ਼ਨੀਵਾਰ ਅਤੇ ਐਤਵਾਰ ਦੀ ਛੁੱਟੀ ਸੀ ਤੇ ਐਤਵਾਰ ਸ਼ਾਮ ਨੂੰ ਮੈਂ ਬੋਰਾ ਲੈ ਕੇ ਜਾਣਾ ਸੀ। ਜੇ ਮੈ ਨਾ ਆਉਂਦਾ ਤਾਂ ਮੈਨੂੰ ਬਾਪੂ ਦੀ ਬੀਮਾਰੀ ਦਾ ਕੀ ਪਤਾ ਲੱਗਣਾ ਸੀ।

...ਕਲ੍ਹ ਸ਼ਾਮੀ ਹੀ ਬੀਬੀ ਨੂੰ ਦਿਸਣ ਲੱਗ ਗਿਆ ਸੀ ਕਿ ਬਾਪੂ ਦਾ ਅੰਤ ਸਿਰ 'ਤੇ ਖੜ੍ਹਾ ਹੈ। ਉਸ ਮੈਨੂੰ ਸਮਝਾਉਣ ਦੇ ਲਹਿਜੇ 'ਚ ਕਿਹਾ ਸੀ, "ਕਿਸੇ ਨੂੰ ਸੱਦਣ ਦੀ ਲੋੜ ਨ੍ਹੀਂ-। ਇਹ ਜਿੱਦਾਂ ਦਾ ਮਰਜੀ ਸੀ ਪਰ ਕਿਸੇ ਦੀ ਮਰਗ 'ਤੇ ਪਿੱਛੇ ਨ੍ਹੀਂ ਹੋਇਆ। ਜੇ ਕਿਸੇ ਮਰੇ ਨੂੰ ਕੋਈ ਨਹਾਉਣ ਦਾ ਹਿਆਂ ਨਾ ਕਰਦਾ ਤਾਂ ਇਹ ਮੋਹਰੇ ਹੋ ਜਾਂਦਾ। ਤੈਨੂੰ ਪਤਾ ਆਪਣੇ ਪਿੰਡ ਵਾਲੇ ਦੁਨੀਏ ਬ੍ਰਾਹਮਣ ਦਾ, ਉਹ ਹੀ ਜਿਹੜਾ ਸੇਪੀ ਕਰਦਾ ਸੀ ਨਾ। ਲੰਝਾ ਦੁਨੀਆ। ਉਹ ਆਪਣੀ ਕੋਠੜੀ 'ਚ ਹੀ ਮਰ ਗਿਆ, ਦੋ ਦਿਨਾਂ ਬਾਅਦ ਪਤਾ ਲੱਗਾ। ਡਰਦਾ ਮਾਰਾ ਕੋਈ ਲਾਗੇ ਨਾ ਜਾਵੇ। ਇਸ ਪਿਉ ਦੇ ਪੁੱਤ ਨੇ ਜ਼ੋਰ ਨਾਲ ਧੱਕਾ ਮਾਰ ਕੇ ਦਰਵਾਜ਼ੇ ਨੂੰ ਕਬਜਿਆਂ ਸਣੇ ਪੁੱਟ ਦਿੱਤਾ। ਦੁਨੀਏ ਦੇ ਅੰਦਰੋਂ ਬੋ ਆਈ, ਬਾਹਰ



ਤਾਂ ਹਮਾ ਤਮਾ ਦੀ ਭੀੜ ਲੱਗ ਗਈ ਪਰ ਭੜੂਆ ਕੋਈ ਲਾਗੇ ਨਾ ਜਾਵੇ। ਇਹ ਬਾਹਰ ਆ ਗਿਆ ਤੇ ਪਾਸੇ ਵਾਲਿਆਂ ਨੂੰ ਕਿਹਾ-ਤੁਸੀਂ ਬਾਲਣ ਸੁਟਵਾਉ ਬਾਕੀ ਮੈਂ ਜਾਣਾਂ ਮੇਰਾ ਕੰਮ। ਜੇ ਕੋਈ ਸੀੜ੍ਹੀ ਨੂੰ ਹੱਥ ਪਾਉਣੋਂ ਡਰਦਾ, ਮੈਂ ਕੱਲਾ ਚੁੱਕ ਲੈ ਜਾਊਂ-...।"

ਪਰ ਮੇਰੇ ਕੋਲੋਂ ਬਾਪੂ ਦੀ ਪ੍ਰਸ਼ੰਸਾ ਸੁਣੀ ਨਾ ਗਈ। ਮੈਂ ਤਾਂ ਹਮੇਸ਼ਾ ਹੀ ਇਹ ਚਾਹਿਆ ਕਿ ਮੇਰੇ ਸਾਹਮਣੇ ਬਾਪੂ ਦੀ ਕੋਈ ਨਿੰਦਿਆ ਕਰੇ, ਉਸ ਦੀਆਂ ਕਮਜ਼ੋਰੀਆਂ ਦੀਆਂ ਗਾਥਾਵਾ ਸੁਣਾਵੇ। ਉਹ ਮੇਰੇ ਸਾਹਮਣੇ ਬਾਪੂ ਦੀ ਕੋਈ ਨਿੰਦਿਆ ਕਰੇ... ਵੀ ਵਧਾ ਚੜ੍ਹਾ ਕੇ। ਪਰਸੋਂ ਜਦੋਂ ਮੈਂ ਅੱਡੇ 'ਤੇ ਉਤਰਿਆ ਤਾਂ ਲੰਬੜਾਂ ਦਾ ਪਿਆਰਾ ਮਿਲਿਆ ਸੀ ਤੇ ਉਸ ਪੁੱਛਿਆ ਸੀ, "ਤਾਏ ਦਾ ਕੀ ਹਾਲ ਚਾਲ ਐ?"

"ਮੈਂ ਅੱਠ ਮਹੀਨਿਆਂ ਬਾਅਦ ਪਿੰਡ ਆਇਆਂ। ਇਹ ਪਿੰਡ ਵਾਲਿਆਂ ਨੂੰ ਪਤਾ ਹੋਊ।" ਮੈਨੂੰ ਖਿਝ ਆ ਗਈ ਸੀ।

"ਲੈ ਪਿਉ ਤੇਰਾ, ਕੈਂਦਾ ਪਤਾ ਪਿੰਡ ਵਾਲਿਆਂ ਨੂੰ ਹੋਊ।" ਉਸ ਵਿਅੰਗ ਨਾਲ ਕਿਹਾ ਤਾਂ ਅੱਗੋ ਮੈਂ ਆਪਣੀ ਤੁਰਨ ਦੀ ਰਫਤਾਰ ਵਧਾ ਦਿੱਤੀ ਸੀ। ਮੈਨੂੰ ਪਤਾ ਸੀ ਕਿ ਪਿਆਰੇ ਦੇ ਪਿਉ ਮੋਹਣੇ ਨਾਲ ਬਾਪੂ ਦਾ ਖਾਣ ਪੀਣ ਇਕ ਰਿਹਾ ਤੇ ਇਨ੍ਹਾਂ ਕੋਲੋਂ ਬਾਪੂ ਦੀ ਉਸਤੁਤ ਤੋਂ ਬਿਨਾਂ ਹੋਰ ਕੁਝ ਨਹੀਂ ਕਿਹਾ ਜਾਣਾਂ। ਉਂਦਾਂ ਵੀ ਇਹ ਬਾਪੂ ਦਾ ਅਹਿਸਾਨ ਮੰਨਦੇ ਹਨ। ਇਕ ਮੈਂ ਸੀ ਜੋ ਕਦੇ ਬਾਪੂ ਨੂੰ ਟਿਚ ਨਹੀਂ ਸਮਝਦਾ ਤੇ ਬਾਪੂ ਮੈਨੂੰ ਟਿਚ ਨਹੀਂ ਸਮਝਦਾ ਰਿਹਾ ਸੀ। ਦਸ ਸਾਲ ਪਿੰਡ ਛੱਡੇ ਨੂੰ ਹੋਣ ਲੱਗੇ ਸਨ। ਬਾਪੂ ਇਕ ਵਾਰ ਵੀ ਮੇਰੇ ਘਰੇ ਨਹੀਂ ਸੀ ਆਇਆ। ਮੇਰੇ ਇਕੋ ਇਕ ਮੁੰਡੇ ਮਨਦੀਪ ਦੀ ਛਟੀ 'ਤੇ ਵੀ ਨਹੀਂ। ਉਦੋਂ ਸਿਰਫ ਬੀਬੀ ਗਈ ਸੀ। ਮੈਂ ਡੱਬਾ ਲੈ ਕੇ ਆਪ ਆਇਆ ਸੀ ਤੇ ਨਾਲ ਹੀ ਅਖੰਡ ਪਾਠ ਦਾ ਕਾਰਡ। ਬਾਪੂ ਬੈਠਕ 'ਚ ਬੈਠਾ ਸੀ। ਮੈਂ ਬੀਬੀ ਨੂੰ ਕਾਰਡ 'ਤੇ ਛਪੇ ਅੱਖਰਾਂ ਨੂੰ ਉੱਚੀ ਉੱਚੀ ਪੜ੍ਹ ਕੇ ਸੁਣਾ ਰਿਹਾ ਸੀ। ਤਾ ਕਿ ਬਾਪੂ ਨੂੰ ਵੀ ਸੁਣ ਪੈਣ... ਸਰਦਾਰ ਮਲਕੀਤ ਸਿੰਘ ਵੱਲੋਂ ਆਪਣੇ ਪੋਤਰੇ ਦੀ... ਅਗਲੇ ਸ਼ਬਦ ਸੁਣਨ ਤੋਂ ਪਹਿਲਾ ਹੀ ਉਸ ਸਟੀਰੀਉ ਦੀ ਆਵਾਜ਼ ਉੱਚੀ ਕਰ ਦਿੱਤੀ ਸੀ। ਮੈਂ ਸਭ ਕੁਝ ਸਮਝ ਗਿਆ ਸੀ। ਮੈਂ ਤਾਂ ਕਾਰਡ 'ਤੇ ਬਾਪੂ ਦਾ ਨਾਂ ਵੀ ਛਪਵਾਉਣਾ ਨਹੀਂ ਚਾਹੁੰਦਾ ਸੀ। ਪਰ ਨੀਲਮ ਨੇ ਮੇਰੀ ਇਕ ਨਹੀਂ ਮੰਨੀ ਸੀ। ਕਹਿੰਦੀ ਰਹੀ-ਕਾਰਡ ਵੱਡਿਆਂ ਵੱਲੋਂ ਜਾਣਾ ਚਾਹੀਦਾ ਹੈ। ਇਸ ਨਾਲ ਸ਼ਾਇਦ ਬਾਪੂ ਜੀ ਵੀ ਮੰਨ ਜਾਣ। ਪਰ ਬਾਪੂ ਵੀ ਆਪਣੇ ਅਸੂਲਾਂ ਦਾ ਪੱਕਾ ਸੀ। ਬੀਬੀ ਚਾਹ ਬਣਾ ਕੇ ਲਿਆਈ ਸੀ ਤੇ ਮੈਂ ਆਪਣਾ ਮਨ ਬਾਪੂ ਕੋਲ ਜਾਣ ਲਈ ਕਰੜਾ ਕਰ ਲਿਆ ਸੀ ਕਿ ਪਿਛਲ ਖੁਰੀ ਆਉਂਦੇ ਬਾਪੂ ਨੇ ਕੜਾਕ ਦੇਣੀ ਦਰਵਾਜ਼ਾ ਲਾਇਆ। ਤੇ ਬਾਹਰਲੇ ਦਰਵਾਜ਼ਿਆ ਤੋਂ ਬਾਹਰ। ਮੈਨੂੰ ਪਤਾ ਸੀ ਕਿ ਹੁਣ ਉਹ ਆਪਣੇ ਕਾਰਖਾਨੇ ਹੀ ਜਾਵੇਗਾ। ਐਦਾਂ ਦੇ ਵੇਲੇ ਉਸ ਦੀ ਮੰਜ਼ਲ ਉਸ ਦਾ ਹਵੇਲੀ 'ਚ ਬਣਾਇਆ ਕਾਰਖਾਨਾ ਹੀ ਹੁੰਦਾ ਸੀ ਜਿਥੇ ਕੰਮ ਤੋਂ ਉਸ ਨੂੰ ਕਦੇ ਵਿਹਲ ਨਹੀਂ ਸੀ ਮਿਲੀ। ਬੀਬੀ ਕੋਲ ਚੁੱਪ ਬਿਨਾਂ ਕੋਈ ਚਾਰਾ ਨਹੀਂ ਸੀ ਤੇ ਮੈਨੂੰ ਇਸ ਗੱਲ ਦਾ ਵੀ ਆਭਾਸ ਸੀ ਕਿ ਜੇ ਮੈਂ ਬਾਪੂ ਨੂੰ ਕਾਰਖਾਨੇ ਜਾ ਕੇ ਕਹਿਣ ਨਾ ਗਿਆ ਤਾਂ ਬੀਬੀ ਦੀ ਚੁੱਪ ਲੰਬੀ ਹੋ ਜਾਣੀ ਸੀ। ਇਸ ਸਮੇਂ ਮੈਨੂੰ ਬਾਪੂ ਨਾਲੋਂ ਨੀਲਮ 'ਤੇ ਜ਼ਿਆਦਾ ਗੁੱਸਾ ਆਇਆ ਸੀ। ਖਾਹ ਮਖਾਹ ਮੈਨੂੰ ਭੇਜ ਦਿੱਤਾ ਸੀ। ਨਾਲ ਚੱਲਣ ਲਈ ਕਿਹਾ ਤਾਂ ਉਹ ਬੋਲੀ. "ਤੁਹਾਨੂੰ ਮੇਰੀ ਸਥਿਤੀ ਦਾ ਤਾਂ ਪਤਾ।" ਫੇਰ ਸਫਰ ਕਿਵੇਂ ਕਰ ਸਕਦੀ। ਆਉਣਾ ਮੇਰੀ ਮਜਬੂਰੀ ਬਣ ਗਈ ਸੀ ਤੇ ਹੁਣ ਇਹੋ ਮਜਬੂਰੀ ਮੈਨੂੰ ਕਾਰਖਾਨੇ ਲੈ ਗਈ ਸੀ। ਬਾਪੂ ਬੋੱਡ ਦੇ ਢੋਅ 'ਤੇ ਲਾਉਣ ਲਈ ਪਲਾਈ ਮਿਣ ਰਿਹਾ ਸੀ ਤੇ ਮੇਰੇ ਕੋਲ ਜਾਣ 'ਤੇ ਬੋਲਿਆ ਸੀ: "ਤੂੰ ਕਾਰਡ ਅੰਗੀਠੀ ਤੇ ਰੱਖ ਦੇ ਤੇ ਆਪਣੀ ਰੰਨ ਕੋਲ ਚਲਿਆ ਜਾ।" ਬਾਪੂ ਦੇ ਐਦਾ ਰੁੱਖਾ ਬੋਲਣ ਨੇ ਮੈਨੂੰ ਝੁਣਝਣੀ ਲਿਆ ਦਿੱਤੀ ਸੀ। ਬਾਪੂ ਦੇ ਗੁੱਸੇ 'ਚ ਕੋਈ ਫਰਕ ਨਹੀਂ ਸੀ ਆਇਆ। ਕਾਰਖਾਨਿਉਂ ਘਰ ਤਕ ਦਾ ਸਫਰ ਮੈਨੂੰ ਕੋਹਾਂ ਮੀਲਾਂ ਦੂਰ ਲੱਗਾ ਸੀ। ਪਤਾ ਨਹੀਂ ਕਿਉਂ ਜਦੋਂ ਕਦੇ ਬਾਪੂ ਗੁੱਸੇ ਨਾਲ ਬੋਲਦਾ ਸੀ ਉਦੋਂ ਮੈਨੂੰ ਬੈਠਕ 'ਚ ਬੈਠੇ ਮੋਹਣੇ ਨੂੰ ਬਾਪੂ ਦੇ ਕਹੇ ਸ਼ਬਦ ਵਾਰ ਵਾਰ ਯਾਦ ਆ ਜਾਂਦੇ

ਸਨ," "ਜਨਾਨੀਆਂ ਸਮਝਦੀਆ ਬਈ ਜਦੋਂ ਪੁੱਤ ਬਰੋਬਰ ਦੇ ਹੋ ਜਾਣ ਤਾਂ ਉਨ੍ਹਾਂ ਦੀ ਸਰਦਾਰੀ ਹੋਣੀ ਚਾਹੀਦੀ ਆ, ਕਿਉਂਕਿ ਉਹ ਇਹ ਸਮਝਦੀਆਂ ਬਈ ਪੁੱਤ ਜਦੋਂ ਕਦੀ ਬੋਲੂਗਾ ਆਪਣੀ ਮਾਂ ਦੇ ਪੱਖ 'ਚ ਬੋਲੂਗਾ, ਫੇਰ ਤਾਂ ਪੁੱਤ ਸ਼ਰੀਕ ਹੋ ਗਏ ਤੇ ਮੈਂ ਅਜਿਹੇ ਸ਼ਰੀਕਾਂ ਨੂੰ...'ਤੇ ਵੀ ਨ੍ਹੀਂ ਮਾਰਦਾ।"

\- - -

ਦੋਹਾਂ ਹੱਥਾਂ 'ਚ ਚਾਹ ਦੇ ਗਿਲਾਸ ਫੜੀ ਮੈਂ ਵਿਹੜੇ 'ਚ ਆਇਆ ਤਾਂ ਬੀਬੀ ਬਾਪੂ 'ਤੇ ਝੁਕੀ ਖੜ੍ਹੀ ਸੀ। ਉਸ ਦੇ ਹੱਥ ਬਾਪੂ ਦੀ ਧੌਣ ਕੋਲ ਸਨ। ਮੈਂ ਆਹਿਸਤੇ ਆਹਿਸਤੇ ਤਾਕੀ ਕੋਲ ਆ ਖੜ੍ਹਿਆ। ਮੈਨੂੰ ਬੀਬੀ ਘਬਰਾਈ ਹੋਈ ਲੱਗੀ। ਉਹ ਵਾਰ ਵਾਰ ਆਪਣੀ ਬੁੱਕਲ ਠੀਕ ਕਰ ਰਹੀ ਸੀ ਤੇ ਨਾਲ ਹੀ ਫੈਲਾ ਰਹੀ ਸੀ। ਇਉਂ ਜਿਵੇਂ ਉਹ ਜੋ ਕੁਝ ਵੀ ਕਰ ਰਹੀ ਸੀ ਉਹ ਕਿਸੇ ਦੂਜੇ ਨੂੰ ਨਾ ਦਿਸੇ। ਪਰ ਉਸ ਇਕ ਵਾਰ ਵੀ ਦਰਵਾਜ਼ੇ ਵੱਲ ਨਹੀਂ ਦੇਖਿਆ ਸੀ।

ਬੀਬੀ ਦੀਆਂ ਉਂਗਲਾਂ ਅਜੇ ਵੀ ਬਾਪੂ ਦੀ ਧੌਣ ਕੋਲ ਹੀ ਸਨ। ਮੇਰੇ ਮਨ 'ਚ ਵਿਚਾਰ ਉਭਰਿਆ ਕਿ ਉਹ ਹੁਣ ਬਾਪੂ ਦਾ ਗਲਾ ਘੁਟ ਦੇਵੇਗੀ। ਸਾਰੀ ਉਮਰ ਬਾਪੂ ਨੇ ਉਸ ਦੀ ਇਕ ਨਹੀਂ ਸੁਣੀ, ਆਪਣੀ ਚਲਾਈ। ਸ਼ਾਇਦ ਬੀਬੀ ਦਾ ਗੁੱਸਾ ਬਾਹਰ ਨਿਕਲਣਾ ਸ਼ੁਰੂ ਹੋ ਗਿਆ ਹੋਵੇ ਜਾਂ ਉਹ ਵੀ ਆਪਣਾ ਬਦਲਾ ਲੈਣਾ ਚਾਹੁੰਦੀ ਹੋਵੇ। ਫੇਰ ਇਸ ਤੋਂ ਚੰਗਾ ਮੌਕਾ ਹੋਰ ਕਿਹੜਾ ਹੈ। ਮੈਨੂੰ ਇਹ ਅਹਿਸਾਸ ਹੁੰਦਾ ਰਿਹਾ ਸੀ ਕਿ ਬੀਬੀ ਸਿਰਫ ਜੀਉਂ ਰਹੀ ਸੀ। ਬਸ ਜਿਉਣ ਲਈ। ਇਸ ਤੋਂ ਵੱਧ ਕੁਝ ਵੀ ਨਹੀਂ। ਜਦੋਂ ਬੀਬੀ ਦੀਆਂ ਉਂਗਲਾਂ ਦੀਆ ਗਠਾਂ ਦਿਸੀਆਂ ਤਾਂ ਮੈਨੂੰ ਖੁਸ਼ੀ ਹੋਈ ਸੀ। ਅਥਾਹ ਖੁਸ਼ੀ। ਮੈਂ ਆਪ ਚਾਹੁੰਦਾ ਸੀ ਕਿ ਬਾਪੂ ਮਰ ਜਾਵੇ। ਇਸ ਨੂੰ ਤਾਂ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮਰ ਜਾਣਾ ਚਾਹੀਦਾ ਸੀ। ਫੇਰ ਇਹ ਜਿਉਂਦਾ ਕਿਉਂ ਰਿਹਾ ਸੀ।

ਹੁਣ ਬੀਬੀ ਦਾ ਹੱਥ ਬਾਪੂ ਦੇ ਨੱਕ ਕੋਲ ਸੀ। ਸ਼ਾਇਦ ਉਸ ਕੋਲੋਂ ਬਾਪੂ ਦੀ ਗਿੱਚੀ ਨਾ ਘੁੱਟ ਹੋਈ ਹੋਵੇ। ਤੇ ਉਹ ਉਸ ਦਾ ਸਾਹ ਬੰਦ ਕਰ ਕੇ ਮਾਰ ਦੇਣਾ ਚਾਹੁੰਦੀ ਹੋਵੇ। ਮਾਰਨ ਦਾ ਇਹ ਤਰੀਕਾ ਵੀ ਵਧੀਆ ਹੋ ਸਕਦਾ। ਇਕ ਹੱਥ ਮੂੰਹ 'ਤੇ ਰੱਖ ਦਿਉ ਤੇ ਇਕ ਨਾਲ ਨਾਸਾਂ ਬੰਦ ਕਰ ਦਿਉ। ਪੰਜ ਮਿਨਟਾਂ 'ਚ ਘੋਗਾ ਚਿੱਤ ਹੋ ਜਾਂਦਾ।

ਹੱਥਾ 'ਚ ਫੜੇ ਗਿਲਾਸ ਮੈਂ ਬੰਨੀ 'ਤੇ ਰੱਖ ਦਿੱਤੇ। ਮੇਰੇ ਮਨ 'ਚ ਆਇਆ ਕਿ ਇਸ ਕੰਮ 'ਚ ਬੀਬੀ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਸੀ। ਉਸ ਦੀਆਂ ਕਮਜ਼ੋਰ ਉਂਗਲਾਂ 'ਚ ਹੁਣ ਪਹਿਲਾ ਜਿੰਨੀ ਤਾਕਤ ਨਹੀਂ ਰਹੀ ਸੀ। ਕਾਂਤਾ ਦਲਾਨ 'ਚ ਸੁੱਤੀ ਪਈ ਸੀ। ਆਪਣੇ ਮੁੰਡੇ ਨੂੰ ਲਈ। ਫੇਰ ਮੇਰੇ ਸਿਵਾਇ ਹੋਰ ਉਸ ਦੀ ਸਹਾਇਤਾ ਕੌਣ ਕਰ ਸਕਦਾ.? ਪਰ ਦੂਜੇ ਪਲ ਇਕ ਹੋਰ ਵਿਚਾਰ ਆਇਆ ਕਿ ਮੇਰੇ ਜਾਣ ਨਾਲ ਕਿਤੇ ਉਹ ਆਪਣੀ ਸਕੀਮ ਹੀ ਬਦਲ ਨਾ ਲਵੇ। ਉਸੇ ਪਲ ਬੀਬੀ ਦੀ ਦੇਹ ਬੁਰੀ ਤਰ੍ਹਾਂ ਕੰਬੀ। ਇਉਂ ਜਿਵੇਂ ਕਿਸੇ ਨੂੰ ਠੰਡੇ ਪਾਣੀ ਦੇ ਟਬ 'ਚੋਂ ਗੋਤਾ ਦੇ ਕੇ ਬਾਹਰ ਲਿਆ ਖੜ੍ਹਾਇਆ ਹੋਵੇ। ਮੈਨੂੰ ਲੱਗਾ ਕਿ ਬਾਪੂ ਪੂਰਾ ਹੋ ਗਿਆ ਸੀ ਤੇ...ਅਗਾਂਹ ਦੀ ਮੈਨੂੰ ਕੋਈ ਸੋਝੀ ਨਾ ਆਈ ਕਿਉਂਕਿ ਬੀਬੀ ਦੀ ਮਾਰੀ ਲੇਰ ਵੇ ਲੋਕੋ... ਮੈਂ ਪੱਟੀ ਗਈ... 'ਵੇ ਮੈਂ ਲੁੱਟੀ ਗਈ...' ਨੇ ਮੇਰਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ।

ਬਾਪੂ ਦੀ ਦੇਹ ਨੂੰ ਭੁੰਜੇ ਲਾਹ ਕੇ ਰਖਦਿਆਂ ਮੇਰੀਆਂ ਅੱਖਾ ਉਸ ਦੀ ਧੌਣ 'ਤੇ ਕੇਂਦਰਤਿ ਹੋ ਗਈਆਂ ਸਨ। ਪਰ ਮੈਨੂੰ ਉਥੇ ਅਜਿਹਾ ਕੁਝ ਵੀ ਨਹੀਂ ਦਿਸਿਆ ਸੀ ਜਿਸ ਨਾਲ ਮੈਂ ਇਹ ਫੈਸਲਾ ਕਰ ਸਕਦਾ ਕਿ ਬਾਪੂ ਆਪਣੀ ਮੌਤੇ ਮਰਿਆ ਸੀ ਜਾਂ ਕਿ ਬੀਬੀ ਨੇ. .

(984, ਮਾਡਲ ਹਾਊਸ, ਜਲੰਧਰ-3)



# ਲਾ ਇਲਾਜ

**ਭੂਰਾ ਸਿੰਘ ਕਲੇਰ**

ਸਿਵਲ ਸਰਜਨ ਵਧੀਆ ਹੋਣ ਕਰਕੇ ਹਸਪਤਾਲ ਦਾ ਪ੍ਰਬੰਧ ਵਧੀਆ ਸੀ। ਸਾਰੇ ਕਰਮਚਾਰੀ ਆਪਣੀ ਆਪਣੀ ਡਿਊਟੀ ਸਮੇਂ ਸਿਰ ਨਿਭਾਉਂਦੇ। ਸਫਾਈ ਬਹੁਤ ਵਧੀਆ ਤਰੀਕੇ ਨਾਲ ਕੀਤੀ ਜਾਂਦੀ। ਸਮੇਂ ਸਿਰ ਫੀਨਾਇਲ ਆਦਿ ਦਾ ਛਿੜਕਾ ਕੀਤਾ ਜਾਂਦਾ। ਗੱਲ ਕੀ ਸਾਰਾ ਇੰਤਜ਼ਾਮ ਠੀਕ ਸੀ।

ਦੂਸਰੀ ਮੰਜ਼ਿਲ ਨੌਂ ਨੰਬਰ ਵਾਰਡ ਦੇ ਗੁਸਲਖਾਨੇ ਵਿਚੋਂ ਇਕ ਪਤਲੀ ਜਿਹੀ ਕਣਕਵੰਨੇ ਰੰਗ ਦੀ ਔਰਤ ਕੇਸੀਂ ਨਹਾ ਕੇ ਨਿਕਲੀ। ਆਪਣੇ ਬਿਸਤਰੇ ਕੋਲ ਉਸਨੇ ਰੁੜ੍ਹੇ ਫਿਰਦੇ ਆਪਣੇ ਚਾਰ ਕੁ ਸਾਲ ਦੇ ਕਾਕੇ ਨੂੰ ਚੁੱਕਿਆ। ਇਕ ਨਜ਼ਰ ਸਾਰੇ ਵਾਰਡ ਦੇ ਬਿਸਤਰਿਆਂ ਵੱਲ ਦੇਖਿਆ ਅਤੇ ਬੱਚੇ ਨੂੰ ਦੁੱਧ ਚੁੰਘਾਉਣ ਲੱਗ ਗਈ। ਬੱਚਾ ਦੁੱਧ ਚੁੰਘਦਾ ਚੁੰਘਦਾ ਸੌਂ ਗਿਆ। ਉਸ ਨੂੰ ਬਿਸਤਰੇ 'ਤੇ ਪਾ ਉਹ ਦੋ ਖਾਲੀ ਬਿਸਤਰੇ ਛੱਡ ਤੀਜੇ ਬਿਸਤਰੇ 'ਤੇ ਬੈਠੀ ਅੱਧਖੜ ਬੁੜ੍ਹੀ ਨਾਲ ਗੱਲੀਂ ਜਾ ਲੱਗੀ। ਉਸ ਨੇ ਪਹਿਲਾਂ ਬੁੜ੍ਹੀ ਨੂੰ ਉਸ ਦੀ ਤੰਦਰੁਸਤੀ ਪੁੱਛੀ, ਫਿਰ ਬੁੜ੍ਹੀ ਨੇ ਉਸ ਦੀ। ਫੇਰ ਉਸਨੇ ਰੋਜ਼ ਦੀ ਤਰ੍ਹਾਂ ਆਪਣੇ ਲੰਮੇ ਕਿੱਸੇ ਸੁਣਾਉਣੇ ਸ਼ੁਰੂ ਕਰ ਦਿੱਤੇ:

"...ਲੈ ਮਾ ਜੀ ਮੈਂ ਆਪਣੇ ਪੇਕੀਂ ਕੰਵਾਰੀ ਹੁੰਦੀ ਨੇ ਕਦੇ ਨੀ ਸੀ ਸੋਚਿਆ ਕਿ ਇਹ ਦਿਨ ਵੀ ਦੇਖਣੇ ਪੈਣਗੇ। ਪਿਓ ਮੇਰਾ ਜਿਮੀਦਾਰਾਂ ਨਾਲ ਸੀਰੀ ਸੀ। ਦਾਣੇ ਸਾਲ ਭਰ ਦੇ ਆ ਜਾਂਦੇ ਸੀ। ਮੈਸੂ ਤੇ ਗਾਂ ਰਖੀਆਂ ਹੋਈਆਂ ਸੀ। ਜਿਨ੍ਹਾਂ ਮਗਰ ਇਕ ਕੱਟੀ ਇਕ ਬੱਛੀ ਹੁੰਦੀਆਂ। ਮੈਂ ਆਪਣੇ ਪਿਉ ਦੇ ਕੱਲੀ ਕੁੜੀ ਸੀ। ਮੈਂ ਤੇ ਮੇਰੀ ਮਾਂ ਰੋਜ ਦੇ ਗੇੜੇ ਪੱਠਿਆ ਦੇ ਖੇਤਾਂ ਵਿਚੋਂ ਖੋਤ ਕੇ ਲਿਆਉਂਦੀਆਂ। ਦੁੱਧ ਘਿਓ ਵਾਹਵਾ ਸੀ। ਆਪਣੇ ਹੱਥ ਨਾਲ ਖਾਂਦੀ ਸਾਂ। ਮੈਂ ਤਾਂ ਬਾਹਲੀ ਨਰੋਈ ਤੇ ਸੋਹਣੀ ਸੀ। ਮੇਰੇ ਪਿਓ ਨੇ ਮੈਨੂੰ ਕਦੇ ਪਾਟੇ ਲੀੜੇ ਨਹੀਂ ਸੀ ਪਾਉਣ ਦਿੱਤੇ। ਚੜ੍ਹਦੇ ਤੋਂ ਚੜ੍ਹਦਾ ਲਿਆ ਕੇ ਦਿੰਦਾ। ਕੋਈ ਨੀ ਸੀ ਆਖਦਾ ਕਿ ਇਹ ਚਮਿਆਰ ਦੀ ਧੀ ਐ-ਜਿਵੇਂ ਰਾਜੇ ਦੀ ਧੀ ਹੁੰਨੀ ਐਂ... ਮੇਰਾ ਪਿਓ ਆਖਦਾ ਧਰਮੋਂ ਪੁੱਤ ਤੇਰੇ ਵਿਆਹ ਨੂੰ ਮੈਂ ਬਾਹਲਾ ਈ ਕੁਛ ਦੇਊਂ। ਮੇਰੀ ਮਾਂ ਦਾ ਤਾਂ ਧਰਮੋ ਧਰਮੋ ਕਰਦੀ ਦਾ ਮੂੰਹ ਨਾ ਸੁੱਕਦਾ। ਮੈਂ ਤਾਂ ਰਾਜ ਕੀਤਾ ਸੀ ਮਾਪਿਆਂ ਦੇ ਘਰੇ, ਰਾਜ...।" ਫੇਰ ਧਰਮੋ ਨੇ ਇਕ ਲੰਮਾ ਹਉਕਾ ਲਿਆ-ਆਪਣੀ ਗੱਲ ਜਾਰੀ ਰੱਖੀ:

"...ਮਰ ਜਾਣ ਬੱਚੜੇ ਮੇਰੇ ਮਾਸੀ ਮਾਸੜ ਦੇ ਜਿਨ੍ਹਾਂ ਨੇ ਮੇਰਾ ਰਿਸ਼ਤਾ ਇਹੋ ਜਿਹੇ ਨੰਗ ਮਲੰਗ ਦੇ ਕਰਾ ਤਾ। ਮੇਰੇ ਪਿਓ ਨੂੰ ਹੱਥ 'ਤੇ ਚੜ੍ਹਾ ਲਿਆ। ਮੇਰੀ ਮਾਂ ਤਾਂ ਬਥੇਰਾ ਪਿੱਟੀ ਸੀ- ਪਰ ਮੇਰੇ ਕਰਮਾਂ ਨੇ ਧੋਖਾ ਦੇ ਤਾ।" ਫੇਰ ਉਹ ਆਪਣੇ ਆਪ ਨੂੰ ਕੋਸਣ ਲੱਗ ਪਈ। ਬੁੜ੍ਹੀ ਉਸ ਦਾ ਅਣ ਮੰਨੇ ਚਿੱਤ ਨਾਲ ਹੁੰਗਾਰਾ ਭਰੀ ਗਈ। ਕੁਝ ਚਿਰ ਮਗਰੋਂ ਬੁੜ੍ਹੀ ਦੇ ਦਰਦ ਹੋਣ ਲੱਗ ਪਿਆ ਤੇ ਉਹ ਬਿਸਤਰੇ 'ਤੇ ਪੈ ਗਈ। ਧਰਮੋ ਉਥੋਂ ਉਠ ਕੇ ਆਪਣੇ ਬਿਸਤਰੇ ਕੋਲ ਆਈ। ਬੱਚਾ ਸੁੱਤਾ ਪਿਆ ਸੀ। ਉਸਨੇ ਤੇਲ ਦੀ ਸ਼ੀਸ਼ੀ ਕੱਢੀ, ਸਿਰ ਨੂੰ ਮਲ ਕੇ ਕੰਘੀ ਕਰਨ ਲੱਗ ਪਈ। ਚਾਂਦੀ ਦੀਆਂ ਸੂਈਆਂ ਸਿਰ 'ਤੇ ਸਜਾ ਲਈਆਂ। ਧੋਤਾ ਦੁੱਪਟਾ ਥੈਲੇ 'ਚੋਂ ਕੱਢ ਸਿਰ 'ਤੇ ਲਿਆ। ਸ਼ੀਸ਼ਾ ਵੇਖ ਕੇ ਮੁੜ ਥੈਲੇ ਵਿਚ ਪਾ ਦਿੱਤਾ। ਬਣ-ਸੰਵਰ ਕੇ ਇਕ ਵਾਰ ਸੁੱਤੇ ਬੱਚੇ ਵੱਲ ਵੇਖ ਵਾਰਡ ਤੋਂ ਬਾਹਰ ਨਿਕਲ ਗਈ। ਬਰਾਂਡਾ ਲੰਘ ਪੌੜੀਆਂ ਚੜ੍ਹ ਤੀਜੀ ਮੰਜ਼ਿਲ 'ਤੇ ਚਲੀ ਗਈ-ਕਿਉਂਕਿ ਨੌਜਵਾਨ ਰਾਮੂ ਚੌਕੀਦਾਰ ਉਥੋਂ ਤੀਜੀ ਮੰਜ਼ਿਲ 'ਤੇ ਹੀ ਗਿਆ ਸੀ। ਉਹ ਵੀ ਉਸ ਨਾਲ ਹਮਦਰਦੀ ਕਰਦਾ ਸੀ। ਉਹ ਰਾਮੂ ਨਾਲ ਵੀ ਕਿੰਨਾ ਕਿੰਨਾ ਚਿਰ ਗੱਲਾਂ ਕਰੀ ਜਾਂਦੀ।

ਕੋਈ ਇਕ ਘੰਟੇ ਬਾਅਦ ਧਰਮੋ ਵਾਰਡ ਵਿਚ ਮੁੜੀ। ਉਸਦਾ ਬੱਚਾ ਜਾਗ ਪਿਆ ਸੀ। ਉਹ ਕਲਵਾਹਟ ਕਰ ਰਿਹਾ ਸੀ। ਡਿਊਟੀ ਨਰਸ ਉਸ ਨੂੰ ਝਿੜਕਾਂ ਦੇ ਰਹੀ ਸੀ:

"ਨੀ ਤੂੰ ਕਿੱਥੇ ਚਲੀ ਜਾਨੀ ਐਂ ਬੱਚਾ ਛੱਡ ਕੇ-ਤੈਨੂੰ ਪਤਾ ਨਹੀਂ ਬੱਚਾ ਚੀਕਾਂ ਮਾਰ ਰਿਹੈ-ਹੋਰ ਮਰੀਜ਼ਾਂ ਨੇ ਵੀ ਆਰਾਮ ਕਰਨਾ ਹੈ-ਤੇਰੇ ਕੱਲੀ ਲਈ ਤਾਂ ਨਹੀਂ ਹਸਪਤਾਲ-ਕੀ ਕਹਿੰਦੀ ਐਂ"?

ਉਸ ਜਲਦੀ ਨਾਲ ਬੱਚੇ ਨੂੰ ਚੁੱਕਿਆ. ਦੁੱਧ ਦਿੱਤਾ, ਸ਼ਰਮਸਾਰ ਜਿਹੀ ਹੋ ਕੇ ਧੀਮੀ ਆਵਾਜ਼ ਨਾਲ ਬੋਲੀ; "ਭੈਣ ਜੀ ਮੇਰੀਆਂ ਲੱਤਾਂ ਸੌਂ ਗਈਆਂ ਸਨ, ਮਾੜਾ ਮੋਟਾ ਤੁਰਨ ਫਿਰਨ ਗਈ ਸੀ।"

ਦਿਨੇ ਧਰਮੋ ਆਪਣੇ ਬੱਚੇ ਨਾਲ ਕਦੇ ਖੇਡ ਲੈਂਦੀ-ਕਦੇ ਬਿਸਤਰੇ 'ਤੇ ਪੈ ਕੇ ਸੌਂ ਜਾਂਦੀ। ਨਰਸ ਦੀਆਂ ਦਿੱਤੀਆਂ ਗੋਲੀਆਂ ਕਦੇ ਖਾ ਲੈਂਦੀ, ਕਦੇ ਨਾ ਖਾਂਦੀ।

ਸ਼ਾਮ ਹੋਈ ਤਾਂ ਉਸਦੇ ਦਰਦ ਹੋਣਾ ਸ਼ੁਰੂ ਹੋ ਗਿਆ। ਉਹ ਬਿਸਤਰੇ 'ਤੇ ਪੈ ਕੇ ਹੌਲੀ ਹੌਲੀ ਹੂੰਗਰ ਮਾਰਨ ਲੱਗ ਪਈ। ਇਹ ਦਰਦ ਉਸਦੇ ਇਸੇ ਵੇਲੇ ਹੀ ਹੁੰਦਾ ਸੀ। ਹੁਣ ਉਸਦੇ ਘਰ ਵਾਲੇ ਪ੍ਰੀਤੂ ਦੇ ਆਉਣ ਦਾ ਵਕਤ ਹੋ ਗਿਆ ਸੀ। ਪ੍ਰੀਤੂ ਆਏ ਤੋਂ ਕਈ ਵਾਰ ਉਸ ਨੂੰ ਦੌਰਾ ਪੈ ਜਾਂਦਾ। ਉਹ ਗੁੰਮ ਸੁੰਮ ਹੋ ਜਾਂਦੀ। ਪਰ ਇਹ ਦੌਰਾ ਜਲਦੀ ਹੀ ਠੀਕ ਹੋ ਜਾਂਦਾ। ਜਾਂ ਨਰਸਾਂ ਟੀਕਾ ਵਗੈਰਾ ਲਾ ਜਾਂਦੀਆਂ। ਧਰਮੋ ਨੂੰ ਖਾਣਾ ਹਸਪਤਾਲ ਵਿਚੋਂ ਹੀ ਮਿਲਦਾ ਕਿਉਂਕਿ ਉਹ ਸਰਪੰਚ ਤੋਂ ਅਨੁਸੂਚਿਤ ਜਾਤੀ ਦਾ ਸਰਟੀਫੀਕੇਟ ਲੈ ਆਈ ਸੀ। ਪ੍ਰੀਤੂ ਸ਼ਾਮ ਨੂੰ ਨਿੱਕੇ ਡੋਲੂ ਵਿਚ ਦੁੱਧ ਲੈ ਆਉਂਦਾ। ਧਰਮੋ ਪੀ ਲੈਂਦੀ, ਕੁਛ ਬੱਚੇ ਨੂੰ ਪਿਆ ਦੇਂਦੀ। ਜਿੱਥੇ ਧਰਮੋ ਦਾ ਬੈੱਡ ਸੀ, ਉਸ ਕੋਲ ਪ੍ਰੀਤੂ ਭੁੰਜੇ ਆਪਣਾ ਖੇਸ ਵਿਛਾਅ ਕੇ ਪੈ ਜਾਂਦਾ। ਉਸ ਨੂੰ ਧਰਮੋ ਦੀ ਬਿਮਾਰੀ ਦੀ ਚਿੰਤਾ ਵਿਚ ਨੀਂਦ ਨਾ ਆਉਂਦੀ। ਜੇ ਕਦੀ ਉਸ ਦੀ ਅੱਖ ਲੱਗ ਵੀ ਜਾਂਦੀ ਤਾਂ ਧਰਮੋ ਦੀ ਉੱਚੀ 'ਹਾਏ' ਉਸਨੂੰ ਜਗਾ ਦਿੰਦੀ। ਉਹ ਤ੍ਰਬਕ ਕੇ ਉੱਠਦਾ। ਸੁਰਾਹੀ 'ਚੋਂ ਜਲਦੀ ਨਾਲ ਗਲਾਸ ਵਿਚ ਪਾਣੀ ਪਾ, ਉਸ ਦੀ ਧੌਣ 'ਚ ਹੱਥ ਪਾ ਬੈਠੀ ਕਰ, ਗਲਾਸ ਮੂੰਹ ਨੂੰ ਲਾ ਦਿੰਦਾ। ਉਹ ਦੋ ਘੁੱਟਾ ਭਰਕੇ ਪੈ ਜਾਂਦੀ। ਕਦੇ ਉਸ ਨੂੰ ਅੱਧੀ ਰਾਤ ਦੌਰਾ ਪੈ ਜਾਂਦਾ ਤਾਂ ਪ੍ਰੀਤੂ ਭੱਜਾ ਭੱਜਾ ਨਰਸਾਂ ਦੇ ਕਮਰੇ ਵਿਚ ਜਾਂਦਾ। ਉਹਨਾਂ ਦੀ ਮਿੰਨਤ ਕਰਦਾ। ਨਰਸ ਪ੍ਰੀਤੂ ਨੂੰ ਦੋ ਗੋਲੀਆਂ ਫੜਾ ਦਿੰਦੀ। ਧਰਮੋ ਫੜ ਕੇ ਸਰ੍ਹਾਣੇ ਰੱਖ ਲੈਂਦੀ। ਇਸ ਤਰ੍ਹਾਂ ਰਾਤ ਦਾ ਉਨੀਂਦਰਾ ਲਈ ਪ੍ਰੀਤੂ ਮੂੰਹ-ਹਨ੍ਹੇਰੇ ਹੀ ਹਸਪਤਾਲ 'ਚੋਂ ਨਿਕਲ ਆਪਣੇ ਪਿੰਡ ਨੂੰ ਤੁਰ ਜਾਂਦਾ, ਜੋ ਨੇੜੇ ਹੀ ਸੀ। ਆਪਣੇ ਸੀਰੀ ਸਰਦਾਰਾਂ ਦੇ ਕੰਮ ਜਾ ਲੱਗਦਾ।

--- ਅੱਜ ਉਹ ਆਪਣੇ ਕੱਚੇ ਘਰ ਗੇੜਾ ਮਾਰਨ ਗਿਆ। ਮੋਟੀਆਂ ਤਰੇੜਾਂ ਵਾਲੇ ਲਿਉੜਾਂ ਭਰੀਆਂ ਕੰਧਾਂ ਉਦਾਸ ਸਨ। ਵਿਹੜੇ ਵਿਚ ਗੋਡੇ ਗੋਡੇ ਕੂੜਾ ਚੜ੍ਹਿਆ ਪਿਆ ਸੀ। ਉਸ ਨੇ ਕੱਚੀ ਸਵ੍ਹਾਤ ਦਾ ਜ਼ਰ ਖਾਧਾ ਜਿੰਦਾ ਖੋਲ੍ਹ ਕੇ ਬਾਰ ਖੋਲ੍ਹਿਆ। ਅੰਦਰੋਂ ਇਕ ਭੈੜੀ ਤਰ੍ਹਾਂ ਦੀ ਹਵਾੜ ਆਈ। ਸਾਹਮਣੇ ਧਰਮੋਂ ਦੀ ਲੀੜਿਆਂ ਵਾਲੀ ਪੇਟੀ ਵੇਖ ਪ੍ਰੀਤੂ ਦਾ ਲੰਮਾ ਹਉਕਾ ਨਿਕਲ ਗਿਆ। ਪੇਟੀ ਵਿਚੋਂ ਹੀ ਧਰਮੋ ਦੇ ਵਿਆਹ ਵੇਲੇ ਦੇ ਵਰੀ ਦੇ ਕਪੜੇ ਤੇ ਗੋਟੇ ਵਾਲਾ ਸਾਲੂ ਕੱਢ ਕੇ ਵੇਖਦਾ ਪ੍ਰੀਤੂ ਕਰਮਾਂ ਨੂੰ ਝੂਰਦਾ ਰਹਿਆ। .....ਧਰਮੋਂ ਨੂੰ ਡੇਢ ਮਹੀਨਾ ਹੋ ਗਿਆ ਸੀ ਬੀਮਾਰ ਹੋਈ ਨੂੰ। ਹਸਪਤਾਲ ਦੇ ਡਾਕਟਰ ਤੇ ਨਰਸਾਂ ਤਾਂ ਉਸ ਨੂੰ ਵਧੀਆ ਦਵਾਈਆਂ ਟੀਕੇ ਦੇ ਰਹੇ ਸੀ ਪਰ ਆਰਾਮ ਨਹੀਂ ਸੀ ਆ ਰਿਹਾ। ਪ੍ਰੀਤੂ ਕਿਸਮਤ ਦਾ ਚੱਕਰ ਸਮਝ ਰੱਬ ਨੂੰ ਗਾਲ੍ਹਾਂ ਕੱਢ ਬੇ-ਵਸ ਹੋ ਰਹਿੰਦਾ। ਭਰੀਆਂ ਅੱਖਾਂ ਨਾਲ ਉਸ ਨੇ ਆਪਣੀ ਕੱਚੀ ਸਵਾਤ ਨੂੰ ਫਿਰ ਜਿੰਦਰਾ ਲਾਇਆ। ਲੱਤਾਂ ਘੜੀਸਦਾ ਉਹ ਸਰਦਾਰਾਂ ਦੇ ਘਰ ਵੱਲ ਚੱਲ ਪਿਆ।

ਸਰਦਾਰ ਨੇ ਪ੍ਰੀਤੂ ਦੇ ਘਰ ਵਾਲੀ ਦੀ ਬੀਮਾਰੀ ਬਾਰੇ ਪੁੱਛ ਕੇ ਉਸਨੂੰ ਰੋਟੀ ਖਾ ਕੇ ਖੇਤ ਜਾਣ ਲਈ ਕੰਮ ਸਮਝਾ ਦਿੱਤਾ। ਉਹ ਮਾੜੀ ਮੋਟੀ ਰੋਟੀ ਖਾ ਕੇ, ਨਹੀਂ ਸੰਘੋਂ ਲੰਘਾ ਕੇ ਖੇਤ ਵੱਲ ਚੱਲ



ਪਿਆ। ਖੇਤ ਜਾ ਕੇ ਨਰਮੇ ਦੀ ਗੋਡੀ ਕਰਦਾ ਉਹ ਦੂਜੇ ਕਾਮਿਆਂ ਦੀਆਂ ਗੱਲਾਂ ਤੋਂ ਬੇਧਿਆਨ ਹੋ ਆਪਣੇ ਹੀ ਗ਼ਮ ਵਿਚ ਡੁੱਬਿਆ ਰਹਿਆ। ਡੇਢ ਮਹੀਨਾ ਹੋ ਗਿਆ ਸੀ ਉਸਨੇ ਕਦੇ ਰੱਜ ਕੇ ਰੋਟੀ ਨਹੀਂ ਖਾਧੀ ਸੀ। ਉਹ ਕਾਫੀ ਕਮਜ਼ੋਰ ਹੋ ਗਿਆ ਸੀ। ਕੰਮ ਕਰਦੇ ਕਰਦੇ ਕਈ ਵਾਰ ਉਸਨੂੰ ਆਪਣੀ ਵਹੁਟੀ ਧਰਮੋ ਤੇ ਬੱਚੇ ਦੀ ਯਾਦ ਬਹੁਤ ਸਤਾਉਂਦੀ। ਕਈ ਵਾਰ ਉਸ ਦਾ ਕਾਲਜਾ ਏਨਾ ਮੱਚਦਾ ਕਿ ਉਹ ਢਿੱਡ ਘੁਟ ਕੇ ਖੇਤ ਦੀ ਵੱਟ 'ਤੇ ਬਹਿ ਜਾਂਦਾ। ਅੱਜ ਵੀ ਗੋਡੀ ਕਰਦੇ ਨੂੰ ਉਸਨੂੰ ਚੱਕਰ ਜਿਹੇ ਆਉਣ ਲੱਗ ਪਏ। ਉਸ ਨੇ ਟਿਊਬਵੈੱਲ 'ਤੇ ਜਾ ਕੇ ਪਾਣੀ ਪੀਤਾ। ਥੋੜ੍ਹਾ ਚਿਰ ਦਮ ਲਿਆ। ਤ੍ਰਿਕਾਲਾਂ ਵੇਲੇ ਪਿੰਡ ਆਇਆ। ਸਰਦਾਰਨੀ ਨੇ ਉਸ ਨੂੰ ਪੀਣ ਲਈ ਦੁੱਧ ਫੜਾਇਆ ਪਰ ਉਸ ਨੇ ਆਪਣੇ ਨਿੱਕੇ ਡੋਲੂ ਵਿਚ ਪਾ ਲਿਆ। ਪਸ਼ੂਆਂ ਨੂੰ ਪੱਠੇ ਪਾਉਂਦੇ ਪਾਉਂਦੇ ਅੱਜ ਉਸ ਨੂੰ ਪਿੰਡ ਹੀ ਦਿਨ ਛਿਪ ਗਿਆ ਸੀ। ਉਸ ਨੂੰ ਹਸਪਤਾਲ ਜਾਣ ਦਾ ਫਿਕਰ ਖਾਈ ਜਾਂਦਾ ਸੀ। ਉਹ ਸੋਚਦਾ ਸੀ ਕਿ ਧਰਮੋ ਉਸ ਨੂੰ ਕਿੰਨੀ ਬੇ-ਸਬਰੀ ਨਾਲ ਉਡੀਕ ਰਹੀ ਹੋਵੇਗੀ। ਉਸਨੇ ਸਰਦਾਰਨੀ ਤੋਂ ਰੋਟੀਆਂ ਫੜੀਆਂ। ਇਕ ਅੱਧੀ ਖਾਧੀ, ਬਾਕੀ ਪੋਣੇ 'ਚ ਬੰਨ੍ਹ ਕੇ ਦੁੱਧ ਵਾਲਾ ਨਿੱਕਾ ਡੋਲੂ ਫੜ ਸਿੱਧਾ ਹੀ ਸ਼ਹਿਰ ਵੱਲ ਹਸਪਤਾਲ ਨੂੰ ਚੱਲ ਪਿਆ। ਲੇਟ ਹੋਣ ਦੇ ਡਰੋਂ ਉਹ ਕਾਹਲੇ ਕਾਹਲੇ ਕਦਮਾਂ ਨਾਲ ਭੱਜ ਰਿਹਾ ਸੀ।

ਇਧਰ ਹਸਪਤਾਲ ਵਿਚ ਧਰਮੋ ਥੋੜ੍ਹਾ ਚਿਰ ਹੋਇਆ ਤੀਜੀ ਮੰਜ਼ਿਲ 'ਤੇ ਰਾਮੂ ਚੌਕੀਦਾਰ ਨਾਲ ਹੱਸ ਹੱਸ ਕੇ ਗੱਲਾਂ ਕਰ ਰਹੀ ਸੀ। ਫਿਰ ਉਹ ਤੀਜੀ ਮੰਜ਼ਿਲ ਤੋਂ ਉਤਰ ਬਰਾਂਡੇ ਵਿਚ ਦੋ ਬੁੜ੍ਹੀਆਂ ਨਾਲ ਗੱਲਾਂ ਕਰ ਰਹੀ ਸੀ-ਇਹ ਬੁੜ੍ਹੀਆਂ ਕਿਸੇ ਮਰੀਜ਼ ਦੀਆਂ ਰਿਸ਼ਤੇਦਾਰ ਸਨ:

'ਲੈ ਮਾਂ ਜੀ ਮੈਂ ਤਾ ਮਾਪਿਆਂ ਦੇ ਘਰੇ ਰਾਜ ਭੋਗਦੀ ਸੀ-ਮੇਰਾ ਤਾਂ ਕਦੇ ਸਿਰ ਵੀ ਨਹੀਂ ਦੁਖਿਆ ਸੀ। ਆਹ ਚੰਦਰੀ ਬੀਮਾਰੀ ਤਾਂ ਮੈਨੂੰ ਏਥੇ ਮੇਰੇ ਸੌਹਰੀਂ ਆ ਕੇ ਚੁੰਬੜੀ ਐ। ਮੇਰਾ ਬਲੱਡ ਘਟ ਕੇ ਦੌਰਾ ਪੈ ਜਾਂਦੈ। ਮੇਰੀ ਤਾਂ ਅੰਗਰੇਜਾਂ ਵਰਗੀ ਅਕਲ ਸੀ। ਮਰ ਜਾਣ ਪੁੱਤ ਮੇਰੀ ਜਠਾਣੀ ਦੇ, ਜੀਹਨੇ ਮੇਰੇ 'ਤੇ ਟੂਣੇ ਕਰਕੇ ਸਿੱਟ ਸਿਟਾਤੀ। ਮੇਰੇ ਘਰ ਵਾਲਾ ਤਾਂ ਬੂਝੜ ਐ। ਭੁੰਨਣੇ ਨੂੰ ਮੈਂ ਬਥੇਰਾ ਸਮਝਾਇਆ, ਬੀ ਏਸ ਔਂਤਰੀ ਨੇ ਆਪਾਂ ਨੂੰ ਕੁਛ ਕਰਾਤਾ-ਆਪਾਂ ਵੀ, ਕਿਸੇ ਸਿਆਣੇ ਤੋਂ ਕੋਈ ਟੂਣਾ-ਟਾਮਣ ਕਰਾਈਏ। ਢਹਿ ਜਾਣਾ ਮੇਰੀ ਇਕ ਨੀ ਮੰਨਦਾ। ਹੁਣ ਡਾਕਟਰ ਤਾਂ ਬਥੇਰੀਆਂ ਦਵਾਈਆਂ ਦੇਈ ਜਾਂਦਾ ਐ। ਪਰ ਦੌਰਾ ਨਿੱਤ ਪੈ ਜਾਂਦੈ-ਕੋਈ ਭੂਤ ਪਰੇਤ ਚੁੰਬੜ ਜਾਂਦੈ-ਹੋਰ ਕੀ...। ਲੈ ਔਹ ਆ ਗਿਆ ਈਦ ਦਾ ਚੰਦ।"

ਪ੍ਰੀਤੂ ਨੂੰ ਦੂਰ ਬਰਾਂਡੇ, 'ਚ ਆਉਂਦਾ ਵੇਖ ਉਸਨੇ ਤਿਊੜੀ ਪਾਈ ਅਤੇ ਉਥੋਂ ਜਲਦੀ ਨਾਲ ਜਾ ਕੇ ਆਪਣੇ ਬਿਸਤਰੇ 'ਤੇ ਜਾ ਪਈ। ਹੂੰਗਰ ਮਾਰਨ ਲੱਗ ਪਈ। ਪ੍ਰੀਤੂ ਆ ਕੇ ਲੋਹੇ ਦੇ ਸਟੂਲ ਉਤੇ ਬੈਠ ਗਿਆ। ਬੱਚੇ ਨੂੰ ਗੋਦੀ ਵਿਚ ਲੈ ਲਿਆ। ਅੱਖਾਂ ਮੀਟੀ ਪਈ ਧਰਮੋ ਦੇ ਮੂੰਹ ਵੱਲ ਟਿਕਟਿਕੀ ਲਾ ਕੇ ਵੇਖਦਾ ਰਿਹਾ। ਉਹ ਹੂੰਗਰ ਤੇ ਹੂੰਗਰ ਮਾਰ ਰਹੀ ਸੀ। ਪ੍ਰੀਤੂ ਨੇ ਧਰਮੋ ਦਾ ਮੋਢਾ ਹਲੂਣ ਕੇ ਪੱਛਿਆ:

"ਮਖਿਆ ਕੁਛ, ਰਾਮ ਐ ਕਿ...?"

"ਕੀ ਆਂਹਦੀ ਐ, ਮਖਿਆ ਕਿਵੇਂ ਐ ਤੇਰਾ ਚਿੱਤ?"

ਧਰਮੋ ਪਾਸਾ ਬਦਲਦੀ ਹੋਈ ਬੋਲੀ "ਅੱਗੇ ਨਾਲੋਂ ਤਾਂ ਕੁਛ ਰਾਮ ਐ, ਪਰ ਚੱਕਰ ਜੇ ਆਉਣੇ ਨਹੀਂ ਹਟਦੇ ਅਜੇ।"

"ਕੋਈ ਨੀ ਆਜੂਗਾ, ਰਾਮ। ਆਪਾਂ ਕੋਈ ਭੁੰਨ ਕੇ ਨੀ ਬੀਜਿਆ ਰੱਬ ਦਾ, ਬੀ ਰਾਮ ਨੀ ਆਊ-ਡਾਕਟਰ ਕੀ ਆਂਹਦੇ ਆ?"

"ਕੀ ਆਖਣਾ ਸੀ, ਦੇਖ ਕੇ ਤੁਰ ਜਾਂਦੇ ਆ-ਨਰਸਾਂ ਟੀਕਾ ਲਾ ਜਾਂਦੀਐਂ, ਗੋਲੀਆਂ ਦੇ ਜਾਂਦੀ ਐਂ, ਅੱਜ ਐਕਸਰਾ ਕੀਤਾ ਸੀ, ਨਾਲੇ ਖੂਨ ਟੈਸਟ ਕਰਨ ਲਈ ਲੈ ਗਏ ਸੀ। ਆਂਹਦੇ ਸੀ ਕਲ੍ਹ ਨੂੰ ਰਪੋਟ ਮਿਲੂ।"

ਪ੍ਰੀਤੂ ਕਿਸੇ ਡੂੰਘੀ ਸੋਚ ਵਿਚ ਡੁੱਬ ਗਿਆ। ਉਸਨੇ ਆਪਣੇ ਬੱਚੇ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ। ਕੁਝ ਚਿਰ ਮਗਰੋਂ ਧਰਮੋ ਨੇ ਪ੍ਰੀਤੂ ਨੂੰ ਹਸਪਤਾਲ ਤੋਂ ਬਾਹਰਲੀ ਚਾਹ ਦੀ ਦੁਕਾਨ ਤੋਂ ਚਾਹ ਲੈਣ ਭੇਜ ਦਿੱਤਾ। ਬਰੈੱਡ ਪੀਸਾਂ ਦਾ ਇਕ ਡੱਬਾ ਵੀ ਮੰਗਵਾਇਆ। ਪ੍ਰੀਤੂ ਵਿਚਾਰਾ ਸਾਰੇ ਦਿਨ ਦਾ ਥੱਕਿਆ ਲੱਤਾਂ ਨੂੰ ਘਸੀਟਦਾ ਚਲਾ ਗਿਆ। ਧਰਮੋ ਬਿਸਤਰੇ ਤੋਂ ਉੱਠੀ। ਬੱਚਾ ਦੁੱਧ ਪੀ ਕੇ ਸੌਂ ਗਿਆ ਸੀ। ਧੋਤੇ ਕਪੜੇ ਤੇ ਸਾਬਣ ਤੌਲੀਆ ਚੁੱਕ ਗੁਸਲਖਾਨੇ ਵਿਚ ਚਲੀ ਗਈ। ਪ੍ਰੀਤੂ ਆਉਂਦੇ ਨੂੰ ਉਹ ਨਹਾ ਕੇ ਬਿਸਤਰੇ 'ਤੇ ਆ ਕੇ ਬਾਕੀ ਕਪੜੇ ਠੀਕ ਕਰਕੇ ਥੈਲੇ ਵਿਚ ਪਾ ਰਹੀ ਸੀ। ਪ੍ਰੀਤੂ ਚਾਹ ਅਤੇ ਬਰੈੱਡ ਪੀਸਾਂ ਦਾ ਡੱਬਾ ਲੈ ਕੇ ਆ ਗਿਆ। ਧਰਮੋ ਵਿਚੋਂ ਲਕਸ ਸਾਬਣ ਦੀ ਖੁਸ਼ਬੂ ਆ ਰਹੀ ਸੀ। ਪ੍ਰੀਤੂ ਦਾ ਜੀਅ ਕੀਤਾ ਕਿ ਉਹ ਆਪਣੀ ਪਤਨੀ ਨੂੰ ਗਲ ਨਾਲ ਘੁੱਟ ਲਵੇ। ਪਰ ਇੰਜ ਹਸਪਤਾਲ ਵਿਚ ਕਿਵੇਂ ਹੋ ਸਕਦਾ ਸੀ। ਪ੍ਰੀਤੂ ਨੇ ਧਰਮੋ ਦਾ ਕੂਲਾ ਮੋਢਾ ਫੜ ਕੇ ਬਿਸਤਰੇ 'ਤੇ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਸਨੇ ਤਿਊੜੀਆਂ ਪਾ ਕੇ ਪ੍ਰੀਤੂ ਨੂੰ ਕਿਹਾ:

"ਛੱਡਦੇ ਮੈਂ ਆਪੇ ਪੈ ਜਾਵਾਂਗੀ...ਮਰੀਜ਼ ਵੇਖਣਗੇ ਤਾਂ ਕੀ ਆਖਣਗੇ।" ਪ੍ਰੀਤੂ ਇਕ ਲੰਮਾ ਹਉਕਾ ਲੈ ਕੇ ਬੈਠ ਗਿਆ। ਧਰਮੋ ਨੇ ਦੁੱਧ 'ਚ ਪੱਤੀ ਪਾਈ, ਚਾਹ ਪੀਤੀ, - ਜਗਾਕੇ ਕੁਛ ਬੱਚੇ ਨੂੰ ਪਿਆਈ। ਪ੍ਰੀਤੂ ਨੇ ਵੀ ਚਾਹ ਦਾ ਇਕ ਕੱਪ ਤੇ ਇਕ ਬਰੈੱਡ ਪੀਸ ਖਾਧਾ। ਫਰਸ਼ 'ਤੇ ਖੇਸ ਵਿਛਾਇਆ ਤੇ ਟੇਢਾ ਹੋ ਗਿਆ। ਧਰਮੋ ਸੌਂ ਗਈ। ਉਸ ਨੂੰ ਸੁਪਨੇ ਆਉਣ ਲੱਗੇ ਕਿ ਉਹ ਆਪਣੇ ਕੱਚੇ ਘਰੇ ਲਿਊੜਾਂ ਭਰੀਆਂ ਕੰਧਾਂ ਨੂੰ ਮਿੱਟੀ ਲਾ ਰਹੀ ਹੈ। ਕਦੇ ਖੇਤਾਂ ਵਿਚੋਂ ਲੱਕੜਾਂ ਚੁਕ ਰਹੀ ਹੈ। ਕਦੇ ਪੱਠੇ ਖੋਤ ਰਹੀ ਹੈ। ਕਦੇ ਗਿੱਲੀਆਂ ਪਾਥੀਆਂ ਨਾਲ ਰੋਟੀਆਂ ਪਕਾ ਰਹੀ ਹੈ ਅਤੇ ਕਦੇ ਪ੍ਰੀਤੂ ਦੇ ਪਸੀਨੇ ਦੀ ਬਦਬੂ ਵਾਲੀਆਂ ਬਾਹਾਂ ਵਿਚ ਹੈ...। ਅੱਧੀ ਰਾਤ ਹੋਵੇਗੀ, ਉਹ ਤ੍ਰਭਕ ਕੇ ਉੱਠੀ, ਦੋ ਵਾਰ ਹਾਇ ਹਾਇ ਕੀਤੀ। ਪ੍ਰੀਤੂ ਵੀ ਅਬੜਵਾਹਿਆ ਫਰਸ਼ ਤੋਂ ਬੈਠਾ ਹੋ ਗਿਆ ਤੇ ਬੋਲਿਆ :

"ਕੀ ਗੱਲ-ਚੱਕਰ ਆਉਂਦੇ ਐ"

"ਪਰ੍ਹੇ ਹੋ ਜਾ ਮੇਰੀਆਂ ਅੱਖਾਂ ਤੋਂ-ਆਇਐ..!!"

ਪ੍ਰੀਤੂ ਨੇ ਚੁੱਪ ਕਰਕੇ ਗਲਾਸ ਚੁੱਕਿਆ, ਝਾਰੀ ਵਿਚੋਂ ਪਾਣੀ ਪਾਇਆ ਤੇ ਧਰਮੋ ਦੇ ਮੂੰਹ ਨੂੰ ਲਾ ਦਿੱਤਾ। ਜਦ ਧਰਮੋਂ ਨੇ ਸਾਰਾ ਪਾਣੀ ਪੀ ਲਿਆ ਤਾਂ ਉਹ ਬੋਲਿਆ :

"ਗੋਲੀ ਲੈ ਕੇ ਆਵਾਂ, ਭੈਣ ਜੀ ਦੇ ਕਮਰੇ 'ਚੋਂ?"

"ਨਹੀਂ ਹੈਗੀ ਸਰ੍ਹਾਣੇ ਥੱਲੇ, ਐਵੇਂ ਘਬਰਾਹਟ ਜੀ ਹੋਣ ਲੱਗ ਪਈ ਸੀ।" ਉਹ ਨਰਮ ਹੁੰਦੀ ਆਖਣ ਲੱਗੀ। "ਕਿਸਮਤ ਦੀਆਂ ਗੱਲੈਂ-ਚੱਲ ਪੈ ਜਾ ਤੂੰ?ਮੈਂ ਗੋਲੀ ਲੈ ਲੈਨੀ ਆਂ।"

ਪ੍ਰੀਤੂ ਅਣਚਾਹੇ ਮਨ ਨਾਲ ਫਰਸ਼ 'ਤੇ ਵਿਛਾਏ ਖੇਸ ਉਤੇ ਫੇਰ ਟੇਢਾ ਹੋ ਗਿਆ। ਭਰੇ ਹੋਏ ਮਨ ਨਾਲ ਸੋਚੀ ਗਿਆ ਤੇ ਸੋਚੀ ਗਿਆ।

ਦਿਨ ਚੜ੍ਹਨ ਸਾਰ ਪ੍ਰੀਤੂ ਦੀ ਭੈਣ ਧਰਮੋ ਦਾ ਪਤਾ ਲੈਣ ਆ ਗਈ। ਪ੍ਰੀਤੂ ਅੱਜ ਪਿੰਡ ਜਾਣੋ ਰੁਕ ਗਿਆ।

ਨੌਂ ਕੁ ਵਜੇ ਡਾਕਟਰ ਤੇ ਨਰਸਾਂ ਵਾਰਡ ਵਿਚ ਆਏ। ਧਰਮੋ ਦੇ ਬਿਸਤਰੇ ਕੋਲ ਵੀ ਆਏ। ਡਾਕਟਰ ਨੇ ਸਾਰੀਆਂ ਰਿਪੋਰਟਾਂ ਵੇਖ ਕੇ ਕਿਹਾ:

"ਧਰਮ ਕੌਰ ਤੇਰੀਆਂ ਸਾਰੀਆਂ ਰਿਪੋਰਟਾਂ ਠੀਕ ਹਨ। ਤੂੰ ਹੁਣ ਬਿਲਕੁਲ ਠੀਕ ਐਂ। ਇਸ ਲਈ ਤੈਨੂੰ ਛੁੱਟੀ ਦਿੱਤੀ ਜਾਂਦੀ ਐ । ਦਵਾਈਆਂ ਲਿਖ ਦਿੱਤੀਆਂ ਹਨ, ਲੈ ਜਾਈਂ ਤੇ ਘਰ ਚਲੀ ਜਾਹ-ਇਕ ਮਹੀਨੇ ਨੂੰ ਫਿਰ ਵਿਖਾ ਜਾਵੀਂ।"

ਪ੍ਰੀਤੂ ਦਾ ਚਿਹਰਾ ਖਿੜ ਗਿਆ ਤੇ ਧਰਮੋ ਦੇ ਤਿਉੜੀਆਂ ਪੈ ਗਈਆਂ। ਡਾਕਟਰ ਤੇ ਨਰਸਾਂ ਇਹ ਆਖ ਕੇ ਅਗਲੇ ਵਾਰਡ ਵਿਚ ਚਲੇ ਗਏ। ਕੁਝ ਚਿਰ ਮਗਰੋਂ ਧਰਮੋ ਨੂੰ ਦੌਰਾ ਪੈ ਗਿਆ। ਪ੍ਰੀਤੂ



ਨਰਸਾਂ ਦੇ ਕਮਰੇ ਵਿਚ ਭੱਜ ਕੇ ਗਿਆ। ਉਸ ਦੀ ਭੈਣ ਉਸ ਨੂੰ ਪਾਣੀ ਪਿਆਉਣ ਲੱਗੀ। ਡਿਊਟੀ ਨਰਸ ਆਈ। ਪ੍ਰੀਤੂ ਤੇ ਉਸਦੀ ਭੈਣ ਨੂੰ ਕਹਿਣ ਲੱਗੀ:

"ਏਸ ਦੀ ਬੀਮਾਰੀ ਦਾ ਸਾਡੇ ਪਾਸ ਇਲਾਜ ਨਹੀਂ ਹੈ। ਲੈ ਜੋ ਏਸ ਨੂ ਘਰੇ। ਇਹ ਬੀਮਾਰੀ ਲਾ ਇਲਾਜ ਹੈ। ਜਲਦੀ ਕਰੋ, ਨਹੀਂ ਮੈਂ ਚੌਕੀਦਾਰ ਨੂੰ ਆਖ ਜ਼ਬਰਦਸਤੀ ਹਸਪਤਾਲ ਤੋਂ ਬਾਹਰ ਕਢਵਾ ਦੇਵਾਂਗੀ।"

ਪ੍ਰੀਤੂ ਤੇ ਉਸ ਦੀ ਭੈਣ ਧਰਮੋਂ ਨੂੰ ਦੋਵਾਂ ਮੋਢਿਆਂ ਤੋਂ ਫੜ ਹਸਪਤਾਲ ਵਿਚੋਂ ਕੱਢ ਰਹੇ ਸਨ। ਜਿੱਥੇ ਮਰੀਜ਼ ਅਵੱਲ ਤਾ ਡਰਦੇ ਜਾਂਦੇ ਨਹੀਂ। ਜੇ ਜਾਣਾ ਪੈਂਦਾ ਹੈ ਤਾਂ ਕਹਿੰਦੇ ਹਨ ਕਿਹੜੇ ਵੇਲੇ ਏਥੋਂ ਛੁੱਟੀ ਮਿਲੇ ਤੇ ਘਰ ਜਾਈਏ।

[ਪਿੰਡ ਤੇ ਡਾ. ਪੂਹਲਾ, ਜ਼ਿਲਾ ਬਠਿੰਡਾ]

## ਗ਼ਜ਼ਲ / ਸੁਰਜੀਤ ਸਾਜਨ

ਕਾਫ਼ਿਲਾ ਕੀ ਸੋਚਦੈ! ਕਿਉਂ ਰੁਕ ਗਿਆ ਤੁਰਿਆ ਨਹੀਂ।
ਵਕਤ ਹੈ ਹਾਲੇ ਬੜਾ, ਇਹ ਦਿਨ ਅਜੇ ਢਲਿਆ ਨਹੀਂ।
ਧੁੰਦਲਾ ਸ਼ੀਸ਼ਾ ਕਹੇ ਜਾਂ ਉਹ ਕਿ ਜੋ ਮਿਥਿਆ ਨਹੀਂ।
ਖੋਖਲਾ ਨਾਅਰਾ ਸੀ ਜੋ ਲੋਕਾਂ ਦੇ ਮੂੰਹ ਚੜ੍ਹਿਆ ਨਹੀਂ।
ਜਾਪਦਾ ਹੈ ਆਦਮੀ ਕਈ ਵਾਦੀਆਂ ਸਰ ਕਰ ਗਿਆ,
ਪਰ ਕਦੇ ਇੰਝ ਜਾਪਦਾ ਕਿ ਆਦਮੀ ਤੁਰਿਆ ਨਹੀਂ।
ਕੱਚੀਆਂ ਕੰਧਾਂ 'ਤੇ ਚਿਤਰੇ ਘੁੱਗੀਆਂ ਤੇ ਮੋਰ ਜੋ,
ਦਰਦ ਉਹਨਾਂ ਦਾ ਕਿਸੇ ਸ਼ਾਇਰ ਨੇ ਕਿਉਂ ਲਿਖਿਆ ਨਹੀਂ।
ਸਿਖਰ ਤੀਕਰ ਪਹੁੰਚ ਕੇ ਵੀ ਨਾ ਕੋਈ ਦਿਲ ਨੂੰ ਸਕੂਨ,
ਹੋਛਿਆਂ ਦਾ ਮਨ ਕਦੇ ਵੀ ਸਬਰ ਤੱਕ ਭਰਿਆ ਨਹੀਂ।
ਕੁੱਟ ਕੇ ਲੋਹਾ ਜੋ ਕਰਦਾ ਹੱਕ ਮਿਹਨਤ ਦਾ ਅਦਾ,
ਰੱਤ ਪੀਣੇ ਹੈਂਸਰਾਂ ਦੀ ਅਕਲ ਨੂੰ ਜਚਿਆ ਨਹੀਂ।
ਪੱਤਿਆਂ ਦੀ ਜੂਨ ਭਾਵੇਂ ਹੋਂਦ 'ਸਾਜਨ' ਹੋਂਦ ਹੈ,
ਰੂਪ ਹੀ ਤਾਂ ਬਦਲਦੇ ਨੇ ਕੁਝ ਕਦੇ ਮਰਿਆ ਨਹੀਂ।

[ਪੱਤੜ ਕਲਾਂ, ਜਲੰਧਰ - 144806]

# ਮੁਥਾਜਗੀ

## ਮਨਜੀਤ ਕਾਦਰ

ਥੋੜ੍ਹੀ ਜਿਹੀ ਮੁਸ਼ੱਕਤ
ਅਤੇ ਥੋੜ੍ਹੀ ਜਿਹੀ ਹੀ ਦਿਆਨਤਦਾਰੀ ਦੇ ਨਾਲ
ਬਹੁਤ ਵੱਡਾ ਬਣ ਜਾਣਾ ਚਾਹੁੰਦਾ ਹੈ ਹਰੇਕ ਆਦਮੀ
ਥੋੜ੍ਹੀ ਜਿਹੀ ਇਬਾਦਤ ਅਤੇ ਥੋੜ੍ਹੀਆਂ ਜਿਹੀਆ ਹੀ ਦੁਆਵਾਂ ਦੇ ਨਾਲ
ਬਹੁਤ ਵੱਡੇ ਰੱਬ ਨੂੰ, ਹਾਸਲ ਕਰ ਲੈਣਾ ਚਾਹੁੰਦਾ ਹੈ ਹਰ ਕੋਈ
ਕਾਇਮ ਕਰ ਲੈਣੀ ਚਾਹੁੰਦਾ ਹੈ ਹਰ ਜਣਾ, ਬਿਨਾਂ ਕਿਸੇ ਰੋਕ-ਟੋਕ ਦੇ
ਨਾਮ-ਮਾਤਰ ਸੱਚ ਦੀ ਬਿਨਾਅ ਉੱਤੇ, ਕਿਸੇ ਵੱਡੇ ਸਾਰੇ ਝੂਠ ਦੀ ਸਲਤਨਤ
ਤਦੇ ਈਜਾਦ ਕਰ ਲੈਂਦਾ ਹੈ ਉਹ, ਬਹੁਤ ਪੁਰਾਣੇ ਰੱਬ ਵਾਸਤੇ
ਰੋਜ਼ ਕੋਈ ਨਵੀਂ ਤੋਂ ਨਵੀਂ ਪ੍ਰਾਰਥਨਾ
ਜਦੋਂ ਕਿ-ਇੰਨੀਆਂ ਸਾਰੀਆਂ ਦੁਆਵਾਂ_ਇੰਨੇ ਸਾਰੇ ਪੂਜਾ-ਘਰ
ਅਤੇ ਹੋਰ ਅਣਗਿਣਤ ਆਡੰਬਰਾਂ ਦੇ ਬਾਵਜੂਦ ਵੀ ਸ਼ਾਇਦ-
ਆਦਮੀ ਵੱਲੋਂ ਸੰਤੁਸ਼ਟ ਨਹੀਂ ਹੈ ਈਸ਼ਵਰ

[ਪਿੰਡ: ਆਲੇਵਾਲੀ, ਡਾਕ: ਬਾੜਾ ਸਿੱਧੂਪੁਰ- 131410 ਜਲੰਧਰ]

# ਸ਼ੀਰਾਜ਼ਾ / ਰਾਣਾ ਰਣਵੀਰ

ਕਿਣ-ਮਿਣ ਤਿਪ-ਤਿਪ ਮੀਂਹ ਪਿਆ ਵਰ੍ਹਦਾ, ਮਿੱਟੀ ਮਹਿਕ ਖਿੰਡਾਵੇ
ਆ ਲਫ਼ਜ਼ਾਂ ਦੀ ਸੇਜ ਹੰਢਾ ਲੈ, ਗੀਤ ਬੀਤ ਨਾ ਜਾਵੇ।
ਕਿਣ-ਮਿਣ ਤਿਪ-ਤਿਪ ਮੀਂਹ ਪਿਆ ਵਰ੍ਹਦਾ, ਲੋਕੀਂ ਪੂਜਣ ਪੀਰਾਂ ਨੂੰ
ਲੈ ਮੇਰੇ ਰੰਗ ਤੇਰੇ ਹੋਏ, ਰੰਗ ਦੇ ਅੱਜ ਤਸਵੀਰਾਂ-ਨੂੰ।
ਕਿਣ-ਮਿਣ ਤਿਪ-ਤਿਪ ਮੀਂਹ ਪਿਆ ਵਰ੍ਹਦਾ, ਹਰ ਬੀਹੀ ਵਿਚ ਗੰਗਾ
ਯੋਗ ਸਮਾਧੀ ਪ੍ਰੇਮ ਪਿਆਰ ਦੀ, ਬਾਤ ਵਸਲ ਦੀ ਮੰਗਾਂ
ਕਿਣ-ਕਿਣ ਤਿਪ-ਤਿਪ ਮੀਂਹ ਪਿਆ ਵਰ੍ਹਦਾ, ਚਾੜ੍ਹਾਂ ਮੈਂ ਕੜਾਹੀ
ਤੂੰ ਬਣ ਜਾਵੀਂ ਕਲਮ ਕਮਲੀਏ, ਮੈਂ ਬਣ ਜਾਵਾਂ ਸਿਆਹੀ।
ਕਿਣ-ਮਿਣ ਤਿਪ-ਤਿਪ ਮੀਂਹ ਪਿਆ ਵਰ੍ਹਦਾ, ਜਿਵੇਂ ਇਲਾਹੀ ਨਾਦ
ਆ ਜਾ ਦੇਵੇਂ ਸਿਫ਼ਰ ਹੋ ਜਾਈਏ, ਕੁਝ ਨਹੀਂ ਸਿਫ਼ਰੋਂ ਬਾਅਦ।

[ਥੀਏਟਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]



# ਕਵਿਤਾ ਦੀ ਪੜ੍ਹਾਈ : ਭਾਸ਼ਾ ਵਿਗਿਆਨਕ ਪਹੁੰਚ-ਵਿਧੀ

## ਸੁਖਵਿੰਦਰ ਸਿੰਘ ਸੰਘਾ

ਭਾਸ਼ਾਈ ਸੰਰਚਨਾ ਜਾਂ ਭਾਸ਼ਾਈ ਰੂਪ ਬੁਲਾਰੇ, ਸਰੋਤੇ, ਪਾਠਕ ਜਾਂ ਲੇਖਕ ਦੀਆਂ ਸੰਚਾਰੀ ਲੋੜਾਂ ਉਤੇ ਆਧਾਰਿਤ ਹੁੰਦਾ ਹੈ। ਭਾਸ਼ਾਈ ਬਣਤਰ ਦੇ ਇਸ ਕਾਰਜੀ ਅਧਿਐਨ ਨੂੰ ਪ੍ਰਸਿੱਧ ਭਾਸ਼ਾ ਵਿਗਿਆਨੀ ਐਮ. ਏ. ਕੇ. ਹੈਲੀਡੇ ਨੇ "ਪ੍ਰਕਾਰਜੀ ਭਾਸ਼ਾ ਵਿਗਿਆਨ" ਦਾ ਨਾਮ ਦਿੱਤਾ ਸੀ। ਪ੍ਰਕਾਰਜੀ ਭਾਸ਼ਾ ਵਿਗਿਆਨ ਰੂਪ ਅਤੇ ਅਰਥ ਜਾਂ ਵਿਆਕਰਨ ਅਤੇ ਅਰਥ-ਵਿਉਂਤ ਦੀ ਦਵੈਤ ਨੂੰ ਨਿਕਾਰ ਕੇ ਭਾਸ਼ਾਈ ਕਾਰਜ ਅਤੇ ਭਾਸ਼ਾਈ ਰੂਪ ਦੀ ਦਵੰਦਾਤਮਕਤਾ ਨੂੰ ਸਵਿਕਾਰਦਾ ਹੈ। ਇਸ ਪਹੁੰਚ-ਵਿਧੀ ਅਨੁਸਾਰ ਭਾਸ਼ਾ ਦਾ ਰੂਪ ਆਪਹੁਦਰਾ ਜਾਂ ਆਪਮੁਹਾਰਾ ਨਹੀਂ, ਸਗੋਂ ਭਾਸ਼ਾਈ ਲੋੜ ਆਧਾਰਿਤ ਹੁੰਦਾ ਹੈ।

ਭਾਸ਼ਾਈ ਬੁਲਾਰੇ, ਸਰੋਤੇ, ਪਾਠਕ ਜਾਂ ਲੇਖਕ ਦੀਆਂ ਸੰਚਾਰੀ ਲੋੜਾਂ ਅਸੀਮਤ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਸੂਤਰਬੱਧ ਕਰਨਾ ਅਸੰਭਵ ਦੇ ਬਰਾਬਰ ਹੁੰਦਾ ਹੈ। ਪਰੰਤੂ ਕੁਝ ਭਾਸ਼ਾਈ ਲੋੜਾਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਸਮੁੱਚੇ ਭਾਸ਼ਾਈ ਭਾਈਚਾਰੇ ਵਿਚ ਸਮਾਨ ਰੂਪ ਵਿਚ ਪਾਈਆਂ ਜਾਂਦੀਆਂ ਹਨ। ਇਹ ਭਾਸ਼ਾ ਦੀਆਂ ਬੁਨਿਆਦੀ ਸੰਚਾਰੀ ਲੋੜਾਂ ਹਨ। ਇਨ੍ਹਾਂ ਲੋੜਾਂ ਨੂੰ ਆਧਾਰ ਬਣਾਕੇ ਹੈਲੀਡੇ ਨੇ ਭਾਸ਼ਾ ਦੇ ਤਿੰਨ ਬੁਨਿਆਦੀ ਪ੍ਰਕਾਰਜ ਉਲੀਕੇ ਹਨ; ੳ) ਵਿਚਾਰਾਤਮਕ ਪ੍ਰਕਾਰਜ, ਅ) ਅੰਤਰ ਵਿਅਕਤੀ ਪ੍ਰਕਾਰਜ, ਅਤੇ ੲ) ਪਾਠਾਤਮਕ ਪ੍ਰਕਾਰਜ। ਸਮੁੱਚੀ ਭਾਸ਼ਾਈ ਪ੍ਰਕਿਰਿਆ ਇਨ੍ਹਾਂ ਤਿੰਨਾ ਬੁਨਿਆਦੀ ਪ੍ਰਕਾਰਜਾਂ ਦੇ ਅੰਤਰਗਤ ਹੀ ਸਾਕਾਰ ਹੁੰਦੀ ਹੈ। ਇਸ ਭਾਸ਼ਾਈ ਪ੍ਰਕਿਰਿਆ ਨੂੰ ਘਟਨਾ ਕ੍ਰਮ (action) ਵਾਰਤਾਲਾਪ ਵਿਚ ਸ਼ਾਮਲ ਧਿਰਾਂ (participants) ਅਤੇ ਸਮੇਂ ਸਥਾਨ (circumstance) ਵਿਚ ਵੰਡਿਆ ਜਾ ਸਕਦਾ ਹੈ। ਘਟਨਾ ਕ੍ਰਮ ਭਾਸ਼ਾ ਦੇ ਵਿਚਾਰਾਤਮਕ ਪ੍ਰਕਾਰਜ ਨਾਲ ਸੰਬਧਤ ਹੈ ਜੋ ਅੱਗੋਂ ਕਿਰਿਆਵੀ ਬਣਤਰਾਂ ਰਾਹੀਂ ਸਾਕਾਰ ਹੁੰਦਾ ਹੈ। ਵਾਰਤਾਲਾਪ ਵਿਚ ਸ਼ਾਮਲ ਧਿਰਾਂ ਭਾਸ਼ਾ ਦੇ ਅੰਤਰ ਵਿਅਕਤੀ ਪ੍ਰਕਾਰਜ ਨਾਲ ਸੰਬੰਧਤ ਹਨ ਜੋ ਅੱਗੋਂ ਨਾਂਵੀਂ ਬਣਤਰਾਂ ਰਾਹੀਂ ਸਾਕਾਰ ਹੁੰਦੀਆਂ ਹਨ, ਅਤੇ ਸਮੇਂ, ਸਥਾਨ / ਸਥਿਤੀ ਦਾ ਸੰਬੰਧ ਭਾਸ਼ਾ ਦੇ ਪਾਠਾਤਮਕ ਕਾਰਜ ਨਾਲ ਹੈ ਜੋ ਅੱਗੋਂ ਸੰਬੰਧਕੀ ਬਣਤਰਾਂ ਰਾਹੀਂ ਸਾਕਾਰ ਹੁੰਦਾ ਹੈ।

ਵਿਚਾਰਾਤਮਕ ਕਾਰਜ ਦਾ ਸੰਬੰਧ ਸਮੁੱਚੀ ਸੋਚਣ ਪ੍ਰਕਿਰਿਆ ਨਾਲ ਹੈ। ਭਾਸ਼ਾ ਮਨੁੱਖੀ ਵਿਚਾਰਾਂ ਨੂੰ ਸੰਪੂਰਨ ਸਰੂਪ ਹੀ ਨਹੀਂ ਪ੍ਰਦਾਨ ਕਰਦੀ, ਸਗੋਂ ਵਿਚਾਰਾਂ ਨੂੰ ਨਿਸ਼ਚਿਤ ਦਿਸ਼ਾ ਵੀ ਪ੍ਰਦਾਨ ਕਰਦੀ ਹੈ। ਅਰਥਾਤ ਭਾਸ਼ਾ ਵਸਤੂ ਯਥਾਰਥ ਦਾ ਨਿਰੋਲ ਸਪਾਟ ਰੂਪਾਂਤਰਣ ਹੀ ਨਹੀਂ ਕਰਦੀ, ਸਗੋ ਵਸਤੂ ਯਥਾਰਥ ਦਾ ਵਰਗੀਕਰਨ (categorize) ਵੀ ਕਰਦੀ ਹੈ। ਭਾਸ਼ਾ ਦੇ ਅੰਤਰ ਵਿਅਕਤੀ ਪ੍ਰਕਾਰਜ ਦਾ ਸੰਬੰਧ ਭਾਸ਼ਾਈ ਸੰਰਚਨਾ ਨਾਲ ਹੈ। ਭਾਸ਼ਾਈ ਸੰਰਚਨਾ ਵਾਰਤਾਲਾਪ ਵਿਚ ਸ਼ਾਮਲ ਧਿਰਾਂ ਦੀਆਂ ਸੰਚਾਰੀ ਲੋੜਾਂ 'ਤੇ ਨਿਰਭਰ ਕਰਦੀ ਹੈ। ਜਿਵੇਂ ਹੁਕਮੀਆਂ, ਬਿਆਨੀਆ ਜਾਂ ਪ੍ਰਸ਼ਨ ਸੂਚਕ ਵਾਕਾਂ ਦੀ ਵਰਤੋਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਭਾਸ਼ਾਈ ਬੁਲਾਰਾ ਵਸਤੂ ਯਥਾਰਥ ਪ੍ਰਤੀ ਕੀ ਰਵਈਆ ਇਖ਼ਤਿਆਰ ਕਰਦਾ ਹੈ? ਕੀ ਉਹ ਵਸਤੂ ਦੀ ਨਿਰੋਲ ਪੇਸ਼ਕਾਰੀ ਕਰਦਾ ਹੈ ਜਾਂ ਉਸ ਪ੍ਰਤੀ ਸ਼ੰਕਾ ਜ਼ਾਹਿਰ ਕਰਕੇ ਸਰੋਤੇ ਤੋਂ ਸਪਸ਼ਟੀਕਰਨ ਦੀ ਅਕਾਂਖਿਆ ਕਰਦਾ ਹੈ। ਭਾਸ਼ਾ ਦਾ ਤੀਜਾ ਪ੍ਰਕਾਰਜ ਭਾਸ਼ਾ ਦੀ ਪ੍ਰਸੰਗਮੂਲਕ ਵਰਤੋਂ ਨਾਲ ਸੰਬੰਧਤ ਹੈ। ਭਾਸ਼ਾ ਦੀ ਵਰਤੋਂ ਨਿਰਪੇਖ ਰੂਪ ਵਿਚ ਨਹੀਂ ਕੀਤੀ ਜਾਂਦੀ ਸਗੋਂ ਕਿਸੇ ਨਿਸ਼ਚਿਤ ਸਮਾਜਕ ਪ੍ਰਸੰਗ ਦੇ ਅੰਤਰਗਤ ਹੀ ਕੀਤੀ ਜਾਂਦੀ ਹੈ। ਭਾਸ਼ਾ ਦੇ ਇਸ ਪ੍ਰਕਾਰਜ ਨੂੰ "ਪਾਠਾਤਮਕ ਪ੍ਰਕਾਰਜ" ਦੀ ਸੰਗਿਆ ਪ੍ਰਦਾਨ ਕੀਤੀ ਜਾਂਦੀ ਹੈ। ਇਹ ਭਾਸ਼ਾ ਦਾ ਪਾਠਾਤਮਕ

ਪ੍ਰਕਾਰਜ ਹੀ ਹੈ ਜੋ 'ਪਾਠ' ਨੂੰ 'ਸ਼ਬਦਾਂ ਵਾਕਾਂ ਦੇ ਸਮੂਹ' ਤੋਂ ਵਖਰਿਆਉਂਦਾ ਹੈ। ਪਾਠ ਦਾ ਸੰਬੰਧ ਭਾਸ਼ਾ ਦੀ ਅਰਥ-ਸੰਰਚਨਾ ਨਾਲ ਹੁੰਦਾ ਹੈ ਜਦੋਂ ਕਿ ਸ਼ਬਦਾਂ ਵਾਕਾਂ ਦੇ ਸਮੂਹ ਦਾ ਸੰਬੰਧ ਭਾਸ਼ਾ ਦੇ ਮਾਡਲ ਜਾਂ ਵਿਧੀਗਤ ਸੰਰਚਨਾ ਨਾਲ। ਇਥੇ ਇਹ ਸਪਸ਼ਟ ਕਰਨਾ ਵੀ ਅਣਉਚਿਤ ਨਹੀਂ ਹੋਵੇਗਾ ਕਿ ਭਾਸ਼ਾ ਦੇ ਇਹ ਪ੍ਰਕਾਰਜ ਵੱਖ ਵੱਖ ਹੁੰਦੇ ਹੋਏ ਵੀ ਅੰਤਰ ਸੰਬੰਧਤ ਹਨ, ਅਰਥਾਤ ਇਕ ਨੂੰ ਦੂਜੇ ਦੇ ਉਲੇਖ ਤੋਂ ਬਿਨਾਂ ਭਲੀ ਭਾਂਤ ਸਮਝਿਆ ਨਹੀਂ ਜਾ ਸਕਦਾ।

(2)

ਉਪਰੋਕਤ ਸਿਧਾਂਤਕ ਪਰਿਪੇਖ ਦੇ ਅੰਤਰਗਤ ਹੀ ਸਾਹਿਤਕ ਅਤੇ ਗੈਰ-ਸਾਹਿਤਕ ਭਾਸ਼ਾਈ ਰੂਪਾਂ ਦੇ ਅੰਤਰ ਸੰਬੰਧਾਂ ਦੀ ਚਰਚਾ ਕੀਤੀ ਜਾ ਸਕਦੀ ਹੈ। ਸਾਹਿਤਕ ਅਤੇ ਗੈਰ-ਸਾਹਿਤਕ ਭਾਸ਼ਾ ਦਾ ਨਿਖੇੜਾ ਵੀ ਭਾਸ਼ਾਈ ਕਾਰਜ ਵਿਚ ਨਿਹਿਤ ਹੁੰਦਾ ਹੈ। ਇਹ ਭਾਸ਼ਾ ਦੀ ਵਸ਼ਿਸ਼ਟ ਵਰਤੋਂ ਹੀ ਹੈ ਜੋ ਸਾਹਿਤਕ ਅਤੇ ਗੈਰ-ਸਾਹਿਤਕ ਭਾਸ਼ਾਈ ਪ੍ਰਵਚਨਾਂ ਵਿਚ ਅੰਤਰ ਨਿਖੇੜਾ ਸਥਾਪਿਤ ਕਰਦੀ ਹੈ। ਇਸ ਲਈ "ਕਵਿਤਾ ਦੀ ਪੜ੍ਹਾਈ" ਸਮੇਂ ਮੁੱਢਲਾ ਅਤੇ ਬੁਨਿਆਦੀ ਸਵਾਲ ਭਾਸ਼ਾਈ ਪ੍ਰਵਚਨਾਂ ਵਿਚ ਬੁਨਿਆਦੀ ਨਿਖੇੜਾ ਸਥਾਪਤ ਕਰਨ ਦਾ ਹੈ। ਇਨ੍ਹਾਂ ਨੂੰ ਨਿਮਨ ਲਿਖਤ ਅਨੁਸਾਰ ਦਰਸਾਇਆ ਜਾ ਸਕਦਾ ਹੈ :

1) **ਸਾਹਿਤਕ ਅਤੇ ਗੈਰ-ਸਾਹਿਤਕ ਭਾਸ਼ਾ**

ੳ) ਸਾਹਿਤਕ ਅਤੇ ਆਮ ਬੋਲ-ਚਾਲ ਦੀ ਭਾਸ਼ਾ

ਅ) ਸਾਹਿਤਕ ਅਤੇ ਵਿਗਿਆਨਕ ਭਾਸ਼ਾ

2) **ਕਾਵਿ ਭਾਸ਼ਾ ਅਤੇ ਵਾਰਤਕ ਭਾਸ਼ਾ**

ਸਾਹਿਤ ਅਤੇ ਆਮ ਬੋਲ-ਚਾਲ ਦੀ ਭਾਸ਼ਾ ਦਾ ਬੁਨਿਆਦੀ ਨਿਖੇੜਾ ਇਸ ਗੱਲ ਵਿਚ ਨਿਹਿਤ ਹੈ ਕਿ ਜਿਥੇ ਸਾਹਿਤ ਦੀ ਭਾਸ਼ਾ ਸੁਹਜਮੁਖ ਹੁੰਦੀ ਹੈ, ਉਥੇ ਆਮ ਬੋਲ-ਚਾਲ ਦੀ ਭਾਸ਼ਾ ਸੰਚਾਰ ਮੁਖ। ਇਨ੍ਹਾਂ ਦੋਨਾਂ ਦੇ ਮੁਕਾਬਲੇ 'ਤੇ ਵਿਗਿਆਨ ਦੀ ਭਾਸ਼ਾ ਸੰਕਲਪ ਮੁਖ ਹੁੰਦੀ ਹੈ। ਦੂਜਾ ਸਵਾਲ ਕਾਵਿ ਸਾਹਿਤ ਅਤੇ ਵਾਰਤਕ ਸਾਹਿਤ ਦੀ ਭਾਸ਼ਾ ਦੇ ਨਿਖੇੜੇ ਨਾਲ ਸੰਬੰਧਤ ਹੈ। ਕਾਵਿ ਸਾਹਿਤ ਅਤੇ ਵਾਰਤਕ ਸਾਹਿਤ ਵਸਤੂ ਯਥਾਰਥ ਦੇ ਕ੍ਰਮਵਾਰ ਭਾਵਾਤਮਕ ਅਤੇ ਬੌਧਿਕ ਪ੍ਰਤੀਕ੍ਰਮ ਹਨ। ਬੌਧਿਕਤਾ ਜਾਂ ਤਰਕਸ਼ੀਲਤਾ ਨੇਮ ਸਿਰਜਣ ਪ੍ਰਤੀ ਰੁਚਿਤ ਹੁੰਦੀ ਹੈ ਜਦ ਕਿ ਭਾਵੁਕਤਾ ਨੇਮ ਤੋੜਨ ਵੱਲ। ਇਸ ਕਰਕੇ ਹੀ ਵਾਰਤਕ ਸਾਹਿਤ ਦਾ ਰੁਖ ਸਥਾਪਤ ਭਾਸ਼ਾਈ ਪ੍ਰਤੀਮਾਨਾਂ ਦੇ ਪਾਲਣ ਵੱਲ ਹੁੰਦਾ ਹੈ, ਜਦੋਂ ਕਿ ਕਾਵਿ ਸਾਹਿਤ ਦਾ ਪ੍ਰਤੀਮਾਨਾਂ ਦੇ ਪਰਾਹਨ ਵੱਲ। ਪ੍ਰਤੀਮਾਨਾਂ ਦਾ ਪਾਲਣ ਅਤੇ ਪ੍ਰਤੀਮਾਨਾਂ ਦਾ ਪਰਾਹਨ ਵਾਰਤਕ ਅਤੇ ਕਾਵਿ ਭਾਸ਼ਾ ਦਾ ਨਿਖੇੜ-ਬਿੰਦੂ ਬਣਦਾ ਹੈ। ਜਿਵੇਂ ਨਿਮਨ ਲਿਖਤ ਉਦਾਹਰਨਾਂ ਵਿਚ ਸਥਾਪਤ ਪ੍ਰਤੀਮਾਨਾ ਦਾ ਪਰਾਹਨ ਰਜਿਸਟਰ ਦੀ ਪੱਧਰ 'ਤੇ ਸਾਕਾਰ ਹੁੰਦਾ ਹੈ। 'ਛੰਨੀ', 'ਚਿੜੀਆ ਦਾ ਚੰਬਾ', 'ਖਤ', 'ਮੇਰੇ ਰਾਮ ਜੀਓ' ਆਦਿ ਕਵਿਤਾਵਾਂ ਵਿਚ ਸਥਾਪਤ ਸਭਿਆਚਾਰਕ ਪ੍ਰਤੀਮਾਨ ਵਿਗਠਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਕੇ ਨਵੇਂ ਅਰਥ ਗ੍ਰਹਿਨ ਕਰਦੇ ਹਨ :

ਛੰਨੀ ਤਾਂ ਛੰਨੀ ਹੋਈ, ਪਰ ਗੁੱਡੀਏ ਤੇਰੇ ਗੀਤਾਂ ਨਾਲ
ਤੇਰੇ ਵੀਰ ਨੂੰ ਬੰਨੀ ਨਹੀਂ ਲੱਭਣੀ . . . (ਪਾਸ਼)

. . . . . . . . . . . .



ਚਿੜੀਆਂ ਦਾ ਚੰਬਾ ਉੱਡਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਬੰਨਿਆਂ 'ਤੇ ਘਾਹ ਖੋਤੇਗਾ (ਪਾਸ਼)

. . . . . . . . . . . .

ਖਤ ਤੇਰਾ ਮਿਲਿਆ ਹੈ ਮੈਨੂੰ ਦੋਸਤਾ
ਰੱਤ ਵਿਚ ਭਿੱਜੀਆਂ ਇਸ ਦੀਆਂ ਕੰਨੀਆਂ (ਤਾਰਾ ਸਿੰਘ)

. . . . . . . . . . . .

ਤੁਸੀ ਕਿਹੜੀ ਰੁੱਤੇ ਆਏ, ਮੇਰੇ ਰਾਮ ਜੀਉ !
ਜਦੋਂ ਬਾਗੀਂ ਫੁੱਲ ਕੁਮਲਾਏ, ਮੇਰੇ ਰਾਮ ਜੀਉ ! (ਸ਼ਿਵ)

. . . . . . . . . . . .

ਹੇਲੀਡੇ ਪਰਾਹਨ ਨੂੰ ਸਦਾ "ਪ੍ਰਤੀਮਾਨਾਂ ਤੋਂ ਭਾਂਜ" ਦੀ ਵੰਨਗੀ ਵਿਚ ਹੀ ਨਹੀਂ ਰੱਖਦਾ, ਸਗੋਂ ਇਸ ਨੂੰ "Local Norm" ਵਜੋਂ ਸਵਿਕਾਰ ਕਰਦਾ ਹੈ। Local Norm ਤੋਂ ਭਾਵ ਹੈ ਕਿ ਕਾਵਿ ਭਾਸ਼ਾ ਸਥਾਪਤ ਪ੍ਰਤੀਮਾਨਾਂ ਨੂੰ ਪਰਾਹਿਤ ਰੂਪ ਵਿਚ ਹੀ ਨਹੀਂ ਪੇਸ਼ ਕਰਦੀ ਸਗੋਂ ਇਨ੍ਹਾ ਨੂੰ ਨਵੇਂ ਅਰਥ ਪ੍ਰਦਾਨ ਕਰਕੇ ਪੁਨਰ ਸਿਰਜਣ ਕਰਦੀ ਹੈ। ਕਾਵਿ ਸੱਚ ਦੀ ਵਿਸ਼ੇਸ਼ਤਾ ਹੀ ਇਹੀ ਹੈ ਕਿ ਇਹ ਬਾਹਰਲੇ ਸੱਚ ਤੋਂ ਵੱਖਰਾ ਹੈ।

ਕਵਿਤਾ ਦੀ ਪੜ੍ਹਾਈ ਦਾ ਦੂਜਾ ਮਹੱਤਵਪੂਰਨ ਪਹਿਲੂ ਕਵਿਤਾ ਦੇ ਅਰਥ ਗ੍ਰਹਿਨ ਕਰਨ ਦੀ ਪ੍ਰਕਿਰਿਆ ਨਾਲ ਸੰਬੰਧਤ ਹੈ। ਅਰਥ ਗ੍ਰਹਿਣ ਕਰਨ ਦੀ ਪ੍ਰਕਿਰਿਆ ਪ੍ਰਸਤੁਤ ਭਾਸ਼ਾਈ ਕੋਡਾਂ ਦੇ ਡੀਕੋਡੀਕਰਨ ਦੀ ਸਮੱਸਿਆ ਹੈ। ਭਾਸ਼ਾਈ ਪੈਰੋਲ ਤੋਂ ਭਾਸ਼ਾਈ ਲਾਂਗ ਤਕ ਅੱਪੜਨ ਦੀ ਸਮੱਸਿਆ ਹੈ ਜਾਂ ਭਾਸ਼ਾਈ ਸਥਿਤੀ ਤੋਂ ਭਾਸ਼ਾਈ ਘਟਨਾ ਕ੍ਰਮ ਤਕ ਪਹੁੰਚਣ ਦੀ ਯਾਤਰਾ ਹੈ। ਇਸਨੂੰ ਇਹ ਵੀ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਦੇ ਪਾਠਾਤਮਕ ਕਾਰਜ ਤੋਂ ਭਾਸ਼ਾ ਦੇ ਵਿਚਾਰਾਤਮਕ ਕਾਰਜ ਤਕ ਪੁੱਜਣ ਦੀ ਪ੍ਰਕਿਰਿਆ ਹੀ ਅਰਥ ਗ੍ਰਹਿਣ ਦੀ ਪ੍ਰਕਿਰਿਆ ਹੈ।

ਅਰਥ ਗ੍ਰਹਿਣ ਕਰਨ ਦੀ ਪ੍ਰਕਿਰਿਆ ਸੰਬੰਧਤ ਕਾਵਿ ਰੂਪ ਦੇ ਬਣਤਰੀ ਸਰੂਪ (structure) ਨੂੰ ਸਮਝਣ ਤੋਂ ਪ੍ਰਾਰੰਭ ਹੁੰਦੀ ਹੈ। ਉਨ੍ਹਾ ਰਚਨਾਤਮਕ ਅੰਗਾਂ ਦੇ ਅੰਤਰ ਸੰਬੰਧਾਂ ਨੂੰ ਉਜਾਗਰ ਕਰਨਾ ਹੁੰਦਾ ਹੈ ਜੋ ਉਸ ਰੂਪ ਨੂੰ ਇਕ ਸਾਰਥਕ ਸਮੁੱਚ (meaning whole) ਦੇ ਰੂਪ ਵਿਚ ਪ੍ਰਸਤੁਤ ਕਰਦੇ ਹਨ। ਪਹਿਲੀ ਸਟੇਜ ਰੂਪਾਤਮਕ ਸੰਬੰਧਾਂ ਜਾਂ ਲਕੀਰੀ ਸੰਬੰਧਾਂ ਨੂੰ ਸਮਝਣ ਦੀ ਸਮੱਸਿਆ ਹੈ। ਇਨ੍ਹਾਂ ਸੰਬੰਧਾਂ ਦੀ ਸਮਝ ਦੇ ਮਾਧਿਅਮ ਰਾਹੀਂ ਹੀ ਸੰਬੰਧਤ ਕਾਵਿ ਰੂਪ ਦੇ ਭਾਵ ਗਠਨ ਤਕ ਪਹੁੰਚਿਆ ਜਾ ਸਕਦਾ ਹੈ। ਸੋ ਕਵਿਤਾ ਦੀ ਪੜ੍ਹਾਈ ਸਮੇਂ ਅਰਥ ਸਿਰਜਣ ਦੀ ਪ੍ਰਕਿਰਿਆ ਨੂੰ ਸਾਕਾਰ ਕਰਨ ਲਈ ਅਧਿਏਤਾ ਨੂੰ ਭਾਸ਼ਾ ਵਿਸ਼ਲੇਸ਼ਣ ਦੇ ਤਿੰਨ ਪੜਾਵਾਂ ਨੂੰ ਤੈ ਕਰਨਾ ਪਵੇਗਾ। ਇਹ ਪੜਾ ਹਨ ੳ) ਭਾਸ਼ਾਈ ਸੰਬੰਧ ਅ) ਤਾਰਕਿਕ ਸੰਬੰਧ ਅਤੇ ੲ) ਭਾਵ ਸੰਬੰਧ। ਇਨ੍ਹਾਂ ਸੰਬੰਧਾਂ ਦੇ ਵਿਵਰਣ ਲਈ ਤੇਜਿੰਦਰ ਵਿਰਲੀ ਦੀ ਲਘੂ ਕਵਿਤਾ "ਉਹ ਨਹੀਂ ਜਾਣਦੇ" ਨੂੰ ਅਧਿਅਨ ਵਸਤੂ ਬਣਾਇਆ ਗਿਆ ਹੈ। ਇਥੇ ਇਹ ਗੱਲ ਸਪਸ਼ਟ ਕਰਨੀ ਵੀ ਜ਼ਰੂਰੀ ਹੈ ਕਿ ਇਥੇ ਇਸ ਕਵਿਤਾ ਦਾ ਵਿਸ਼ਲੇਸ਼ਣ ਨਹੀਂ ਕੀਤਾ ਗਿਆ ਸਗੋਂ ਅਧਿਐਨ ਵਿਧੀ ਦੇ ਵਿਵਰਣ ਹਿਤ ਇਸ ਕਵਿਤਾ ਨੂੰ ਅਧਿਐਨ ਸਮੱਗਰੀ ਵਜੋਂ ਵਰਤਿਆ ਗਿਆ ਹੈ।

(3)

"ਉਹ ਨਹੀਂ ਜਾਣਦੇ" ਤੇਜਿੰਦਰ ਵਿਰਲੀ

ਉਹ ਸਮਝਦੇ ਨੇ
ਮਹਿਲਾਂ ਦੀ ਖ਼ੂਬਸੂਰਤੀ 'ਤੇ ਲਿਖੀ ਕਵਿਤਾ ਹੀ, ਸਭਿਆਚਾਰ ਹੁੰਦੀ ਹੈ
ਉਹ ਸਮਝਦੇ ਨੇ
ਅਮੀਰ ਦੇ ਸਿਰ ਦੀ ਪੱਗ ਹੀ, ਦਸਤਾਰ ਹੁੰਦੀ ਹੈ
ਉਹ ਨਹੀਂ ਜਾਣਦੇ
ਕਿ ਲੋਹਾਰ ਦੀ ਹਥੌੜੇ ਦੇ, ਠੁਣਕਾਰ ਵੀ ਕਵਿਤਾ ਹੈ
ਰੋੜੀ ਕੁਟਦੀ ਮੁਟਿਆਰ ਦੀਆਂ ਵੰਗਾਂ ਦੀ, ਛਣਕਾਰ ਵੀ ਕਵਿਤਾ ਹੈ
ਉਹ ਸਮਝਦੇ ਨੇ
ਭਾੜੇ ਦੇ ਕਵੀ ਤੋਂ ਗਵਾਇਆ, ਗੀਤ ਹੀ ਕਵਿਤਾ ਹੈ
ਉਹ ਨਹੀਂ ਜਾਣਦੇ
ਕਿ ਬੰਦ ਬੰਦ ਕਟਵਾਉਣ ਦੀ, ਰੀਤ ਵੀ ਕਵਿਤਾ ਹੈ।

**1 .ਭਾਸ਼ਾਈ ਸੰਬੰਧ :**

ੳ) ਭਾਸ਼ਾਈ ਤਣਾਓ :

1) ਮਾਨਸਿਕ ਪ੍ਰਕਿਰਿਆ/ ਸਰੀਰਕ ਪ੍ਰਕਿਰਿਆ :
ਉਹ ਸਮਝਦੇ ਨੇ/ ਉਹ ਨਹੀਂ ਜਾਣਦੇ

2) ਨਿਸਚਲਤਾ/ ਕਿਰਿਆਸ਼ੀਲਤਾ :
ਕਵਿਤਾ ਹੀ ਸਭਿਆਚਾਰ ਹੁੰਦੀ ਹੈ/ਹਥੌੜੇ ਦੀ ਠੁਣਕਾਰ ਵੀ ਕਵਿਤਾ ਹੈ
ਪੱਗ ਹੀ ਦਸਤਾਰ ਹੁੰਦੀ ਹੈ/ਵੰਗਾਂ ਦੀ ਛਣਕਾਰ ਵੀ ਕਵਿਤਾ ਹੈ

3) ਸੰਭਾਵੀ ਸੰਰਚਨਾ/ ਨਿਸਚੈਵਾਚੀ ਸੰਰਚਨਾ :

| | |
|---|---|
| ਸਭਿਆਚਾਰ ਹੁੰਦੀ ਹੈ/ | ਕਵਿਤਾ ਹੈ |
| ਦਸਤਾਰ ਹੁੰਦੀ ਹੈ/ | ਛਣਕਾਰ ਵੀ ਕਵਿਤਾ ਹੈ |
| ਗੀਤ ਹੀ ਕਵਿਤਾ ਹੈ/ | ਰੀਤ ਵੀ ਕਵਿਤਾ ਹੈ। |

4) ਕਰਮਣੀ ਕਰਤਰੀ ਸੰਰਚਨਾ :

| | |
|---|---|
| ਲਿਖੀ ਕਵਿਤਾ/ | ਹਥੌੜੇ ਦੀ ਠੁਣਕਾਰ |
| ਸਿਰ ਦੀ ਪੱਗ (ਸਿਰ 'ਤੇ ਟਿਕੀ ਪੱਗ)/ | ਵੰਗਾਂ ਦੀ ਛਣਕਾਰ |
| ਗਵਾਇਆ ਗੀਤ / | ਬੰਦ-ਬੰਦ ਕਟਵਾਉਣ ਦੀ ਰੀਤ |

ਅ) ਭਾਸ਼ਾਈ ਸੰਕਟ :

1) ਉਦੇਸ਼ਾਤਮਕ ਸੰਕਟ :



| ਤਾਰਕਿਕ ਉਦੇਸ਼ | ਵਿਧਾਗਤ ਉਦੇਸ਼ | ਪਾਠਾਤਮਕ ਉਦੇਸ਼ |
|---|---|---|
| ਉਹ | ਕਵਿਤਾ | ਸਭਿਆਚਾਰ |
| ? | ਪੱਗ | ਦਸਤਾਰ |
| ? | ਠੁਣਕਾਰ | ਕਵਿਤਾ |
| ? | ਛਣਕਾਰ | ਕਵਿਤਾ |

2) ਵਿਧਾਗਤ ਸੰਕਟ :

| ਅਕਰਮਿਕਤਾ (ਉਹ ਸਮਝਦੇ ਨੇ) | ਸਕਰਮਿਕਤਾ (ਉਹ ਨਹੀਂ ਜਾਣਦੇ) |
|---|---|
| ਸੰਭਾਵੀ ਪੈਟਰਨ | |
| _ ਕਰਤਰੀ ਵਚਨ | + ਕਰਤਰੀ ਵਚਨ |
| _ ਨਿਸਚੈਵਾਚਕ ਸੰਰਚਨਾ | + ਨਿਸਚੈਵਾਚਕ ਸਰੰਚਨਾ |
| _ ਭੌਤਿਕ ਪ੍ਰਕਿਰਿਆ | + ਭੌਤਿਕ ਪ੍ਰਕਿਰਿਆ |
| _ ਸਕਰਮਿਕਤਾ | + ਸਕਰਮਿਕਤਾ |
| ਪ੍ਰਸਤੁਤ ਪੈਟਰਨ | |
| _ ਕਰਤਰੀ ਵਚਨ | + ਕਰਤਰੀ ਵਚਨ |
| + ਨਿਸਚੈਵਾਚਕ ਸੰਰਚਨਾ? | + ਨਿਸਚੈਵਾਚਕ ਸੰਰਚਨਾ |
| + ਭੌਤਿਕ ਪ੍ਰਕਿਰਿਆ? | + ਭੌਤਿਕ ਪ੍ਰਕਿਰਿਆ |
| ਸਕਰਮਿਕਤਾ? | _ ਸਕਰਮਿਕਤਾ |
| (ਗੀਤ ਹੀ ਕਵਿਤਾ ਹੈ?) | |

3) ਪਾਠਾਤਮਕ ਸੰਕਟ :

| ਨਿਰਪੇਖ ਅੰਸ਼ (ਹੀ)/ | ਸੰਬੰਧਵਾਚਕ/ ਸਾਪੇਖ ਅੰਸ਼ (ਵੀ) |
|---|---|
| ਕਵਿਤਾ ਹੀ | ਠੁਣਕਾਰ ਵੀ |
| ਪੱਗ ਹੀ | ਛਣਕਾਰ ਵੀ |
| ਗੀਤ ਹੀ | ਰੀਤ ਵੀ |

ਸਮੁੱਚੀ ਕਵਿਤਾ ਦੋ ਯੂਨਿਟਾਂ ਵਿਚ ਵਿਚਰਦੀ ਹੈ। ਪਹਿਲਾ ਯੂਨਿਟ ਪਹਿਲੀ ਸਤਰ ਤੋਂ ਸ਼ੁਰੂ ਹੋ ਕੇ ਸੱਤਵੀਂ ਸਤਰ ਤਕ ਚਲਦਾ ਹੈ ਅਤੇ ਦੂਜਾ ਯੂਨਿਟ ਅੱਠਵੀਂ ਸਤਰ ਤੋਂ ਸ਼ੁਰੂ ਹੋ ਕੇ ਗਿਆਰਵੀਂ ਅਰਥਾਤ ਆਖਰੀ ਸਤਰ ਤਕ ਚਲਦਾ ਹੈ। ਦੋਵੇਂ ਯੂਨਿਟਾਂ ਵਿਚ ਦੋ ਵਿਰੋਧੀ ਪੱਖ ਸਾਕਾਰ ਹੁੰਦੇ ਹਨ। ਪਹਿਲਾਂ ਪਾਠ ਦਾ ਇਕ ਪੱਖ ਪੇਸ਼ ਕੀਤਾ ਜਾਂਦਾ ਹੈ ਅਤੇ ਫਿਰ ਇਸ ਪਾਠ ਦੇ ਵਿਰੋਧ ਵਿਚ ਦੂਜਾ ਪਾਠ ਸਿਰਜਿਆ ਜਾਂਦਾ ਹੈ। ਇਸ ਪ੍ਰਕਾਰ ਹਾਂ-ਪੱਖੀ ਅਤੇ ਨਾਂਹ-ਪੱਖੀ ਵਿਚਾਰਾਂ ਦੇ ਪਰਸਪਰ ਟਕਰਾਉ ਵਿਚੋਂ ਕਵਿਤਾ ਇਕ ਬਝੱਵੀ ਹੋਂਦ ਗ੍ਰਹਿਣ ਕਰਦੀ ਹੈ। ਇਹ ਕਵਿਤਾ ਦੀ ਵਿਸ਼ੇਸ਼ਤਾ ਹੈ, ਜਿਵੇਂ:

| | |
|---|---|
| ਉਹ ਸਮਝਦੇ ਨੇ | ਉਹ ਨਹੀਂ ਜਾਣਦੇ |

| | |
|---|---|
| ਮਹਿਲਾਂ ਦੀ ਖੂਬਸੂਰਤੀ<br>'ਤੇ ਲਿਖੀ ਕਵਿਤਾ ਹੀ<br>ਸਭਿਆਚਾਰ ਹੁੰਦੀ ਹੈ | ਲੋਹਾਰ ਦੇ ਹਥੌੜੇ ਦੀ<br>ਠੁਣਕਾਰ ਵੀ ਕਵਿਤਾ ਹੈ |

**2. ਤਾਰਕਿਕ ਸੰਬੰਧ** :

ਕਵਿਤਾ ਦਾ ਥੀਮਕ ਉਪਵਾਕ ਜਾਂ ਸਿਰਲੇਖ "ਉਹ ਨਹੀਂ ਜਾਣਦੇ" ਤਣਾਉ-ਯੁਕਤ ਹੈ। 'ਉਹ' ਕੌਣ ਨੇ? ਉੱਤਰ ਹੈ, "ਜੋ ਨਹੀਂ ਜਾਣਦੇ"। "ਕੀ ਨਹੀਂ ਜਾਣਦੇ?" "ਕਿ ਲੋਹਾਰ ਦੇ ਹਥੌੜੇ ਦੀ ਠੁਣਕਾਰ ਵੀ ਕਵਿਤਾ ਹੈ"। ਉਹ ਇਸ ਲਈ ਵੀ ਨਹੀਂ ਜਾਣਦੇ ਕਿਉਂਕਿ "ਉਹ ਸਮਝਦੇ ਨੇ"। ਕੀ ਸਮਝਦੇ ਨੇ?_ ਕਿ "ਮਹਿਲਾਂ ਦੀ ਖੂਬਸੂਰਤੀ 'ਤੇ ਲਿਖੀ ਕਵਿਤਾ ਹੀ ਸਭਿਆਚਾਰ ਹੁੰਦੀ ਹੈ"। ਅਗਲਾ ਪ੍ਰਸ਼ਨ ਫਿਰ ਪੈਦਾ ਹੁੰਦਾ ਹੈ ਕਿ ਉਹ ਕਿਉਂ ਸਮਝਦੇ ਨੇ? ਉੱਤਰ ਹੈ "ਉਹ ਨਹੀਂ ਜਾਣਦੇ"। ਇਸ ਪ੍ਰਕਾਰ ਸਮੁੱਚੀ ਕਵਿਤਾ "ਕੌਣ-ਕੀ-ਕਿਉਂ" ਦੀ ਮਕਾਨਕੀ ਤਿਕੋਨ ਵਿਚ ਬੱਝ ਜਾਂਦੀ ਹੈ।

ਕਵਿਤਾ ਵਿਚ ਤਣਾਉ ਦੇ ਵਿਕਾਸਪੂਰਨ ਨਿਭਾਉ ਦੀ ਘਾਟ ਹੈ, ਅਰਥਾਤ ਕਵਿਤਾ ਵਿਚ ਤਣਾਉ ਦੀ ਪੇਸ਼ਕਾਰੀ ਹੀ ਹੁੰਦੀ ਹੈ, ਤਣਾਉ ਦੀ ਸਿਰਜਣਾ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਕਾਵਿ-ਤਣਾਉ ਕਿਸੇ ਵਿਕਾਸਾਤਮਕ ਪੜਾ ਨੂੰ ਤੈ ਨਾ ਕਰਦਾ ਹੋਇਆ ਸੰਕਟ ਦੀ ਸਥਿਤੀ ਤਕ ਅੱਪੜ ਜਾਂਦਾ ਹੈ।

ਭਾਸ਼ਾਈ ਤਣਾਉ ਪ੍ਰਮੁਖ ਰੂਪ ਵਿਚ ਵਿਚਾਰ ਸੰਰਚਨਾ 'ਤੇ ਦ੍ਰਿਸ਼ਮਾਨ ਹੁੰਦਾ ਹੈ। "ਉਹ ਸਮਝਦੇ ਨੇ" ਵਿਚਾਰ ਸੰਰਚਨਾ ਦੀ ਪੱਧਰ 'ਤੇ ਮਾਨਸਿਕ ਪ੍ਰਕਿਰਿਆ ਹੈ ਅਤੇ ਸਾਕਾਰਾਤਮਕ ਸੁਰ ਵਿਚ ਸਾਕਾਰ ਹੁੰਦੀ ਹੈ। ਮਾਨਸਿਕ ਪ੍ਰਕਿਰਿਆ ਭੌਤਿਕ ਜਾਂ ਸਰੀਰਕ ਪ੍ਰਕਿਰਿਆ ਦੇ ਵਿਪਰੀਤ ਵਿਚਰਦੀ ਹੈ ਅਤੇ ਇਸਦਾ ਲੱਛਣ ਅਕਰਮਿਕਤਾ ਹੈ। ਸਾਕਾਰਾਤਮਕ ਸੁਰ ਨਿਸਚਲਤਾ ਜਾਂ ਗਤੀਹੀਣਤਾ ਨੂੰ ਜਨਮ ਦਿੰਦੀ ਹੈ ਅਤੇ ਨਿਸਚੈਵਾਚੀ ਰਵਈਏ ਦੀ ਨਿਸਬਤ "ਸੰਭਾਵਨਾ" 'ਤੇ ਟੇਕ ਰੱਖਦੀ ਹੈ। ਇਸ ਤਰ੍ਹਾਂ ਇਹ ਪ੍ਰਕਿਰਿਆ ਅਗਾਮੀ ਪੰਗਤੀ ਵਿਚ ਸਾਕਾਰ ਹੁੰਦੀ ਹੈ। "ਮਹਿਲਾਂ ਦੀ ਖੂਬਸੂਰਤੀ 'ਤੇ ਲਿਖੀ ਕਵਿਤਾ ਹੀ ਸਭਿਆਚਾਰ ਹੁੰਦੀ ਹੈ... ਅਮੀਰ ਦੇ ਸਿਰ ਦੀ ਪੱਗ ਹੀ ਦਸਤਾਰ ਹੁੰਦੀ ਹੈ।" ਪਰੰਤੂ ਇਸਦੇ ਵਿਰੋਧ ਵਿਚ ਅਨੁਭਵੀ ਪ੍ਰਕਿਰਿਆ ਸਾਕਾਰ ਹੁੰਦੀ ਹੈ। "ਉਹ ਨਹੀਂ ਜਾਣਦੇ" ਅਨੁਭਵੀ ਪ੍ਰਕਿਰਿਆ ਹੈ, ਸੁਰ ਨਕਾਰਾਤਮਕ ਹੈ ਜੋ ਕਿਰਿਆਸ਼ੀਲਤਾ ਨੂੰ ਜਨਮ ਦਿੰਦੀ ਹੈ..."ਲੋਹਾਰ ਦੇ ਹਥੌੜੇ ਦੀ ਠੁਣਕਾਰ ਵੀ ਕਵਿਤਾ ਹੈ... ਰੋੜੀ ਕੁਟਦੀ ਮੁਟਿਆਰ ਦੀਆਂ ਵੰਗਾਂ ਦੀ ਛਣਕਾਰ ਵੀ ਕਵਿਤਾ ਹੈ" ।

ਤਣਾਉ ਦੇ ਬਾਕੀ ਪੱਖ ਭਾਸ਼ਾਈ ਸੰਰਚਨਾ ਦੀ ਪੱਧਰ 'ਤੇ ਸਾਕਾਰ ਹੁੰਦੇ ਹਨ। ਤਣਾਉ ਦੇ ਇਹ ਪੱਖ ਬੁਨਿਆਦੀ ਤੌਰ 'ਤੇ ਭਾਸ਼ਾ ਦੀ ਵਿਚਾਰ ਸੰਰਚਨਾ ਉਤੇ ਹੀ ਆਧਾਰਿਤ ਹਨ। ਮਾਨਸਿਕ ਪ੍ਰਕਿਰਿਆ ਨਿਸਚਲਤਾ, ਸੰਭਾਵੀ ਸੰਰਚਨਾ ਅਤੇ ਕਰਮਣੀ ਸੰਰਚਨਾ ਨੂੰ ਜਨਮ ਦਿੰਦੀ ਹੈ। ਪਰੰਤੂ ਇਸ ਦੇ ਉਲਟ ਅਨੁਭਵੀ ਪ੍ਰਕਿਰਿਆ ਕਿਰਿਆਸ਼ੀਲਤਾ ਨੂੰ, ਨਿਸਚੈਵਾਚੀ ਅਤੇ ਕਰਤਰੀ ਸੰਰਚਨਾ ਨੂੰ ਜਨਮ ਦਿੰਦੀ ਹੈ:

**ਮਾਨਸਿਕ ਪ੍ਰਕਿਰਿਆ** :

| | |
|---|---|
| ਉਹ ਸਮਝਦੇ ਨੇ<br>ਕਵਿਤਾ ਹੀ ਸਭਿਆਚਾਰ ਹੁੰਦੀ ਹੈ<br>ਪੱਗ ਹੀ ਦਸਤਾਰ ਹੁੰਦੀ ਹੈ<br>ਖੂਬਸੂਰਤੀ 'ਤੇ ਲਿਖੀ ਕਵਿਤਾ<br>ਸਿਰ ਦੀ ਪੱਗ (ਸਿਰ 'ਤੇ ਟਿਕੀ ਪੱਗ)<br>ਭਾੜੇ ਦੇ ਕਵੀ ਤੋਂ ਗਵਾਇਆ ਗੀਤ | ਨਿਸਚਲਤਾ ਸੰਭਾਵੀ ਸੰਰਚਨਾ<br>ਕਰਮਣੀ ਸੰਰਚਨਾ |



**ਅਨੁਭਵੀ ਪ੍ਰਕਿਰਿਆ** :

| | |
|---|---|
| ਉਹ ਨਹੀਂ ਜਾਣਦੇ<br>ਹਥੌੜੇ ਦੀ ਠੁਣਕਾਰ ਵੀ ਕਵਿਤਾ ਹੈ<br>ਵੰਗਾਂ ਦੀ ਛਣਕਾਰ ਵੀ ਕਵਿਤਾ ਹੈ | ਅਨੁਭਵੀ ਪ੍ਰਕਿਰਿਆ ਕਿਰਿਆਸ਼ੀਲਤਾ/<br>ਨਿਸਚੈਵਾਚੀ ਸੰਰਚਨਾ |
| ਹਥੌੜੇ ਦੀ ਠੁਣਕਾਰ<br>ਵੰਗਾਂ ਦੀ ਛਣਕਾਰ | ਕਰਤਰੀ ਸੰਰਚਨਾ |

ਪਰੰਤੂ ਜਿਵੇਂ ਕਿ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ, ਇਹ ਤਣਾਉ ਕਿਸੇ ਵਿਕਾਸਾਤਮਕ ਪੜਾ ਨੂੰ ਤੈ ਨਾ ਕਰਦਾ ਹੋਇਆ ਭਾਸ਼ਾਈ ਸੰਕਟ 'ਤੇ ਅੱਪੜ ਜਾਂਦਾ ਹੈ। ਇਸ ਸੰਕਟ ਦਾ ਕਾਰਨ ਇਸ ਤੱਥ ਵਿਚ ਨਿਹਿਤ ਹੈ ਕਿ ਕਵਿਤਾ ਵਿਚ ਤਣਾਉ ਦੀ ਸਿਰਜਣਾ ਨਹੀਂ ਹੁੰਦੀ, ਨਿਰੋਲ ਪੇਸ਼ਕਾਰੀ ਹੀ ਹੁੰਦੀ ਹੈ। ਇਹ ਵਸਤੂ ਯਥਾਰਥ ਦੀ ਅਲਪ ਸੂਝ ਦੀ ਅਲਾਮਤ ਹੈ। ਅਰਥਾਤ ਲੇਖਕ ਕੋਲ ਵਸਤੂ ਯਥਾਰਥ ਤਾਂ ਹੈ ਪਰ ਦ੍ਰਿਸ਼ਟੀ ਨਹੀਂ ਹੈ। ਕਿਸੇ ਨਿਸਚਤ ਦ੍ਰਿਸ਼ਟੀ ਦੀ ਅਣਹੋਂਦ ਭਾਸ਼ਾਈ ਸੰਕਟ ਨੂੰ ਜਨਮ ਦਿੰਦੀ ਹੈ। ਇਹ ਪਹਿਲਾਂ ਵੀ ਕਿਹਾ ਜਾ ਚੁੱਕਾ ਹੈ ਕਿ ਭਾਸ਼ਾ ਦਾ ਸੰਬੰਧ ਵਸਤੂ ਯਥਾਰਥ ਦੇ ਸਪਾਟ ਨਿਰੂਪਣ ਨਾਲ ਨਹੀਂ ਹੈ ਸਗੋਂ ਵਸਤੂ ਯਥਾਰਥ ਨੂੰ ਖਾਸ ਦਿਸ਼ਾ ਪ੍ਰਦਾਨ ਕਰਨ ਨਾਲ ਵੀ ਹੈ।

ਭਾਸ਼ਾਈ ਸੰਕਟ ਮੂਲ ਰੂਪ ਵਿਚ ਉਦੇਸ਼ਾਤਮਕ ਸੰਕਟ ਦੇ ਤੌਰ 'ਤੇ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਅੱਗੇ ਵਿਧਾਗਤ ਅਤੇ ਪਾਠਾਤਮਕ ਸੰਕਟ ਵਿਚ ਰੂਪਮਾਨ ਹੁੰਦਾ ਹੈ। ਉਦੇਸ਼ਾਤਮਕ ਸੰਕਟ ਤੋਂ ਭਾਵ ਉਦੇਸ਼ ਦੀ ਅਸਪਸ਼ਟਤਾ ਹੈ, ਅਰਥਾਤ ਲੇਖਕ ਇਕ ਨੁਕਤੇ 'ਤੇ ਧਿਆਨ ਕੇਂਦਰਤ ਕਰਨ ਦੀ ਬਜਾਏ ਨੁਕਤੇ ਦੇ ਬਾਹਰੀ ਵਿਸਥਾਰ ਲਈ ਇਧਰ ਉਧਰ ਹੱਥ ਪੈਰ ਮਾਰਦਾ ਹੈ। ਜਿਵੇਂ ਕਵਿਤਾ ਵਿਚ ਲੇਖਕ ਇਹ ਨਿਰਣਾ ਕਰਨ ਦੇ ਅਸਮਰੱਥ ਰਹਿੰਦਾ ਹੈ ਕਿ ਉਸਨੇ ਪਾਠਕ/ ਸਰੋਤੇ ਦਾ ਧਿਆਨ "ਉਹਨਾਂ" ਉਤੇ, "ਕਵਿਤਾ" ਉਤੇ ਜਾਂ "ਸਭਿਆਚਾਰ" ਉਤੇ ਕੇਂਦਰਤ ਕਰਨਾ ਹੈ। ਕਵਿਤਾ "ਉਹ ਸਮਝਦੇ ਨੇ" ਥੀਮਕ ਵਾਕ ਨਾਲ ਸ਼ੁਰੂ ਹੋ ਕੇ "ਸਭਿਆਚਾਰ" 'ਚੋਂ ਹੁੰਦੀ ਹੋਈ "ਕਵਿਤਾ" ਨੂੰ ਥੀਮ ਬਣਾ ਲੈਂਦੀ ਹੈ। ਇਹ ਥੀਮਕ ਵਿਸਥਾਰ ਨਹੀਂ, ਸਗੋਂ ਥੀਮ ਦੀ ਚੋਣ ਪ੍ਰਤੀ ਲੇਖਕ ਦੀ ਦੁਬਿਧਾ ਹੈ।

ਭਾਸ਼ਾਈ ਸੰਕਟ ਦਾ ਦੂਜਾ ਪੱਖ ਭਾਸ਼ਾਈ ਸੰਰਚਨਾ ਦੀ ਪੱਧਰ 'ਤੇ ਰੂਪਮਾਨ ਹੁੰਦਾ ਹੈ। ਇਹ ਉਦੇਸ਼ਾਤਮਕ ਸੰਕਟ ਦਾ ਹੀ ਪ੍ਰਤੀਫਲ ਹੈ। "ਉਹ ਸਮਝਦੇ ਨੇ" ਅਤੇ "ਉਹ ਨਹੀਂ ਜਾਣਦੇ" ਅਜਿਹੇ ਥੀਮਕ ਉਪਵਾਕ ਨੇ ਜੋ ਕਵਿਤਾ ਦੀਆਂ ਅਰਥ ਸੀਮਾਵਾਂ ਨੂੰ ਸੀਮਤ ਕਰ ਦਿੰਦੇ ਹਨ। ਕੋਈ ਵੀ ਉਪ ਸੰਰਚਨਾ ਜਾਂ ਰੀਮ ਥੀਮਕ ਸੰਰਚਨਾ ਤੋਂ ਪਾਰ ਨਹੀਂ ਜਾ ਸਕਦਾ। ਅਰਥਾਤ ਕਿਸੇ ਵੀ ਪਾਠ ਵਿਚ ਇਹ ਆਸ ਕੀਤੀ ਜਾਂਦੀ ਹੈ ਕਿ ਪਾਠ ਦੀਆਂ ਉਪ ਸੰਰਚਨਾਵਾਂ ਜਾਂ ਰੀਮ ਮੁੱਖ ਸੰਰਚਨਾ ਜਾਂ ਥੀਮ ਦੇ ਘੇਰੇ

ਤੇ ਅੰਤਰਗਤ ਹੀ ਸਾਕਾਰ ਹੋਣ। ਪਰੰਤੂ ਕਵਿਤਾ ਵਿਚ ਇਸ ਪ੍ਰਵਿਰਤੀ ਦਾ ਭਲੀ ਭਾਂਤ ਨਿਭਾ ਨਹੀਂ ਹੁੰਦਾ। "ਉਹ ਸਮਝਦੇ ਨੇ" ਥੀਮਕ ਉਪਵਾਕ ਪ੍ਰਤੀ ਲੇਖਕ ਦੀ ਬਿਰਤੀ ਨਿਖੇਧਾਤਮਕ ਹੈ, ਇਸ ਕਰਕੇ ਉਹ ਇਸ ਥੀਮ ਨਾਲ ਸੰਬੰਧਤ ਉਪ ਸੰਰਚਨਾ ਨੂੰ ਸੰਭਾਵੀ ਬਣਤਰਾਂ (ਹੁੰਦੀ ਹੈ) ਰਾਹੀਂ ਪ੍ਰਸਤੁਤ ਕਰਦਾ ਹੈ, ਜਿਵੇਂ;

ਸਭਿਆਚਾਰ . ਹੁੰਦੀ ਹੈ

ਦਸਤਾਰ . . ਹੁੰਦੀ ਹੈ

ਪਰੰਤੂ ਲੇਖਕ ਇਸ ਪ੍ਰਕਿਰਿਆ ਦਾ ਭਲੀ ਭਾਂਤ ਨਿਭਾ ਨਹੀਂ ਕਰ ਸਕਿਆ ਜਿਵੇਂ "ਭਾੜੇ ਦੇ ਕਵੀ ਤੋਂ ਗਵਾਇਆ ਗੀਤ ਹੀ ਕਵਿਤਾ ਹੈ" ਨਿਸਚੈਵਾਚੀ ਸੰਰਚਨਾ ਹੈ ਅਤੇ ਇਸ ਸੰਰਚਨਾ ਦੀ ਸਾਰਥਿਕਤਾ ਦਾ ਪ੍ਰਮਾਣ ਪਾਠ ਵਿਚੋਂ ਉਪਲਬਧ ਨਹੀਂ ਹੈ।

ਭਾਸ਼ਾਈ ਸੰਕਟ ਦਾ ਤੀਜਾ ਪੱਖ ਪਾਠਾਤਮਕ ਸੰਕਟ ਹੈ। ਪਾਠ ਵਿਚ ਅਜਿਹੇ ਵੇਰਵੇ ਮੌਜੂਦ ਹਨ ਜੋ ਲੇਖਕ ਦੇ ਰਵਈਏ ਦੇ ਵਿਪਰੀਤ ਵਿਚਰਦੇ ਹਨ। ਇਨ੍ਹਾਂ ਵਿਚੋਂ ਪ੍ਰਮੁਖ ਨਿਰਪੇਖ ਅੰਸ਼ 'ਹੀ' ਅਤੇ ਸੰਬੰਧਾਤਮਕ ਜਾਂ ਸਾਪੇਖ ਅੰਸ਼ 'ਵੀ' ਦੀ ਵਰਤੋਂ ਹੈ। ਇਨ੍ਹਾਂ ਅੰਸ਼ਾਂ ਦਾ ਵਿਰੋਧ ਅਸਾਵਾਂ ਹੈ ਜੋ ਵਸਤੂ ਦੀ ਅਲਪ ਸੂਝ ਦਾ ਪ੍ਰਤੀਕ ਹੈ। ਜਿਵੇਂ "ਉਹ ਸਮਝਦੇ ਨੇ"... "ਕਵਿਤਾ ਹੀ ਸਭਿਆਚਾਰ ਹੁੰਦੀ ਹੈ" ਪ੍ਰਤੀ ਲੇਖਕ ਦਾ ਰਵਈਆ ਨਿਖੇਧਾਤਮਕ ਹੈ ਪਰ ਇਹ ਨਿਖੇਧਾਤਮਕ ਰਵਈਆ ਸੰਰਚਨਾ ਦੀ ਪੱਧਰ 'ਤੇ ਸੰਬੰਧਾਤਮਕ ਰਵਈਏ ਵਿਚ ਰੂਪਮਾਨ ਹੁੰਦਾ ਹੈ। 'ਵੀ' ਅੰਸ਼ "ਉਹ ਸਮਝਦੇ ਨੇ" ਥੀਮਕ ਸੰਰਚਨਾ ਦਾ ਨਿਖੇਧ ਨਹੀਂ ਕਰਦਾ ਸਗੋਂ ਇਸਨੂੰ ਸਵਿਕਾਰਦੀ ਹੋਈ "ਕੁਝ ਹੋਰ ਜਮ੍ਹਾਂ ਕਰਨ ਦੀ" ਪ੍ਰਵਿਰਤੀ ਨੂੰ ਸਾਕਾਰ ਕਰਦਾ ਹੈ ਜੋ ਸਾਡੇ ਖਿਆਲ ਅਨੁਸਾਰ ਲੇਖਕ ਦੇ ਦ੍ਰਿਸ਼ਟੀਕੋਣ ਦੇ ਵਿਪਰੀਤ ਵਿਚਰਦਾ ਹੈ। ਬੇਸ਼ੱਕ ਇਹ ਅੰਸ਼ ਭਾਸ਼ਾਈ ਲੈਅ ਦੇ ਨਿਭਾਅ ਲਈ ਕਾਫ਼ੀ ਸਹਾਇਕ ਹੁੰਦੇ ਹਨ ਪਰੰਤੂ ਵਿਚਾਰ ਦੀ ਇਕਸੁਰਤਾ ਨਾਲੋਂ ਵਿਛੁੰਨੀ ਲੈਅ ਭਾਸ਼ਾਈ ਸਿਫਤ ਬਣਨ ਦੀ ਬਜਾਏ ਭਾਸ਼ਾਈ ਸੀਮਾ ਬਣਕੇ ਹੀ ਰਹਿ ਜਾਂਦੀ ਹੈ। ਸ਼ਾਇਦ ਇਹੀ ਇਸ ਕਵਿਤਾ ਦਾ ਦੁਖਾਂਤ ਹੈ।

**3. ਭਾਵ ਸੰਬੰਧ :**

ਕਵਿਤਾ ਵਿਚ ਭਾਸ਼ਾਈ ਤਣਾਉ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਇਸਦਾ ਨਿਭਾਅ ਠੀਕ ਨਹੀਂ ਹੋਇਆ। ਬੇਸ਼ੱਕ ਭਾਸ਼ਾਈ ਤਣਾਉ ਭਾਸ਼ਾਈ ਪ੍ਰਕਾਰਜਾਂ ਦੇ ਤਿੰਨਾਂ ਪਹਿਲੂਆਂ 'ਤੇ ਸਾਕਾਰ ਹੁੰਦਾ ਹੋਇਆ ਮਿਲਦਾ ਹੈ, ਪਰੰਤੂ ਤਣਾਉ ਵਿਕਾਸਾਤਮਕ ਗਤੀ ਦੀ ਅਣਹੋਂਦ ਸਦਕਾ ਭਾਸ਼ਾਈ ਇਕਸੁਰਤਾ (harmony) ਨੂੰ ਗ੍ਰਹਿਣ ਕਰਨ ਦੀ ਬਜਾਏ ਭਾਸ਼ਾਈ ਸੰਕਟ (crisis) ਦੀ ਝੋਲੀ ਪੈ ਜਾਂਦਾ ਹੈ। ਮੁੜਵੇਂ ਰੂਪ ਵਿਚ ਇਹ ਵਿਚਾਰਾਤਮਕ ਸੰਕਟ ਹੀ ਹੈ ਜੋ ਭਾਸ਼ਾਈ ਸੰਰਚਨਾ ਦੀ ਪੱਧਰ 'ਤੇ ਸਾਕਾਰ ਹੋਇਆ ਮਿਲਦਾ ਹੈ।

[ਲੈਕਚਰਾਰ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਸੈਂਟਰ, ਜਲੰਧਰ]

ਸੰਵਾਦ



# ਤਿਲਕਣ : ਵਿਚਾਰਨਯੋਗ ਮੁੱਦੇ

ਅਮਰਜੀਤ ਸਿੰਘ

'ਸਿਰਜਣਾ' ਅੰਕ-93 ਦੇ ਸੰਪਾਦਕੀ 'ਤਿਲਕਣ' ਦੇ ਸੰਬੰਧ ਵਿਚ ਕਈ ਵਿਦਵਾਨਾਂ ਨੇ ਆਪਣੀ ਰਾਇ ਦਰਸਾਈ ਹੈ। ਉਹਨਾਂ ਵਿਚੋਂ ਦੋ ਵਿਅਕਤੀਆਂ ਦੀ ਰਾਇ ਵਿਸ਼ੇ ਤੋਂ ਬਾਹਰੀ ਹੀ ਨਹੀਂ ਸਗੋਂ ਸਦਾਚਾਰ ਤੋਂ ਵੀ ਬਾਹਰੀ ਲਗਦੀ ਹੈ। ਉਹ ਦੋ ਵਿਅਕਤੀ ਹਨ, ਕੈਲੇਫੋਰਨੀਆ ਤੋਂ ਸ਼ਸ਼ੀ ਸਮੁੰਦਰਾ ਅਤੇ ਉਨਟਾਰੀਓ (ਕਨੇਡਾ) ਤੋਂ ਬਲਰਾਜ ਚੀਮਾ। ਸੰਪਾਦਕੀ 'ਤਿਲਕਣ' ਵਿਚ ਸੰਪਾਦਕ ਨੇ ਸਿਰਫ਼ ਦੋ ਮਸਲਿਆਂ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਨੰਬਰ ਇਕ ਅੰਮ੍ਰਿਤਾ ਪ੍ਰੀਤਮ ਵੱਲੋਂ 'ਨਾਗਮਣੀ' ਵਿਚ ਗੈਰ ਵਿਗਿਆਨਕ ਰੁਚੀਆਂ ਦਾ ਪ੍ਰਸਾਰ ਕਰਨਾ, ਤੇ ਦੂਜਾ ਹੈ ਪ੍ਰੇਮ ਪ੍ਰਕਾਸ਼ ਦਾ 'ਲਕੀਰ' ਰਾਹੀਂ ਗੈਰ-ਸਾਹਿਤਕ ਤੇ ਅਸਭਿਅਕ ਵਿਸ਼ਿਆਂ ਦਾ ਵਿਖਾਲਾ ਕਰਨਾ। ਇਹਨਾਂ ਮਸਲਿਆਂ ਤੋਂ ਬਿਨਾ ਹੋਰ ਵੀ ਬਹੁਤ ਸਾਰੇ ਮਸਲੇ ਸਾਹਿਤ ਵਿਚ ਘੁਸੇੜੇ ਜਾ ਰਹੇ ਹਨ, ਜਿਹਨਾਂ ਬਾਰੇ ਗੱਲ ਬਾਤ ਹੋਣੀ ਚਾਹੀਦੀ ਹੈ। ਇਹਦੇ ਸੰਬੰਧ ਵਿਚ ਹੀ 'ਸਿਰਜਣਾ' ਦੇ ਅੰਕ-94 ਵਿਚਲੀ ਸੰਪਾਦਕੀ "ਪੰਜਾਬੀ ਸਭਿਆਚਾਰ ਅਤੇ ਸਾਹਿਤ ਵੱਲ ਪਹੁੰਚ" ਵਿਚ ਬਹੁਤ ਢੁਕਵੀਆਂ ਗੱਲਾਂ ਕਹੀਆਂ ਗਈਆਂ ਹਨ, ਜੋ ਕਿ ਨਾ ਸਿਰਫ਼ ਸਾਹਿਤ ਲਈ ਹੀ ਸਿਹਤਮੰਦ ਹਨ ਸਗੋਂ ਭਾਈਚਾਰੇ ਦੇ ਵਿਗਸਣ ਲਈ ਵੀ ਜ਼ਰੂਰੀ ਹਨ। ਜਿਵੇਂ 'ਸਾਹਿਤਕ ਸਭਿਆਚਾਰ' ਪੈਦਾ ਕਰਨ ਦੀ ਗੱਲ ਹੈ। ਇਹ ਇਕ ਧਨਆਤਮਕ ਕਦਮ ਹੈ। ਇਸ ਤੋਂ ਬਿਨਾਂ ਜਿਹੜੀ ਗੱਲ ਏਸ ਸੰਪਾਦਕੀ ਦੀ ਸਭ ਤੋਂ ਵੱਧ ਅਪੀਲ ਕਰਦੀ ਹੈ ਉਹ ਹੈ "ਨਿਮਨ ਪੱਧਰ ਦੀ ਰਚਨਾ ਕਰਨ ਵਾਲੇ ਵਿਅਕਤੀਆਂ ਨੂੰ ਲਿਖਣ ਤੋਂ ਜੇ ਵਰਜਿਆ ਨਹੀਂ ਜਾ ਸਕਦਾ ਤਾਂ ਘੱਟੋ-ਘੱਟ ਉਹਨਾਂ ਨੂੰ ਨਿਰ-ਉਤਸ਼ਾਹਿਤ ਕਰਨਾ ਤਾਂ ਬਨਦਾ ਹੀ ਹੈ। ਇਸ ਤਰ੍ਹਾਂ ਕਰਨਾ ਵੀ ਇਕ ਤਰ੍ਹਾਂ ਸਾਹਿਤ-ਸਭਿਆਚਾਰ ਦੀ ਸੇਵਾ ਹੀ ਹੈ।"

'ਸਿਰਜਣਾ'-93 ਦੀ ਸੰਪਾਦਕੀ ਬਾਰੇ ਸ਼ਸ਼ੀ ਜੀ ਕਹਿੰਦੇ ਹਨ: " 'ਨਾਗਮਣੀ' ਨੂੰ ਸਿਰਫ਼ ਅੰਧ ਵਿਸ਼ਵਾਸਾਂ ਦੇ ਪ੍ਰਸਾਰਣ ਦਾ ਵਾਹਣ ਆਖ ਕੇ ਰੱਦ ਕੀਤਾ ਹੈ, ਇਹ ਉਚਿਤ ਨਹੀਂ ਕਿਉਂਕਿ 'ਨਾਗਮਣੀ' 'ਚ ਹਮੇਸ਼ਾ ਵਧੀਆ ਰਚਨਾਵਾਂ ਛਪਦੀਆਂ ਰਹੀਆਂ ਨੇ"। ਸਾਡੀ ਸ਼ਸ਼ੀ ਜੀ ਅੱਗੇ ਇਕ ਸਨਿਮਰ ਬੇਨਤੀ ਹੈ ਕਿ ਅੱਜ ਤੋਂ 30 ਕੁ ਸਾਲ ਪਹਿਲਾਂ ਜਦੋਂ ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਕੱਢਣੀ ਸ਼ੁਰੂ ਕੀਤੀ ਸੀ, ਕੀ ਓਦੋਂ ਉਹਨੂੰ ਪਤਾ ਸੀ ਕਿ ਆਉਣ ਵਾਲੇ ਸਾਲਾਂ ਵਿਚ 'ਨਾਗਮਣੀ' ਦੀ ਨੁਹਾਰ "ਪੁਨਰ-ਜਨਮ, ਭਵਿੱਖ ਵਾਚਣ, ਸੁਪਨ ਜਗਤ ਤੇ ਮਾਨਸਿਕ ਉਲਾਰ" ਦੀ ਬਾਤ ਬਣ ਕੇ ਰਹਿ ਜਾਵੇਗੀ? ਉਹਨੂੰ ਨਹੀਂ ਸੀ ਪਤਾ। ਓਦੋਂ ਉਹਦੀ ਯੋਜਨਾ ਸਾਹਿਤਕ ਤੇ ਸਿਰਫ਼ ਸਾਹਿਤਕ ਪਰਚਾ ਕੱਢਣ ਦੀ ਸੀ ਪਰ ਮਗਰੋਂ ਜੋ ਕੁਝ ਵਾਪਰਿਆ ਉਹਦੇ ਬਾਰੇ ਡਾ. ਰਘਬੀਰ ਸਿੰਘ ਨੇ ਚਿੰਤਾ ਪ੍ਰਗਟ ਕੀਤੀ ਹੈ, ਜੋ ਸ਼ਾਇਦ ਸ਼ਸ਼ੀ ਜੀ ਨੂੰ ਸਮਝ ਨਹੀਂ ਆਈ। ਅੱਜ ਕੱਲ 'ਨਾਗਮਣੀ' ਸਮੁੱਚੇ ਰੂਪ ਵਿਚ ਸਾਹਿਤਕ ਪਰਚਾ ਨਹੀਂ ਰਿਹਾ। ਸਾਹਿਤ ਦੇ ਨਾਲ ਨਾਲ ਉਹਦੇ ਵਿਚ ਬਹੁਤ ਕੁਝ ਅ-ਸਾਹਿਤਕ ਵੀ ਛਪ ਰਿਹਾ ਹੈ, ਜੋ ਸਾਡੇ ਸਾਰਿਆਂ ਲਈ ਚਿੰਤਾ ਦਾ ਕਾਰਣ ਬਣਦਾ ਹੈ। ਏਸੇ ਅੰਦਾਜ਼ ਵਿਚ ਹੀ ਸ਼ਸ਼ੀ ਜੀ ਨੇ 'ਲਕੀਰ' ਦੇ ਮੈਟਰ ਬਾਰੇ ਪਹੁੰਚ ਅਪਣਾਈ ਹੈ। ਆਪਣੇ ਕੀਤੇ ਹੋਏ ਕਿੰਤੂ ਵਿਚ ਉਹਨਾਂ ਨੇ ਜਿਹੜੇ ਵੀ ਪ੍ਰਸ਼ਨ-ਚਿੰਨ੍ਹ ਲਾਏ ਹਨ ਉਹਨਾਂ ਦਾ ਸੰਪਾਦਕੀ ਨਾਲ ਕੋਈ ਸੰਬੰਧ ਨਹੀਂ ਬਣਦਾ। ਕਈ ਵਾਰ ਇੰਜ ਲਗਦਾ ਹੈ ਕਿ :

"ਸਾਰੇ ਫਸਾਨੇ ਮੇਂ ਜਿਸਕਾ ਜ਼ਿਕਰ ਨਾ ਥਾ

ਵੁਹ ਬਾਤ ਉਨਕੋ ਬਹੁਤ ਨਾਗਵਾਰ ਗੁਜ਼ਰੀ ਹੈ।

ਜਿਵੇਂ ਅਣਸਮਾਜਕਤਾ, ਅਸ਼ਲੀਲਤਾ, ਸਮ-ਲਿੰਗ ਮਰਦਾਂ ਤੇ ਔਰਤਾਂ ਦਾ ਮਸਲਾ ਵਗੈਰਾ ਵਗੈਰਾ... ਇਹਨਾਂ ਬਾਰੇ ਸ਼ਸ਼ੀ ਜੀ ਨੂੰ ਆਪਣੀ ਕੋਈ ਵੀ ਨਿੱਜੀ ਰਾਇ ਰੱਖਣ ਦਾ ਪੂਰਾ ਹੱਕ ਹੈ। ਪਰ

ਇਹਨਾਂ ਮਸਲਿਆਂ ਦਾ ਸੰਬੰਧਤ ਸੰਪਾਦਕੀ ਨਾਲ ਕੋਈ ਸਰੋਕਾਰ ਨਹੀਂ ਬਣਦਾ। ਉਹ ਰਜਨੀਸ਼ ਦੀ ਗੱਲ ਕਰਦੇ ਕਹਿੰਦੇ ਹਨ "ਮੈਂ ਰਜਨੀਸ਼ ਨੂੰ ਬਹੁਤ ਘੱਟ ਪੜ੍ਹਿਆ ਹੈ। ਉਹਨੂੰ ਸਮਝਣ ਦਾ ਮੈਂ ਕੋਈ ਦਾਅਵਾ ਨਹੀਂ ਕਰ ਰਹੀ... ਹੈਰਾਨੀ ਨਹੀਂ ਹੋਵੇਗੀ ਜੇ, ਅੱਜ ਤੋਂ ਸੌ ਪੰਜਾਹ ਵਰ੍ਹਿਆਂ ਨੂੰ, ਰਜਨੀਸ਼ ਨੂੰ ਭਾਰਤ ਦਾ 'ਸੁਕਰਾਤ' ਮੰਨ ਲਿਆ ਗਿਆ ਤਾਂ"। ਇਹ ਕਿਹੋ ਜਿਹੀ ਦਲੀਲ ਹੈ! ਜਿਸ ਬੰਦੇ ਨੂੰ ਤੁਸਾਂ ਬਹੁਤ ਘੱਟ ਪੜ੍ਹਿਆ ਹੈ, ਉਹਨੂੰ ਸਮਝਣ ਦਾ ਤੁਸੀਂ ਕੋਈ ਦਾਅਵਾ ਵੀ ਨਹੀਂ ਕਰ ਰਹੇ। ਫਿਰ ਤੁਹਾਨੂੰ ਕਿਵੇਂ 'ਇਲਹਾਮ' ਹੋ ਗਿਆ ਕਿ ਉਹ ਭਾਰਤ ਦਾ 'ਸੁਕਰਾਤ' ਬਣੇਗਾ? ਚਲੋ ਛੱਡੋ ਮੁਕਦੀ ਗੱਲ ਤਾਂ ਇਹ ਹੈ ਕਿ ਰਜਨੀਸ਼ ਦੀ ਚਰਚਾ ਦਾ ਸੰਪਾਦਕੀ ਨਾਲ ਕੋਈ ਸੰਬੰਧ ਹੀ ਨਹੀਂ ਬਣਦਾ।

ਜਿਹੜੀ ਗੱਲ ਸੰਪਾਦਕੀ ਵਿਚ ਓਹਲੇ ਦੇ ਸੰਬੰਧ ਵਿਚ ਕਹੀ ਗਈ ਹੈ ਉਹ ਵੀ ਜਾਪਦੈ ਸ਼ਸ਼ੀ ਜੀ ਨੂੰ ਸਮਝ ਨਹੀਂ ਆਈ। ਅਸੀਂ ਇਕ ਵਾਰ ਫੇਰ ਉਹਨਾਂ ਅੱਗੇ ਬੇਨਤੀ ਕਰਦੇ ਹਾਂ ਕਿ ਕਿਸੇ ਵੀ ਪਰਿਵਾਰ ਵਿਚ ਰਹਿੰਦੇ ਹੋਏ ਨਹਾਉਣ ਲੱਗਿਆਂ ਅਸੀਂ ਗੁਸਲਖਾਨੇ ਦਾ ਦਰਵਾਜ਼ਾ ਇਸ ਕਰਕੇ ਬੰਦ ਕਰ ਲੈਂਦੇ ਹਾਂ ਕਿ ਇਹ ਇਕ ਸਭਿਅਕ ਗੱਲ ਹੈ। ਸਭ ਨੂੰ ਪਤਾ ਹੁੰਦਾ ਹੈ ਕਿ ਬੰਦ ਦਰਵਾਜ਼ੇ ਪਿਛੇ ਕੀ ਹੋ ਰਿਹਾ ਹੈ। ਪਰ ਦਰਵਾਜ਼ਾ ਬੰਦ ਰੱਖਣਾ ਸਭਿਅਤਾ ਦੀ ਨਿਸ਼ਾਨੀ ਪੈ। ਇਥੋਂ ਉਹ ਆਪ ਅੰਦਾਜ਼ਾ ਲਾ ਲੈਣ ਕਿ ਮਨੁੱਖ ਜੰਗਲ ਦੀ ਸਭਿਅਤਾ ਤੋਂ ਉੱਚਾ ਉੱਠ ਕੇ ਇਥੋਂ ਤੱਕ ਪਹੁੰਚਾ ਹੈ। ਕੀ ਸ਼ਸ਼ੀ ਜੀ ਪੁੱਠਾ ਗੇੜਾ ਦੇ ਕੇ ਸਾਨੂੰ ਦੁਬਾਰਾ ਜੰਗਲ ਦੀ ਸਭਿਅਤਾ ਵੱਲ ਤਾਂ ਨਹੀਂ ਲਿਜਾ ਰਹੇ? ਉਹਨਾਂ ਦੀ ਦਿੱਤੀ ਹੋਈ ਦਲੀਲ ਤੋਂ ਇੰਜ ਲਗਦਾ ਹੈ ਜਿਵੇਂ ਲਿੰਗ ਚਰਚਾ 'ਤੇ ਲੱਗੀਆਂ ਪਾਬੰਦੀਆਂ ਉਠਾ ਦੇਣ ਨਾਲ ਸਮਾਜ ਵਿਚ ਖੁਸ਼ਹਾਲੀ ਆ ਜਾਵੇਗੀ। ਸਾਡਾ ਸੁਆਲ ਹੈ ਕਿ ਉਹਨਾਂ ਦੇ ਦੇਸ਼ ਅਮਰੀਕਾ ਵਿਚ ਬਣ ਰਹੀਆਂ ਲੱਖਾਂ ਦੀ ਗਿਣਤੀ ਵਿਚ "ਪੋਰਨੋ ਮੂਵੀਆਂ" ਅਤੇ ਅਸੀਮਤ ਲਿੰਗ ਚਰਚਾ ਇਕ ਇੰਡਸਟਰੀ ਦੇ ਤੌਰ 'ਤੇ ਵਿਕਾਸ ਕਰ ਰਹੀਆਂ ਹਨ। ਪਰ ਉਥੇ ਖੁਸ਼ਹਾਲੀ ਦੀ ਥਾਂ ਅਪਰਾਧ-ਦਰ ਏਨੀ ਵਧ ਰਹੀ ਹੈ ਕਿ ਹਨ੍ਹੇਰੇ ਸਵੇਰੇ ਇਕੱਲੇ-ਦੁਕੱਲੇ ਬੰਦੇ ਦਾ ਬਾਹਰ ਨਿਕਲਣਾ ਦੁੱਭਰ ਹੈ। ਖੈਰ ਸਾਡੀ ਏਸ ਗੱਲ ਦਾ ਵੀ ਉਸ ਸੰਪਾਦਕੀ ਨਾਲ ਕੋਈ ਸੰਬੰਧ ਨਹੀਂ ਬਣਦਾ।

ਹੁਣ ਚੀਮਾ ਸਾਹਿਬ ਦੀ ਪਹੁੰਚ ਵੀ ਲਗਪਗ ਅਜਿਹੀ ਹੀ ਹੋ ਨਿਬੜੀ ਹੈ। ਫਰਕ ਏਨਾ ਕੁ ਜ਼ਰੂਰ ਹੈ ਕਿ ਉਹਨਾਂ ਨੇ ਲਿੰਗਕ ਮਸਲੇ ਨੂੰ ਸੰਬੰਧਤ ਸੰਪਾਦਕੀ ਨਾਲੋਂ ਵੱਖ ਕਰਕੇ ਭੂਪਵਾਦੀ ਕਦਰਾਂ-ਕੀਮਤਾ ਦੇ ਵਿਰੋਧ ਵਿਚ ਰੱਖਣ ਦਾ ਯਤਨ ਕੀਤਾ ਹੈ। ਪਰ ਲਗਦਾ ਹੈ ਕਿ ਉਹ ਆਪ ਵੀ ਇਸ ਮਸਲੇ ਬਾਰੇ ਸਪਸ਼ਟ ਨਹੀਂ ਹਨ। ਉਹਨਾਂ ਦਾ ਮੱਤ ਹੈ, ਕਿਉਂਕਿ ਸਾਹਿਤ ਦਾ ਸਮੁੱਚੇ ਜੀਵਨ ਨਾਲ ਸਰੋਕਾਰ ਹੈ ਇਸ ਲਈ ਲਿੰਗਕ ਮਸਲੇ ਨੂੰ ਵੀ ਸਾਹਿਤ ਵਿਚ ਪੂਰੀ ਥਾਂ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਹ ਜ਼ੋਰ ਪਾਉਂਦੇ ਹਨ ਕਿ ਪ੍ਰਚੱਲਤ ਸਮਾਜਕ ਨੈਤਿਕ ਕਦਰਾਂ-ਕੀਮਤਾ ਨੂੰ ਪੜਚੋਲਵੀਂ ਅੱਖ ਨਾਲ ਦੇਖਿਆ ਜਾਣਾ ਚਾਹੀਦਾ ਹੈ। ਸਤਹੀ ਤੌਰ 'ਤੇ ਉਹਨਾਂ ਦੀ ਇਸ ਰਾਇ ਵਿਚ ਅਪੀਲ ਬਣਦੀ ਹੈ ਪਰ, ਉਹਨਾਂ ਨੇ ਆਪਣੀ ਇਸ ਰਾਇ ਨੂੰ ਆਪਣੇ ਲੇਖ ਵਿਚ ਜਿਵੇਂ ਨਿਭਾਇਆ ਹੈ ਉਹ ਬਹੁਤਾ ਠੀਕ ਨਹੀਂ। ਤਰਤੀਬ ਵਾਰ ਅਸੀਂ ਉਹਨਾਂ ਦੇ ਉਠਾਏ ਨੁਕਤਿਆਂ 'ਤੇ ਵਿਚਾਰ ਕਰਾਂਗੇ।

ਉਹ ਕਹਿੰਦੇ ਹਨ, "ਸਮਾਜ ਦੇ ਪ੍ਰਵਾਨਤ ਰੂਪ ਜਾਂ ਚਲੰਤ ਵਿਵਸਥਾ ਨੂੰ ਵਾਸਤਵਿਕ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਮੰਨਣਾ ਪੈਂਦਾ ਹੈ ਕਿ ਇਹ ਕੋਹੜਾਂ, ਕੁਕਰਮਾਂ, ਜੁਰਮਾਂ ਅਤੇ ਹਰ ਤਰ੍ਹਾਂ ਦੀ ਅਹਿੰਸਾ ਨੂੰ ਸਹਾਰਦਾ ਹੀ ਨਹੀਂ ਸਗੋਂ ਕਈ ਵਾਰ ਉਤਸ਼ਾਹਿਤ ਵੀ ਕਰਦਾ ਹੈ..." ਇਥੇ ਚੀਮਾ ਸਾਹਿਬ ਟਪਲਾ ਖਾਂਦੇ ਹਨ ਜਾਂ ਅਸੀਂ ਉਹਨਾਂ ਦੀ ਗੱਲ ਸਮਝ ਨਹੀਂ ਸਕੇ। ਪਰ ਸਾਡੀ ਰਾਇ ਹੈ ਕਿ ਸਮੁੱਚਾ ਸਮਾਜ ਹਮੇਸ਼ਾ ਇਹਨਾਂ ਦੋਸ਼ਾਂ ਦਾ ਭਾਗੀ ਨਹੀਂ, ਇਸਦਾ ਬਹੁਤ ਸਾਰਾ ਹਿੱਸਾ ਇਹਨਾ ਦੋਸ਼ਾਂ ਦਾ ਵਿਰੋਧ ਵੀ ਕਰਦਾ ਹੈ। ਖੁਦ ਚੀਮਾ ਸਾਹਿਬ ਆਪ ਉਸ ਹਿੱਸੇ ਦੇ ਅੰਗ ਹਨ। ਤਾਂ ਹੀ ਤਾਂ ਇਹਨਾਂ ਦੋਸ਼ਾਂ ਦੇ ਵਿਰੋਧ ਵਿਚ ਸਮੇਂ ਸਮੇਂ ਸਮਾਜ ਵਿਚੋਂ ਤਹਿਰੀਕਾਂ ਉਠਦੀਆਂ ਰਹੀਆਂ ਹਨ। ਹਾਂ, ਰਾਜਕੀ ਵਿਵਸਥਾ



ਇਹਨਾਂ ਦੋਸ਼ਾਂ ਦੀ ਜ਼ੁੰਮੇਵਾਰ ਜ਼ਰੂਰ ਹੁੰਦੀ ਹੈ। ਇਹ ਮਸਲਾ ਟੱਕਰ ਦਾ ਹੈ। ਸਮਾਜ ਦਾ ਵੇਗ ਇਕ ਪਾਸੇ ਅਤੇ ਭੂਪਵਾਦੀ ਕਦਰਾਂ-ਕੀਮਤਾਂ ਤੇ ਰਾਜਕੀ ਵਿਵਸਥਾ ਦੂਜੇ ਪਾਸੇ। ਇਹ ਵਿਸ਼ਾ ਵੱਖਰੀ ਬਹਿਸ ਦੀ ਮੰਗ ਕਰਦਾ ਹੈ।

ਸਾਹਿਤਕਾਰ ਬਾਰੇ ਉਹ ਕਹਿੰਦੇ ਹਨ, "ਸਾਹਿਤਕਾਰ ਦੀ ਨਿਰੰਤਰ ਘਾਲ ਤੇ ਸੰਘਰਸ਼ ਕਾਰਣ ਸਮਾਜ ਦੀਆਂ ਕੁਰੀਤੀਆਂ ਉੱਤੋਂ ਪਰਦੇ ਲਹਿੰਦੇ ਹਨ।" ਹੁਣ ਪਤਾ ਨਹੀਂ ਚੀਮਾ ਸਾਹਿਬ ਕਿਹੜੀ ਦੁਨੀਆਂ ਵਿਚ ਰਹਿ ਰਹੇ ਹਨ, ਜਾਂ ਕੀ ਉਹ ਜਸਵੰਤ ਸਿੰਘ ਕੰਵਲ ਨੂੰ ਸਾਹਿਤਕਾਰ ਨਹੀਂ ਮੰਨਦੇ ਜਾਂ ਉਹਨਾਂ ਨੂੰ ਪਤਾ ਨਹੀਂ ਕਿ ਅੱਜ ਦੇ ਬਹੁਤੇ ਸਾਹਿਤਕਾਰ 'ਲੋਈਆਂ ਕੱਠੀਆਂ ਕਰਨ' 'ਤੇ ਲੱਗੇ ਹੋਏ ਹਨ। ਕੁਝ ਅਜਿਹੀ ਹੀ ਹਾਲਤ ਪੰਜਾਬੀ ਪਰਚਿਆਂ ਦੀ ਵੀ ਹੈ। ਪੰਜਾਬੀ ਦੇ ਵਿਦਵਾਨ ਚਿੰਤਕ ਪ੍ਰੋ: ਕਿਸ਼ਨ ਸਿੰਘ ਦੀ ਮੌਤ ਹੋ ਗਈ। 'ਨਾਗਮਣੀ', 'ਪ੍ਰੀਤ ਲੜੀ', 'ਆਰਸੀ' ਅਤੇ 'ਸਿਰਜਣਾ' ਜਿਹੇ ਸਥਾਪਤ ਪਰਚਿਆ ਨੇ ਉਹਦੀ ਮੌਤ ਦੀ ਖਬਰ ਲਾਉਣੀ ਮੁਨਾਸਿਬ ਨਹੀਂ ਸਮਝੀ। ਇਹ ਸਭ ਆਪੋ ਆਪਣੀਆਂ ਗੁੱਟ-ਬੰਦੀਆ ਤੇ ਲਾਬੀਆਂ ਦੀਆਂ ਖੁੱਡਾਂ ਵਿਚ ਵੜ ਕੇ ਬੈਠੇ ਹੋਏ ਹਨ। ਧੜਾ ਧੜ ਪੰਜਾਬੀ ਦੀਆਂ ਨੀਵੀਂ ਪੱਧਰ ਦੀਆਂ ਪੁਸਤਕਾਂ ਪੈਸੇ ਦੇ ਜ਼ੋਰ ਨਾਲ ਛਪ ਰਹੀਆਂ ਹਨ ਅਤੇ ਮਹਾਨ ਸਾਹਿਤਕਾਰ ਪੈਸੇ ਲੈ ਕੇ ਉਹਨਾ ਦੇ ਮੁਖ ਬੰਦ ਇੰਜ ਲਿਖ ਰਹੇ ਹਨ ਜਿਵੇਂ ਸਿਹਰੇ ਲਿਖੇ ਜਾਂਦੇ ਹਨ। ਸਾਹਿਤ ਅਤੇ ਸਾਹਿਤਕਾਰ ਜੇ ਪ੍ਰਤੀਬੱਧਤਾ ਦੇ ਮਸਲੇ 'ਚੋਂ ਪੈਦਾ ਨਹੀਂ ਹੁੰਦੇ ਤਾਂ ਸਾਡੀ ਰਾਇ ਅਨੁਸਾਰ ਉਹ ਸਾਹਿਤਕ ਖੇਤਰ ਵਿਚ ਨਹੀਂ ਆਉਂਦੇ। ਇਹੋ ਮਸਲਾ ਸਮਾਜਕ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਵੀ ਨਿਰਧਾਰਿਤ ਕਰਦਾ ਹੈ। ਇਸ ਮਸਲੇ 'ਤੇ 'ਸਿਰਜਣਾ' ਨੇ ਬਹੁਤ ਯੋਗਦਾਨ ਪਾਇਆ ਹੈ, ਜਿਸ ਤੋਂ ਆਪਾਂ ਜਾਣੂ ਹਾਂ।

ਇਕ ਹੋਰ ਭੁਲੇਖਾ ਚੀਮਾ ਸਾਹਿਬ ਨੇ ਸੱਤਾਧਾਰੀ ਵਰਗ ਬਾਰੇ ਪਾਇਆ ਹੈ। "ਸੱਤਾਧਾਰੀ ਵਰਗ ਅਚੇਤ ਤੌਰ 'ਤੇ ਨਿਯਮ ਤੇ ਕਾਨੂੰਨ ਆਪਣੇ ਹਿੱਤ ਵਿਚ ਹੀ ਬਣਾਉਂਦੇ ਹਨ ਤੇ ਲਾਗੂ ਕਰਦੇ ਹਨ ਤਾਂ ਜੋ ਉਹਨਾਂ ਦੀ ਹਿੱਤ-ਪੂਰਤੀ ਹੁੰਦੀ ਰਹੇ।" ਇਥੇ ਜੇ ਛਪਾਈ ਦੀ ਗਲਤੀ ਨਹੀਂ ਤਾਂ ਸ਼ਬਦ ਅਚੇਤ ਦੀ ਥਾਂ ਸਚੇਤ ਹੋਣਾ ਚਾਹੀਦਾ ਸੀ। ਬਾਕੀ ਇਸ ਕਥਨ ਵਿਚ ਕੋਈ ਗਲਤੀ ਨਹੀਂ ਤੇ ਨਾ ਹੀ ਸਾਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ, ਕਿਉਂਕਿ ਜਿਹੜਾ ਵੀ ਵਰਗ ਸੱਤਾ ਵਿਚ ਹੋਵੇਗਾ ਉਹ ਇੰਜ ਹੀ ਕਰੇਗਾ। ਫਰਜ਼ ਕਰੀਏ ਕਿ ਕੱਲ ਨੂੰ ਹਿੰਦੁਸਤਾਨ ਵਿਚ ਸੋਸ਼ਲਿਜ਼ਮ ਆ ਜਾਦਾ ਹੈ ਤਾਂ ਕੀ ਉਥੇ ਬਿਰਲੇ ਤੇ ਟਾਟਿਆਂ ਦੀ ਹਿੱਤ-ਪੂਰਤੀ ਹੁੰਦੀ ਰਹੇਗੀ? ਕਦੇ ਵੀ ਨਹੀਂ। ਸੋ ਇਸ ਗੱਲ ਵਿਚ ਕੋਈ ਕਿੰਤੂ ਨਹੀਂ ਹੈ।

ਚੀਮਾ ਸਾਹਿਬ ਆਪਣੇ ਨਿਬੰਧ ਵਿਚ ਅਨੇਕਾਂ ਮਸਲਿਆਂ ਨੂੰ ਛੂੰਹਦੇ ਹਨ ਜਿਵੇਂ ਨਸ਼ੀਲੇ ਪਦਾਰਥਾਂ ਦੇ ਸੇਵਨ ਦਾ ਮਸਲਾ ਤੇ ਲਿੰਗ ਮਸਲਾ ਆਦਿ। ਪਰ ਉਹ ਇਹਨਾ ਮਸਲਿਆਂ ਬਾਰੇ ਖੁਦ ਸਪਸ਼ਟ ਨਹੀਂ ਤੇ ਪਾਠਕ ਵੀ ਭੰਬਲ ਭੂਸੇ ਵਿਚ ਪੈ ਜਾਂਦਾ ਹੈ। ਲਿੰਗ ਮਸਲੇ ਦੇ ਸੰਬੰਧ ਵਿਚ ਅਸੀਂ ਉਪਰ ਕੁਝ ਕਹਿ ਆਏ ਹਾਂ। ਡਰੱਗਜ਼ ਦੇ ਸੰਬੰਧ ਵਿਚ ਵੀ ਅਜਿਹੀ ਹੀ ਵਿਵਸਥਾ ਹੈ। ਵੇਸਵਾ ਤੇ ਡਰੱਗਜ਼ ਇਕ ਇੰਡਸਟਰੀ ਦੇ ਤੌਰ 'ਤੇ ਹੋਂਦ ਵਿਚ ਹਨ। ਅਰਬਾਂ ਖਰਬਾਂ ਡਾਲਰਾਂ ਦਾ ਏਸ ਇੰਡਸਟਰੀ ਤੋਂ ਮੁਨਾਫਾ ਹੁੰਦਾ ਹੈ। ਇਹ ਮਸਲਾ ਸਿਆਸਤ ਨਾਲ ਸੰਬੰਧਤ ਹੈ। ਜੇ ਸਾਹਿਤਕਾਰ ਇਹਨੂੰ ਛੂਹੰਦਾ ਹੈ ਤਾਂ ਉਹਨੂੰ ਸਿਆਸੀ ਤੌਰ 'ਤੇ ਪੂਰਨ ਚੇਤੰਨ ਹੋਣਾ ਪਵੇਗਾ, ਨਹੀਂ ਤੇ "ਨੀਮ ਹਕੀਮ ਖਤਰਾ-ਇ-ਜਾਨ" ਵਾਲੀ ਗੱਲ ਹੋਵੇਗੀ।

ਅੱਗੇ ਜਾ ਕੇ ਸਮਾਜ 'ਤੇ ਦੋਸ਼ ਲਾਉਂਦਿਆਂ ਚੀਮਾ ਸਾਹਿਬ ਕਹਿੰਦੇ ਹਨ "ਸਾਡਾ ਸਮਾਜ ਰਿਸ਼ਵਤ ਖੋਰੀ, ਜੁਰਮ, ਝੂਠ, ਦੁਮੂੰਹੇ ਮਿਆਰ... ਆਦਿ ਸਭ ਕੁਝ ਬਰਦਾਸ਼ਤ ਕਰ ਲੈਂਦਾ ਹੈ... ਪਰ ਲਿੰਗ ਦੇ ਮੁਆਮਲੇ ਵਿਚ ਇਸਦੀ ਨੈਤਿਕਤਾ ਦੇ ਬੁਰਜ ਢਹਿਣ ਦਾ ਖ਼ਦਸ਼ਾ ਪੈ ਜਾਂਦਾ ਹੈ।" ਭੂਪਵਾਦੀ ਨਜ਼ਰੀਏ ਤੋਂ ਦੇਖਿਆਂ ਇਹ ਗੱਲ ਠੀਕ ਹੈ ਪਰ ਲਿੰਗ ਦਾ ਅਜਿਹਾ ਕਿਹੜਾ ਮਸਲਾ ਹੈ ਜਿਸ ਨੂੰ ਉਠਾਉਣ ਤੋਂ ਬਿਨਾਂ ਸਮਾਜਕ ਉਨਤੀ ਨਹੀਂ ਹੋ ਸਕਦੀ। ਯਾਦ ਰਹੇ ਕਿ ਵਧੇਰੀ ਲਿੰਗ ਚਰਚਾ ਉਲਾਰ ਬਿਰਤੀ ਦੀ

ਸੂਚਕ ਹੈ। ਜਿਸ ਦਾ ਨਤੀਜਾ ਜਬਰ-ਜਨਾਹ ਅਤੇ ਬੱਚਿਆਂ 'ਤੇ ਲਿੰਗਕ ਹਮਲੇ ਵਿਚ ਨਿਕਲ ਸਕਦਾ ਹੈ, ਕੰਮਾਂ-ਕਾਰਾਂ 'ਤੇ ਔਰਤਾਂ ਵਾਸਤੇ ਦੁਸ਼ਵਾਰੀ ਪੈਦਾ ਹੋ ਸਕਦੀ ਹੈ। ਵੇਸਵਾ-ਗਮਨੀ 'ਚ ਹੋਰ ਵੀ ਸਿਖਰਾਂ ਦਾ ਵਾਧਾ ਹੋ ਸਕਦਾ ਹੈ। ਇਹਦੇ ਬਾਰੇ ਸੋਚਣ ਵਾਲੀ ਗੱਲ ਹੈ ਕਿ ਅਸੀਂ ਕਿਸ ਪਾਸੇ ਨੂੰ ਜਾ ਰਹੇ ਹਾਂ?

ਸੰਪਾਦਕੀ ਦੇ ਹਵਾਲੇ ਨਾਲ ਉਹ ਕਹਿੰਦੇ ਹਨ ਕਿ ਸੰਪਾਦਕੀ ਦਾ ਪੱਛਮੀ ਦੇਸ਼ਾ ਵਿਚ ਲਿੰਗਕ ਮਸਲੇ ਤੇ ਸੰਕੇਤ ਤੱਥਾਂ ਉੱਤੇ ਆਧਾਰਿਤ ਨਹੀਂ। ਹੁਣ ਪਤਾ ਨਹੀ ਚੀਮਾ ਸਾਹਿਬ ਕਿਹੜੇ ਤੱਥ ਭਾਲਦੇ ਹਨ? ਸੰਪਾਦਕੀ 'ਚ ਲਿਖਿਆ ਹੈ :

"ਪੱਛਮ ਦੇ ਵਿਕਸਿਤ ਪੂੰਜੀਵਾਦੀ ਸਮਾਜ ਵਿਚ ਵੀ ਵਿਅਕਤੀ ਦੀ ਆਜ਼ਾਦੀ ਦੇ ਸੰਕਲਪ ਤੋਂ ਇਹ ਅਰਥ ਨਹੀਂ ਲਿਆ ਜਾਂਦਾ ਕਿ ਉਹ ਆਪਣੇ ਵਿਵਿਹਾਰ ਵਿਚ ਅਣਸਮਾਜਕ ਹੋ ਨਿਬੜੇ। ਨਾ ਹੀ ਕੇਵਲ ਮਾਤਰ ਲਿੰਗਕ ਵਿਹਾਰ ਦੀ ਨੰਗੀ-ਚਿੱਟੀ ਗੱਲ ਉਚੇਰੇ ਸਾਹਿਤ ਦੇ ਮੰਡਲਾਂ ਵਿਚ ਸ਼ਾਮਲ ਕੀਤੀ ਜਾਂਦੀ ਹੈ।"

ਅਸੀਂ ਇਸ ਕਥਨ ਨਾਲ ਸੌ ਪ੍ਰਤੀਸ਼ਤ ਸਹਿਮਤ ਹਾਂ ਕਿਉਂਕਿ ਮਾਨਵੀ ਕਦਰਾਂ-ਕੀਮਤਾ ਇਸ ਜਾਂ ਉਸ ਦੇਸ਼ ਵਿਚ ਤਾਂ ਕੀ ਬਦਲਣਗੀਆ ਸਗੋਂ ਜੇ ਮਨੁੱਖ ਚੰਨ 'ਤੇ ਵੀ ਜਾ ਵਸੇ ਤਾ ਸਭਿਅਕ ਸਮਾਜ ਵਿਚ ਇਹ ਕੀਮਤਾਂ ਉਥੇ ਵੀ ਇੰਜ ਹੀ ਰਹਿਣਗੀਆਂ। ਚੀਮਾ ਸਾਹਿਬ ਜਾਂ ਸ਼ਸ਼ੀ ਸਮੁੰਦਰਾ ਹੋਰੀਂ ਜਿਹੜੀ ਗੱਲ ਪੱਛਮੀ ਦੇਸ਼ਾਂ ਦੀ ਲਿੰਗਕ ਖੁਲ੍ਹ ਖੇਡ ਦੀ ਕਰਦੇ ਹਨ ਉਹ ਘਟੀਆ ਤੇ ਮਾਨਸਿਕ ਉਲਾਰ ਵਾਲੇ ਲੋਕਾਂ ਦੀ ਗੱਲ ਹੈ। ਤੇ ਇਹਨਾਂ ਦੀ ਹੋਂਦ ਹਿੰਦੁਸਤਾਨ ਵਿਚ ਵੀ ਹੈ। ਮਾਤਰਾ ਵਿਚ ਘਾਟਾ ਵਾਧਾ ਹੋ ਸ਼ਕਦਾ ਹੈ।

ਅੰਤ ਵਿਚ ਅਸੀਂ ਬੇਨਤੀ ਕਰਦੇ ਹਾਂ ਕਿ ਵਿਦਵਾਨ ਲੋਕ ਇਹਨਾ ਛੋਹੇ ਗਏ ਮਸਲਿਆਂ ਬਾਰੇ ਗੰਭੀਰਤਾ ਪੂਰਵਕ ਅਤੇ ਜ਼ੁੰਮੇਵਾਰੀ ਦਾ ਅਹਿਸਾਸ ਰਖਦੇ ਹੋਏ ਆਪਣੀ ਰਾਇ ਦੇਣ।

[ਸਾਹਿਤ ਵਿਚਾਰ ਮੰਚ, ਵਿਨੀਪੈਗ, ਕੈਨੇਡਾ]

## ਗ਼ਜ਼ਲ / ਫੁਲੇਲ ਸਿੰਘ ਫੁੱਲ

ਹਾਦਸੇ ਤੇਰੇ 'ਤੇ ਕੀ ਕੁਝ ਕਰ ਗਏ। ਤੇਰੀ ਸੂਰਤ ਹੀ ਬਸੂਰਤ ਕਰ ਗਏ।
ਵਿਚ ਸੁਆਗਤ ਦੇ ਝੁਕੀ ਮੇਰੀ ਨਜ਼ਰ, ਉਹ ਸਗੋਂ ਇਲਜ਼ਾਮ ਸਿਰ 'ਤੇ ਧਰ ਗਏ।
ਐ ਸ਼ਮ੍ਹਾਂ ਪਰਵਾਨਿਆਂ ਦਾ ਕੀ ਬਣੂੰ, ਜੋ ਚੁਲੂ ਪਾਣੀ 'ਚ ਡੁਬਕੇ ਮਰ ਗਏ।
ਚੇਤਿਆਂ 'ਚੋਂ ਯਾਦ ਚੋਰੀ ਹੋ ਗਈ, ਦਿਲ 'ਚ ਅਰਮਾਂ ਤੜਪਦੇ ਹੀ ਮਰ ਗਏ।
ਨੀਂਦ ਨੈਣਾਂ 'ਚੋਂ ਕਿਤੇ ਉਧਲ ਗਈ, ਖ਼ਾਬ ਵੀ ਬਦਨਾਮੀਆਂ ਤੋਂ ਡਰ ਗਏ।
ਦਿਲਾਂ ਨੂੰ ਲੋਕੀਂ ਕਰਨ ਮਨਫੀ ਜਮ੍ਹਾਂ, ਹਿੰਦਸੇ ਸੱਭ ਕੰਮਪੂਟਰਾਂ ਤੋਂ ਡਰ ਗਏ।
ਸਾਕ ਧੀ ਪੁੱਤ ਦਾ ਸ਼ਰੀਕਾ ਬਣ ਗਿਆ, ਪਿਆਰ 'ਤੇ ਮੋਹ ਲੂਣ ਵਾਂਗੂੰ ਖਰ ਗਏ।
ਜਦ ਮਿਲੇ ਤੁਹਮਤਾਂ ਵਾਂਗੂੰ ਮਿਲੇ, ਹੱਸ ਪਏ ਹਾਲਾਤ ਕੁਝ ਕੁ ਸਵਰ ਗਏ
ਅੱਜ ਤੱਕ ਵੀ ਯਾਦ ਹਨ ਉਹ ਦਿਨ ਫੁਲੇਲ, ਜੋ ਤਬੀਅਤ ਸ਼ਾਇਰਾਨਾ ਕਰ ਗਏ।

[ਪਿੰਡ ਤੇ ਡਾ: ਥਾਂਦੇਵਾਲਾ, ਤਸੀਲ ਮੁਕਤਸਰ, ਜ਼ਿਲਾ ਫ਼ਰੀਦਕੋਟ]



# 'ਲਿਖਣ ਵੇਲਾ' ਦੇ ਅੰਗ-ਸੰਗ

**ਜਸਵਿੰਦਰ ਸਿੰਘ**

ਸਾਹਿਤ-ਸਿਰਜਣਾ ਦਾ ਸੰਸਾਰ ਬਹੁਤ ਵੰਨ-ਸੁਵੰਨਾ, ਮੂਲੋਂ ਨਿਆਰਾ, ਗੁੱਝਾ ਅਤੇ ਬਹੁਤ ਗੁੰਝਲਦਾਰ ਹੁੰਦਾ ਹੈ। ਕਿਸੇ ਸਾਹਿਤਕ ਰਚਨਾ ਦੀ ਸਿਰਜਣਾ ਸਮੇਂ ਦੇ ਕਰਤਾਰੀ ਪਲ ਕਲਾਕਾਰ ਦੇ ਸਮੁੱਚੇ ਵਜੂਦ ਲਈ ਅਜਿਹੀ ਸੰਪੂਰਨ ਇਕਸੁਰਤਾ ਅਤੇ ਇਕਾਗਰਤਾ ਦੇ ਆਲਮ ਨਾਲ ਸਰਸ਼ਾਰ ਹੁੰਦੇ ਹਨ, ਜਿਨ੍ਹਾਂ ਨੂੰ ਬਹੁਤੀ ਵਾਰੀ ਕਲਾਕਾਰ ਸਿਰਜਦੇ ਜਾਂ ਮਾਣਦੇ ਤਾਂ ਜ਼ਰੂਰ ਹਨ, ਪਰ ਜਿਨ੍ਹਾਂ ਨੂੰ ਸ਼ਬਦਾ ਵਿਚ ਉਤਾਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਕਾਰਜ ਜ਼ਰੂਰ ਹੈ। ਪੰਜਾਬੀ ਸਾਹਿਤ ਵਿਚ ਅਜਿਹੀ ਸਿਰਜਣਾਤਮਕ ਪ੍ਰਕਿਰਿਆ ਬਾਰੇ ਬੇਹੱਦ ਜ਼ਰੂਰੀ ਅਤੇ ਮੁੱਲਵਾਨ ਸਮੱਗਰੀ ਦੀ ਘਾਟ ਹਮੇਸ਼ਾ ਰੜਕਦੀ ਰਹੀ ਹੈ। ਵਡੇਰੇ ਅਤੇ ਸੁਚੱਜੇ ਕਲਾਕਾਰ ਨੇ ਤਾਂ ਲਿਖਦੇ ਚਲੇ ਜਾਣਾ ਹੈ, ਪਰ ਉਸਦੀ ਲਿਖਤ ਜਿਸ ਪਾਠਕ ਵਰਗ, ਆਲੋਚਕ ਵਰਗ ਜਾਂ ਪਿਛਲੀ ਪੀੜ੍ਹੀ ਦੇ ਕਲਾਕਾਰ ਵਰਗ ਲਈ ਇਕ ਸੁਝਾਊ ਪਰ ਨਾਲੋਂ ਨਾਲ ਵੰਗਾਰਵੀਂ ਰਚਨਾ ਬਣ ਜਾਂਦੀ ਹੈ। ਉਸਦੇ ਅੰਦਰਲੇ ਦਰਵਾਜ਼ੇ ਖੋਲ੍ਹਣ ਲਈ ਜਿਥੇ ਇਕ ਪਾਸੇ ਸਾਹਿਤ-ਆਲੋਚਨਾ ਦੇ ਸਿਧਾਂਤ ਲਾਜ਼ਮੀ ਹੁੰਦੇ ਹਨ ਉਥੇ ਇਕ ਪ੍ਰਮਾਣਿਕ ਸਰੋਤ ਕਲਾਕਾਰ ਦੀ ਆਪਣੀ ਸਿਰਜਣ ਪ੍ਰਕਿਰਿਆ ਦੀ ਹੋਂਦ-ਵਿਧੀ, ਪ੍ਰਸੰਗ ਅਤੇ ਆਦਰਸ਼, ਪ੍ਰੇਰਨਾਵਾਂ ਅਤੇ ਸਰੋਕਾਰਾਂ ਬਾਰੇ ਬੁਨਿਆਦੀ ਅਤੇ ਫੈਸਲਾਕੁਨ ਤਰਕ ਵਿਤਰਕ ਮੂਲ ਸੋਮੇਂ ਦਾ ਕੰਮ ਕਰਦੇ ਹਨ। ਇਸਦਾ ਭਾਵ ਇਹ ਕਦਾਚਿਤ ਨਹੀਂ ਕਿ ਪਾਠਕ ਆਲੋਚਕ ਜਾਂ ਅਗਲੀ ਪੀੜ੍ਹੀ ਦੇ ਕਲਾਕਾਰ ਲੇਖਕ ਦੀਆਂ ਸਵੈ ਘੋਸ਼ਿਤ ਧਾਰਨਾਵਾਂ ਨੂੰ ਉਵੇਂ ਕਿਵੇਂ ਪ੍ਰਵਾਨ ਕਰ ਲੈਣ, ਸਗੋਂ ਇਸ ਦੀ ਮਹੱਤਾ ਉਸ ਤੀਹਰੇ ਪ੍ਰਕਰਣ ਸਿਰਜਣ ਵਿਚ ਨਿਹਿਤ ਹੈ, ਜਿਥੇ ਇਕ ਪਾਸੇ ਕਲਾ ਕਿਰਤ ਦੀ ਹੋਂਦ ਹੈ, ਦੂਜੇ ਪਾਸੇ ਸਾਹਿਤ-ਆਲੋਚਨਾ ਦੇ ਸਿਧਾਤ ਜਾਂ ਪਾਠਕ ਆਲੋਚਕ ਦੇ ਰਵਈਏ ਦਾ ਵਜੂਦ ਹੈ; ਤਾਂ ਤੀਸਰਾ ਪ੍ਰਕਰਣ ਅਜਿਹੀ ਬੁਨਿਆਦੀ ਸਮੱਗਰੀ ਮੁਹਈਆ ਕਰਦੀ ਹੈ, ਜਿਸ ਨੂੰ ਅਸੀਂ ਸਿਰਜਣ-ਪ੍ਰਕਿਰਿਆ ਜਾਂ ਇਸ ਲਿਖਤ ਦੇ ਸਿਰਲੇਖ (ਲਿਖਣ ਵੇਲਾ-ਦਸ ਨਾਮਵਰ ਕਹਾਣੀਕਾਰਾਂ ਨਾਲ ਲੰਮੀਆ ਮੁਲਾਕਾਤਾਂ-ਜਸਵੀਰ ਭੁੱਲਰ, ਪ੍ਰਕਾਸ਼ਕ, ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, ਪੰਨੇ 275 , ਮੁੱਲ 240 ਰੁਪਏ) ਵਾਂਗ 'ਲਿਖਣ ਵੇਲਾ' ਕਹਿੰਦੇ ਹਾਂ। ਇਹ ਸਮੱਗਰੀ ਅਨੇਕ ਅਜਿਹੇ ਕਿਆਸੇ ਅਣਕਿਆਸੇ ਪਰ ਨਿਹਾਇਤ ਜ਼ਰੂਰੀ ਪ੍ਰਸ਼ਨਾਂ, ਸ਼ੰਕਾਵਾਂ, ਗੁੰਝਲਾਂ ਜਾਂ ਰਹੱਸਾਂ ਦਾ ਕਲਾਤਮਕ ਤਰਕ ਵਿਚ ਜੁਆਬ ਦਿੰਦੀ ਹੈ, ਜੋ ਵਧੇਰੇ ਕਰਕੇ ਦੂਸਰੀ ਅੱਖ ਦੀ ਮਾਰ ਤੋਂ ਅਛੋਪਲੇ ਰਹਿ ਗਿਆ ਹੁੰਦਾ ਹੈ।

'ਲਿਖਣ ਵੇਲਾ' ਪੁਸਤਕ ਦੀ ਸੰਪਾਦਨਾ ਅੱਜ ਦੇ ਪੰਜਾਬੀ ਸਾਹਿਤ ਵਿਚ ਇਸ ਨਵੀਂ ਸਾਹਿਤਕ ਧਾਰਾ ਦੇ ਵਹਿਣ ਦਾ ਅਜਿਹਾ ਮਾਣਯੋਗ ਪ੍ਰਮਾਣ ਹੈ, ਜਿਸਨੇ ਸਾਡੀ ਕਲਾਤਮਕ ਅਮੀਰੀ ਲਈ ਆਧਾਰੀ ਸਰੋਤ ਵਜੋਂ ਹਿੱਸਾ ਪਾਉਣਾ ਹੈ। ਮੇਰੀ ਜਾਚੇ ਇਹ ਰਚਨਾ ਨਵੀਂ ਕਿਸਮ ਦਾ ਸਰੋਤ ਗਰੰਥ ਹੈ, ਜਿਸਦੇ ਪੜ੍ਹਨ ਉਪਰੰਤ ਹਰ ਨਵੇਂ ਪਾਠਕ ਨੂੰ ਸੰਬੰਧਤ ਕਲਾਕਾਰ ਤਕ ਪਹੁੰਚਣ ਲਈ ਨਿਵੇਕਲੇ ਰਾਹ ਦਾ ਇਸ਼ਾਰਾ ਮਿਲਦਾ ਹੈ। ਇਸ ਪੁਸਤਕ 'ਚੋਂ ਨਵੇਂ ਪੋਚ ਦੇ ਕਲਾਕਾਰਾਂ ਨੂੰ ਕਹਾਣੀ ਸਿਰਜਣ ਦੇ ਜੋਖ਼ਮ ਭਰਪੂਰ, ਨਿਹਾਇਤ ਸੂਖਮ ਅਤੇ ਮੁਲੋਂ ਅੱਡਰੇ ਧਰਾਤਲਾਂ ਨੂੰ ਪਛਾਣਨ, ਪਕੜਨ ਦੀ ਸਹਿਜ ਸੂਝ ਪ੍ਰਾਪਤ ਹੋਵੇਗੀ! ਸਾਹਿਤ-ਆਲੋਚਨਾ ਲਈ ਇਹ ਮੂਲ ਸਮੱਗਰੀ ਉਹ ਲਾਜ਼ਮੀ ਤਰਕ ਅਤੇ ਸੰਭਾਵਤ ਸੈਨਤਾਂ ਕਰੇਗੀ, ਜਿਨ੍ਹਾਂ ਨੂੰ ਵਿਸ਼ੇਸ਼ ਸਿਧਾਂਤਕ ਸਮਝ ਅਤੇ ਵਿਹਾਰਕ ਸੂਝ ਰਾਹੀਂ ਅੱਗੋਂ ਹੋਰ ਜ਼ੁੰਮੇਵਾਰ ਅਤੇ ਉਚੇਰੀ ਵਿਆਖਿਆ ਲਈ ਵਰਤਿਆ ਜਾ ਸਕੇਗਾ। ਪ੍ਰਸ਼ਨ ਇਹ ਨਹੀਂ ਕਿ ਇਸ ਪੁਸਤਕ ਵਿਚ ਦਰਜ ਹਰ ਕਹਾਣੀਕਾਰ ਦੇ ਹਰ ਕਥਨ ਨੂੰ ਠੀਕ ਸਵੀਕਾਰ ਕਰ ਲਿਆ ਜਾਵੇ, ਸਗੋਂ ਮੂਲ ਫੈਸਲਾਕੁਨ ਗੱਲ ਇਹ ਹੈ ਕਿ ਉਸ ਕਲਾਕਾਰ ਨੂੰ ਸਮਝਣ ਲੱਗਿਆਂ ਉਸਦੀ ਰਚਨਾ ਦੇ ਨਾਲ ਉਸਦੀ ਸਿਰਜਣ-ਪ੍ਰਕਿ-

ਰਿਆ ਦੇ ਮੂਲ ਚਰਿਤਰ ਨੂੰ ਵੀ ਜਾਂਚ ਪਰਖ ਲਿਆ ਜਾਵੇ ਤਾਂ ਨਿਸ਼ਚੈ ਹੀ ਸਾਡੇ ਤਰਕ, ਧਾਰਨਾਵਾਂ ਅਤੇ ਮੁੱਲਾਂਕਣ ਵਧੇਰੇ ਸੰਤੁਲਿਤ ਹੋਣਗੇ। ਮੈਂ ਭਾਵੇਂ ਕਰਤਾਰ ਸਿੰਘ ਦੁੱਗਲ ਦੇ ਉਨ੍ਹਾਂ ਕਥਨਾ, ਜੋ ਉਸਨੇ ਆਪਣੀਆਂ ਕਹਾਣੀਆਂ ਵਿਚ ਜਿਨਸੀ ਅਤ੍ਰਿਪਤੀ ਤੋਂ ਉਤਪੰਨ ਵਿਕਾਰਾਂ, ਪਿਆਰ ਦੇ ਸੁਧਰੇ ਸਰੂਪ ਜਾਂ ਪੰਜਾਬੀ ਮਨ ਦੀਆਂ ਪਰਤਾਂ ਬਾਰੇ ਕਹੇ ਹਨ,. ਨਾਲ ਸਹਿਮਤ ਨਾ ਵੀ ਹੋਵਾਂ ਪਰ ਮੈਨੂੰ ਇਹ ਮੰਨਣ ਵਿਚ ਕੋਈ ਗੁਰੇਜ਼ ਨਹੀਂ ਕਿ ਉਸ ਦੁਆਰਾ ਇਸ ਮੁਲਾਕਾਤ ਵਿਚ ਪੇਸ਼ ਕੀਤੇ ਗਏ ਵਿਚਾਰਾਂ, ਵਿਚਾਰਾ ਪਿੱਛੇ ਕੰਮ ਕਰਦੇ ਮੂਲ ਤਰਕਾਂ ਅਤੇ ਮਨੁੱਖੀ ਸੰਬੰਧਾਂ ਬਾਰੇ ਉਸ ਦੇ ਰਵਈਏ ਨੂੰ ਵਧੇਰੇ ਸੁਚੱਜੀ ਤਰ੍ਹਾਂ ਜਾਣ ਕੇ ਉਸਦੀਆ ਕਹਾਣੀਆਂ ਨੂੰ ਵਧੇਰੇ ਬਰੀਕੀ ਨਾਲ ਸਮਝਣ ਦੇ ਸਮਰਥ ਜ਼ਰੂਰ ਹੋਵਾਂਗਾ। ਭਾਵੇਂ ਮੈਂ ਉਸਦੇ ਲਿਖਣ ਦੇ ਨਿੱਤਨੇਮ ਨੂੰ ਨਾ ਵੀ ਅਪਣਾ ਸਕਾਂ ਤਾਂ ਵੀ ਮੇਰੇ ਲਈ ਇਕ ਕਲਾਕਾਰ ਦੇ ਤੇਜਸੱਵੀ ਅਤੇ ਸੰਸਾਰਕ ਦੌੜ ਵਲੋਂ ਅਛੋਪਲੇ ਬਹਿ ਲਿਖਲ-ਕਾਰਜ ਨੂੰ ਭਗਤੀ ਅਤੇ ਕੁਰਬਾਨੀ ਨਾਲ ਜਾਰੀ ਰੱਖਣ ਦੇ ਸਿਦਕ ਪ੍ਰਤੀ ਸਤਿਕਾਰ ਭਾਵਨਾ ਹੋਰ ਬਣੇਗੀ। ਜਦੋਂ ਗੁਰਬਚਨ ਸਿੰਘ ਭੁੱਲਰ ਇਹ ਕਹਿੰਦਾ ਹੈ ਕਿ ਹਰ ਵੇਲੇ ਮੈਂ ਲੇਖਕ ਨਹੀਂ ਬਣਿਆ ਰਹਿ ਸਕਦਾ, ਪਰ ਸਿਰਜਣ-ਪਲਾਂ ਵਿਚ ਉਸ ਦੁਆਰਾ ਕੀਤੀ 'ਸੁਰਤ ਦੀ ਸਵਾਰੀ' ਉਸ ਸੰਪੂਰਨ ਇਕਾਂਤਮਈ ਇਕਾਗਰਤਾ ਦਾ ਜੋ ਤਸੱਵਰ ਪੇਸ਼ ਕਰਦੀ ਹੈ, ਨਿਸਚੇ ਹੀ ਇਹ ਉਸਦੇ ਆਪਣੇ ਸ਼ਬਦਾਂ ਵਿਚ 'ਲੇਖਕ ਹੋਣ ਦੀ ਕੀਮਤ' ਤਾਰਨ ਦੇ ਬੁਨਿਆਦੀ ਸੰਕੇਤ ਕਰਦੀ ਹੈ। ਅਜਿਹਾ ਮੁੱਲ ਤਾਰਨ ਲਈ ਅੱਜ ਦੀ ਵਣਜ-ਵਿਹਾਰ ਵਾਲੀ ਤੇਜ਼ ਰਫਤਾਰ ਅਤੇ ਇਕੇਰਾਂ ਅਸਮਾਨੀਂ ਚੜ੍ਹਨ ਵਾਲੀ ਮਨੋਬਿਰਤੀ ਮੂਲੋਂ ਅਸਮਰੱਥ ਨਹੀਂ ਤਾਂ ਅਧੂਰੀ ਜ਼ਰੂਰ ਹੈ। ਕਲਾਕਾਰੀ ਲਈ ਜਿਸ ਕਠੋਰ ਤਪਸਿਆ, ਰੂਹਾਨੀ ਇਕਸੁਰਤਾ ਅਤੇ ਸਮੁੱਚੇ ਕਾਰ-ਵਿਹਾਰ ਦੀ ਨਿਸਚਿਤ ਚੋਣ ਕਰਨੀ ਜ਼ਰੂਰੀ ਹੈ, ਉਹ ਅੱਜ ਕੇ ਚਕਾਚੌਂਧ ਕਰ ਦੇਣ ਵਾਲੇ ਯੁਗ ਵਿਚ ਪ੍ਰਾਪਤ ਕਰਨੀ ਔਖੀ ਹੈ। ਇਹ ਨਿਸ਼ਚੇ ਹੀ ਇਕ ਕਹਾਣੀਕਾਰ ਵੱਲੋਂ ਪ੍ਰਗਟਾਈ ਸੰਵੇਦਨਾ ਵਿਚ ਜ਼ਾਹਰ ਹੁੰਦਾ ਹੈ।

ਇਹ ਪੁਸਤਕ ਪੜ੍ਹਦਿਆਂ ਬਹੁਤ ਨਵੇਂ, ਨਿਆਰੇ ਅਤੇ ਕਈ ਵਾਰ ਅੰਤਰ-ਵਿਰੋਧੀ ਮਨੋਭਾਵ ਉਤਪੰਨ ਹੁੰਦੇ ਰਹੇ ਹਨ। ਜਦੋਂ ਅਸੀਂ ਵਿਭਿੰਨ ਸਾਹਿਤਕਾਰਾਂ ਦੀਆ ਆਪਣੇ ਸਿਰਜਣ ਪਲਾ ਬਾਰੇ ਟਿੱਪਣੀਆਂ ਪੜ੍ਹਦੇ ਹਾਂ ਤਾਂ ਇਕ ਗੱਲ ਜੋ ਨਿਹਾਇਤ ਮਹੱਤਵਪੂਰਨ ਹੈ, ਬਾਰੇ ਸੁਚੇਤ ਹੋਣਾ ਲਾਜ਼ਮੀ ਹੈ। ਕਲਾਕਾਰ ਦਾ ਮੂਲ ਕਾਰਜ ਦੂਸਰਿਆਂ ਨਾਲੋਂ ਮੂਲੋਂ ਵੱਖਰਾ ਬਿਲਕੁਲ ਨਵਾਂ ਅਤੇ ਅਣਕਿਆਸਿਆ ਹੁੰਦਾ ਹੈ। ਕਲਾਕਾਰੀ ਤੇ ਨੇਤਾਗਿਰੀ ਵਿਚਕਾਰਲੇ ਬੁਨਿਆਦੀ ਅੰਤਰ ਜਾਂ ਵਿਰੋਧ ਨੂੰ ਸਮਝਣਾ ਜ਼ਰੂਰੀ ਹੈ। "ਮੇਰਾ ਦਾਗਸਤਾਨ" ਪੁਸਤਕ ਵਿਚ ਅਬੂ ਤਾਲਿਬ ਕਹਿੰਦਾ ਹੈ ਕਿ ਸ਼ਿਕਾਰ 'ਤੇ ਨਿਕਲਣ ਸਮੇਂ ਕੋਈ ਸ਼ਿਕਾਰੀ ਕਿਵੇਂ ਕਹਿ ਸਕਦਾ ਹੈ ਕਿ ਉਸਨੂੰ ਸਹਿਆ ਮਿਲੇਗਾ, ਗਿੱਦੜ ਜਾਂ ਸ਼ੇਰ ਤਾਂ ਉਹ ਉਸ ਕਲਾਤਮਕ ਰਹੱਸ ਬਾਰੇ ਸੰਕੇਤ ਕਰ ਰਿਹਾ ਹੁੰਦਾ ਹੈ, ਜਿਸਨੂੰ ਆਮ ਤੌਰ 'ਤੇ ਸਾਧਾਰਨ ਬੁੱਧੀ ਵਾਲੇ ਜਾਂ ਰਜਨੀਤਕ ਆਦਤਾਂ ਵਾਲੇ ਲੋਕ ਸਮਝਣੋਂ ਅਸਮਰੱਥ ਹੁੰਦੇ ਹਨ। ਇਹ ਪੁਸਤਕ ਪੜ੍ਹਨ ਉਪਰੰਤ ਕਈ ਦਿਲਚਸਪ ਅਤੇ ਅਜੀਬ ਤਰਕ ਸਨਮੁਖ ਆਉਂਦੇ ਹਨ। ਮਸਲਨ ਜੇ ਇਸ ਪੁਸਤਕ ਵਿਚ ਪੇਸ਼ ਦਸੇ ਕਹਾਣੀਕਾਰਾਂ ਦੇ ਕਹਾਣੀ ਸਿਰਜਣ ਪਲਾਂ ਬਾਰੇ ਹੀ ਚਰਚਾ ਕਰੀਏ ਤਾਂ ਜਸਬੀਰ ਭੁੱਲਰ ਕਹਿੰਦਾ ਹੈ ਕਿ ਉਹ ਬਹੁਤੇ ਚਾਨਣ ਵਿਚ ਨਹੀਂ ਲਿਖ ਸਕਦਾ, ਉਸਨੂੰ ਮਿੰਨ੍ਹਾ ਮਿੰਨ੍ਹਾ ਹਨੇਰਾ ਚਾਹੀਦਾ ਹੈ; ਨਹੀਂ ਤਾਂ ਉਸ ਦੇ ਪਾਤਰ ਭੱਜ ਜਾਂਦੇ ਹਨ। ਵਰਿਆਮ ਸੰਧੂ ਕਹਿੰਦਾ ਹੈ ਕਿ ਉਹ ਰਾਤ ਨੂੰ ਨਹੀਂ,: ਨਾ ਹੀ ਤੜਕੇ ਸਗੋਂ ਦਿਨੇ ਲਿਖਦਾ ਹੈ, ਲਿਖਦਿਆਂ ਲਿਖਦਿਆਂ ਭਾਵੇਂ ਜਿੰਨੀ ਮਰਜ਼ੀ ਰਾਤ ਪੈ ਜਾਵੇ। ਕਰਤਾਰ ਸਿੰਘ ਦੁੱਗਲ ਦਾ ਨਿੱਤਨੇਮ ਤੜਕੇ ਚਾਰ ਵਜੇ ਉਠ ਕੇ ਲਿਖਣ ਬੈਠਣ ਦਾ ਹੈ। ਹੁਣ ਮੂਲ ਮਸਲਾ ਸਮੇਂ ਦਾ ਨਹੀਂ। ਲਿਖਣ ਵੇਲੇ ਦੇ ਉਹਨਾਂ ਕਰਤਾਰੀ ਪਲਾਂ ਦਾ ਹੈ,ਜਦੋਂ ਕੋਈ ਕਲਾਕਾਰ ਆਪਣੀਆਂ ਸਮੁੱਚੀਆਂ ਸੁਰਤੀਆ ਤੇ ਬਿਰਤੀਆਂ ਨੂੰ ਉਸ ਚਰਮ ਸੀਮਾ ਤਕ ਇਕਾਗਰ ਕਰ ਲੈਂਦਾ ਹੈ, ਜਿੱਥੇ ਪਹੁੰਚ ਕੇ ਕਲਾਕਾਰੀ ਆਵੇਸ਼ ਦੇ ਪਲ ਨਾਜ਼ਲ ਹੁੰਦੇ ਹਨ। ਇਸ ਸੰਪੂਰਨ ਇਕਾਂਤਮਈ ਇਕਾਗਰਤਾ ਤਕ ਪਹੁੰਚਣਾ ਹਰੇਕ ਕਲਾਕਾਰ ਲਈ ਜ਼ਰੂਰੀ ਹੈ। ਇਸ ਪੁਸਤਕ ਦੀ ਉਨ੍ਹਾਂ ਸਿਰਜਣ ਪਲਾਂ ਦੀ ਵੰਨ-ਸੁਵੰਨਤਾ ਅਤੇ ਇਸ·ਮੂਲ ਪ੍ਰਸ਼ਨ



ਨੂੰ ਵਿਚਾਰ ਕੇ ਪੇਸ਼ ਕੀਤੇ ਅੱਡ ਅੱਡ ਤਰਕਾਂ ਦੀ ਮਹੱਤਾ ਇਸ ਗੱਲ ਵਿਚ ਹੈ ਕਿ ਕਲਾ ਕਿਰਤ ਦੀ ਸਿਰਜਣਾ ਲਈ ਅਜਿਹੇ ਕਰਤਾਰੀ ਪਲ ਜ਼ਰੂਰੀ ਹਨ। ਉਹ ਭਾਵੇਂ ਅੱਡ ਅੱਡ ਕਲਾਕਾਰ ਆਪਣੀਆ ਆਦਤਾਂ, ਲੋੜਾਂ ਜਾ ਮਨੋਵਿਹਾਰਾਂ ਮੁਤਾਬਕ ਖ਼ੁਦ-ਰੌਂਅ ਸਿਰਜ ਲੈਂਦੇ ਹਨ।

ਇਸ ਪੁਸਤਕ ਵਿਚ ਕਹਾਣੀਕਾਰਾਂ ਵੱਲੋਂ ਪੇਸ਼ ਕੀਤੀਆਂ ਸਮਾਜਕ, ਆਰਥਿਕ ਜਾਂ ਪਰਿਵਾਰਕ ਮਜਬੂਰੀਆਂ ਦੇ ਵੇਰਵੇ ਵੀ ਦਿਲਚਸਪ ਹਨ ਅਤੇ ਆਪਣੀ ਸਾਹਿਤਕ ਰਚਨਾ ਦੇ ਪਾਏ ਗਏ ਸਭਿਆਚਾਰਕ ਮੁੱਲ ਬਾਰੇ ਕੀਤੀਆਂ ਟਿੱਪਣੀਆਂ ਵੀ ਦਿਲਚਸਪ ਹਨ। ਜੇ ਸੁਖਵੰਤ ਕੌਰ ਮਾਨ ਨੂੰ ਪੰਜਾਬੀ ਆਲੋਚਨਾ 'ਤੇ ਖ਼ਫ਼ਾ ਹੋਣ ਤਕ ਦਾ ਗਿਲਾ ਹੈ, ਕਰਤਾਰ ਸਿੰਘ ਦੁੱਗਲ ਨੂੰ ਉਹਦਾ ਠੀਕ ਮਾਣ ਸਤਿਕਾਰ ਨਾ ਕੀਤੇ ਜਾਣ ਦਾ ਸ਼ਿਕਵਾ ਹੈ ਤਾਂ ਇਸਦੇ ਉਲਟ ਗੁਰਬਚਨ ਭੁੱਲਰ ਜਾਂ ਵਰਿਆਮ ਸੰਧੂ ਨੂੰ ਕੋਈ ਅਜਿਹੀ ਔਖ ਨਹੀਂ। ਸੁਖਵੰਤ ਕੌਰ ਮਾਨ ਨੂੰ ਪੰਜਾਬੀ ਆਲੋਚਕ ਜਜ਼ਬਾਤੀ ਲਗਦੇ ਹਨ ਜਦੋਂ ਕਿ ਉਹ ਲੇਖਕ ਦਾ ਜਜ਼ਬਾਤੀ ਹੋਣਾ ਜ਼ਰੂਰੀ ਮੰਨਦੀ ਹੈ। ਜਸਵੰਤ ਸਿੰਘ ਵਿਰਦੀ ਨੂੰ ਆਪਣੇ ਬਹੁਤ ਜ਼ਿਆਦਾ ਲਿਖੀ ਜਾਣ ਦਾ ਪਛਤਾਵਾ ਹੈ ਤੇ ਗੁਰਬਚਨ ਭੁੱਲਰ ਨੂੰ ਘੱਟ ਲਿਖੇ ਜਾਣ ਦਾ। ਵਿਰਦੀ ਕਹਾਣੀ ਤੋਂ ਇਲਾਵਾ ਨਾਟਕ, ਨਾਵਲ ਤੇ ਰੇਖਾ-ਚਿਤਰ ਲਿਖਕੇ ਪਛਤਾ ਰਿਹਾ ਹੈ ਜਦ ਕਿ ਸੁਜਾਨ ਸਿੰਘ ਅੰਤਲੇ ਸਮੇਂ ਨਾਵਲ ਲਿਖਣ ਦੀ ਰੀਝ ਵਿਚੇ ਛੱਡ ਤੁਰ ਗਿਆ। ਕਰਤਾਰ ਸਿੰਘ ਦੁੱਗਲ ਨੂੰ ਆਸ ਹੈ ਕਿ ਉਸਦੇ ਵੱਡ-ਆਕਾਰੀ ਨਾਵਲਾ ਨੂੰ ਪੜ੍ਹਨ ਵਾਲੇ ਪਾਠਕ ਅਜੇ ਪੈਦਾ ਹੋਣਗੇ। ਗੁਰਬਚਨ ਸਿੰਘ ਭੁੱਲਰ ਦਾ ਤਰਕ ਹੈ ਕਿ ਜਿਸ ਨੂੰ ਸਮਕਾਲੀ ਪਾਠਕ ਨਹੀਂ ਪੜ੍ਹਦੇ, ਉਸਨੂੰ ਸੌ ਸਾਲਾ ਬਾਅਦ ਪੜ੍ਹੇ ਜਾਣ ਦੀ ਆਸ ਕਿਹੋ ਜਿਹੀ ਮ੍ਰਿਗ ਤ੍ਰਿਸ਼ਨਾ ਹੈ। ਅਜਿਹੇ ਅਨੇਕ ਤਰਕ ਵਿਤਰਕ ਅਤੇ ਪਰਸਪਰ ਕਾਟਵੀਆ ਰਾਵਾਂ ਇਸ ਪੁਸਤਕ ਦੀ ਇਕ ਅਜਿਹੀ ਪ੍ਰਾਪਤੀ ਹੈ, ਜਿਸ ਵਿਚ ਸੂਝਵਾਨ ਪਾਠਕ ਸਾਹਿਤਕ ਖੇਤਰ ਨਾਲ ਜੁੜੇ ਬੜੇ ਵਿਵਾਦਮਈ ਸਵਾਲਾਂ ਦਾ ਹੋਰ ਉਚੇਰਾ ਤਰਕ ਸਿਰਜਣ ਦੇ ਸਮਰੱਥ ਹੋ ਸਕਣਗੇ, ਕਿਉਂਕਿ ਕਲਾਕਾਰ ਵੱਲੋਂ ਸਿਰਜੇ ਤਰਕਾਂ ਦਾ ਇਹ ਭੇੜ ਖੋਖਲੇ ਤਰਕਾਂ ਨੂੰ ਤੋੜਦਾ, ਬੇ ਮਾਅਨੇ ਮਾਨਸਿਕ ਠੁੰਮਣਿਆਂ ਨੂੰ ਲਾਹੁੰਦਾ ਜ਼ਿੰਦਗੀ ਦੇ ਕਰੂਰ ਯਥਾਰਥ ਸਨਮੁਖ ਕਲਾਕਾਰੀ ਹੋਂਦ ਨੂੰ ਹੋਰ ਨੇੜਿਓਂ ਦੇਖਣ ਦੇ ਨਵੇਂ ਜਾਵੀਏ ਸਹਿਜੇ ਹੀ ਪੈਦਾ ਕਰ ਜਾਂਦਾ ਹੈ।

ਬਹੁਤੀਆ ਮੁਲਾਕਾਤਾਂ ਟਕਸਾਲੀ ਕਿਸਮ ਦੇ ਪ੍ਰਸ਼ਨਾਂ ਜਾਂ ਕਲਾਕਾਰ ਦੀ ਹਉਮੈ ਨੂੰ ਪੱਠੇ ਪਾਉਣ ਵਾਲੇ ਪ੍ਰਸ਼ਨਾਂ ਤਕ ਮਹਿਦੂਦ ਰਹਿੰਦੀਆਂ ਹਨ। ਵਧੇਰੇ ਮੁਲਾਕਾਤਾਂ ਦਾ ਮੁਖ ਮਕਸਦ ਸੰਬੰਧਿਤ ਕਲਾਕਾਰ ਨੂੰ ਉਚਿਆਉਣਾ, ਵਡਿਆਉਣਾ ਜਾਂ ਚਮਚੀ ਖੜਕਾਉਣਾ ਹੁੰਦਾ ਹੈ। ਇਹ ਬੇਹੱਦ ਤਸੱਲੀ ਦੀ ਗੱਲ ਹੈ ਕਿ ਇਸ ਪੁਸਤਕ ਦੀ ਵਿਉਂਤਬੰਦੀ ਅਤੇ ਮੂਲ ਨਿਸ਼ਾਨੇ ਪ੍ਰਤਿ ਜ਼ੁੰਮੇਵਾਰ ਪਹੁੰਚ ਕਾਰਣ ਅਜਿਹੇ ਨਵੇਂ ਅਤੇ ਵਧੀਆ ਪਹਿਲੂ ਸਨਮੁਖ ਆਏ ਹਨ ਜੋ ਬਹੁਤ ਕਹਾਣੀਕਾਰ ਆਪਣੀਆਂ ਸਵੈ ਜੀਵਨੀਆਂ ਵਿਚ ਵੀ ਲਿਖਣ ਦੀ ਨੈਤਿਕ ਦਲੇਰੀ ਨਾ ਦਿਖਾਉਂਦੇ। ਪ੍ਰਸ਼ਨ ਬਣਾਉਣ ਵੇਲੇ ਇਕ ਹੋਰ ਪਹਿਲੂ ਜੋ ਧਿਆਨ ਖਿਚਦਾ ਹੈ ਉਹ ਇਹ ਕਿ ਪ੍ਰਸ਼ਨ ਕਰਤਾ ਨੇ ਸਿਰਫ ਕਹਾਣੀਕਾਰ ਨੂੰ ਹੀ ਨਹੀਂ ਪੜ੍ਹਿਆ ਵਿਚਾਰਿਆ ਸਗੋਂ ਉਸਨੇਂ ਕਹਾਣੀਕਾਰ ਬਾਰੇ ਹੋਈ ਚਰਚਾ,. ਉਸ ਉਤੇ ਲਗਾਏ ਸੰਗੀਨ ਦੋਸ਼ਾ ਜਾਂ ਉਸ ਰਾਹੀਂ ਕੀਤੀਆਂ ਹੈਰਾਨੀਜਨਕ ਟਿੱਪਣੀਆਂ ਨੂੰ ਵੀ ਆਧਾਰ ਬਣਾਇਆ ਹੈ। ਜਦੋਂ ਪ੍ਰਸ਼ਨ ਕਰਤਾ ਜਸਵੰਤ ਸਿੰਘ ਵਿਰਦੀ ਨੂੰ ਪੁੱਛਦਾ ਹੈ ਕਿ ਉਸਨੇ ਕਿਤੇ ਕਿਹਾ ਹੈ ਕਿ ਇਕ ਹਫਤੇ ਦੇ ਨੋਟਿਸ 'ਤੇ ਕਹਾਣੀ ਲਿਖਕੇ ਭੇਜ ਦਿਆਂਗਾ, ਤਾਂ ਅਜੀਬ ਕੁੜਿਕੀ ਵਿਚ ਫਸਿਆ ਵਿਰਦੀ ਗੱਲ ਉਰੇ ਪਰੇ ਕਰ ਜਾਂਦਾ ਹੈ। 'ਆਲੂ' ਤੋਂ ਕਹਾਣੀ ਦਾ ਨਾਂ ਬਦਲ ਕੇ 'ਸੁਪਨਿਆਂ ਦੀ ਸੀਮਾਂ' ਸਿਰਲੇਖ ਕਰਦਾ ਸਰਨਾ ਵੀ ਅਜਿਹੀ ਟਕੋਹ ਦਾ ਭਾਗੀ ਬਣਦਾ ਹੈ। ਜਦੋਂ ਕਰਤਾਰ ਸਿੰਘ ਦੁੱਗਲ ਨੂੰ ਉਸਦੀ ਕਹਾਣੀ ਵਿਚ ਕਾਮੁਕ ਉਲਾਰ ਬਾਰੇ ਮੰਟੋ ਦੀ ਕਹਾਣੀ ਦੇ ਪ੍ਰਸੰਗ ਵਿਚ ਪੁੱਛਿਆ ਜਾਂਦਾ ਹੈ ਤਾਂ ਸੂਝਵਾਨ ਪਾਠਕ ਨੂੰ ਅਜਿਹੀ ਝੰਜੋੜ ਦਾ ਅਹਿਸਾਸ ਹੁੰਦਾ ਹੈ, ਜਿਥੇ ਕਲਾਤਮਕ ਅੱਖ ਦੀ ਪਰਖਵੀਂ ਦ੍ਰਿਸ਼ਟੀ ਆਪਣਾ ਕਲਾਕਾਰੀ ਸੰਸਾਰ ਸਿਰਜ ਰਹੀ ਹੁੰਦੀ ਹੈ। ਪੰਜਾਬੀ ਵਿਚ ਅਸੀਂ ਮੁੱਢਲੇ ਤੇ ਮੋਟੇ ਵਧੇਰੇ ਕਰਕੇ ਗਲਤ ਸੁਆਲਾਂ ਦੇ ਗਲਤ

ਜੁਆਬ ਢੂੰਡਣ ਵਿਚ ਬਹੁਤ ਸਮਾਂ ਗੁਆ ਰਹੇ ਹਾਂ। ਹੁਣ ਸਾਨੂੰ ਸਚੇਤ ਹੋ ਸਭਿਆਚਾਰਕ ਅਤੇ ਕਲਾਤਮਕ ਸੰਸਾਰ ਦੇ ਉਹਨਾਂ ਗਹਿਨ ਗੰਭੀਰ ਅਤੇ ਪੁੱਠੇ-ਸਿੱਧੇ ਸਵਾਲਾਂ ਵੱਲ ਰੁਚਿਤ ਹੋਣਾ ਬਣਦਾ ਹੈ, ਜਿਨ੍ਹਾ ਤੋਂ ਬਿਨਾਂ ਅਸੀਂ ਆਪਣੀ ਸਭਿਆਚਾਰਕ ਅਤੇ ਸਾਹਿਤਕ ਉਚਤਾ ਨੂੰ ਪ੍ਰਾਪਤ ਨਹੀਂ ਕਰ ਸਕਦੇ। ਖੁਸ਼ੀ ਦੀ ਗੱਲ ਹੈ ਕਿ ਅਜਿਹੇ ਕੁਝ ਸਵਾਲ ਇਸ ਪੁਸਤਕ ਵਿਚ ਦਰਜ ਹਨ, ਜਿਨ੍ਹਾਂ ਨੂੰ ਸਾਹਿਤਕ ਖੇਤਰ ਵਿਚ ਹੋਰ ਵਧੇਰੇ ਜ਼ੁੰਮੇਵਾਰੀ ਨਾਲ ਸਮਝਣ ਸਮਝਾਉਣ ਦੀ ਲੋੜ ਹੈ। ਅਜੇ ਅਸਾਂ ਹੋਰ ਕਲਾਤਮਕ ਪਕਿਆਈ ਨਾਲ ਲਿਖਣ ਅਤੇ ਨਾ ਲਿਖਣ ਦੇ, ਸਾਹਿਤਕ ਪ੍ਰਵਚਨ ਅਤੇ ਰਾਜਸੀ ਪ੍ਰਵਚਨ ਦੇ, ਸਾਹਿਤਕ ਵਿਧਾ ਦੀ ਲਚਕਤਾ ਅਤੇ ਗਤੀਸ਼ੀਲਤਾ ਦੇ ਉਹ ਨਵੇਂ ਅਯਾਮ ਸਿਰਜਣੇ ਤਲਾਸ਼ਣੇ ਹਨ, ਜਿਨ੍ਹਾਂ ਰਾਹੀਂ ਸਾਡਾ ਸਾਹਿਤਕ ਸਭਿਆਚਾਰ ਹੋਰ ਅਮੀਰ, ਹੋਰ ਪ੍ਰਫੁਲਿਤ ਹੋ ਸਕੇ। 'ਅਬੋਲਤਾ ਦੀ ਦਸੂਤੀ ਉਤੇ ਬੋਲਾਂ ਦੀ ਕਸੀਦਾਕਾਰੀ' (ਗੁਰਬਚਨ ਭੁੱਲਰ) ਕਰਨ ਦਾ ਕਲਾਤਮਕ ਕਾਰਜ ਸਿਖਣ ਸਿਖਾਉਣ ਲਈ 'ਲਿਖਣ ਵੇਲਾ' ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਮੁਹਈਆ ਕਰਨ ਲਈ ਪੰਜਾਬ ਸਾਹਿਤ ਅਕਾਦਮੀ ਅਤੇ ਇਸ ਦਾ ਸੰਪਾਦਕ ਜਸਬੀਰ ਭੁੱਲਰ ਮਾਣਮੱਤੇ ਸ਼ੁਕਰੀਏ ਦੇ ਹੱਕਦਾਰ ਹਨ।

[ਰੀਡਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]

- - -

ਧਪੁਸਤਕ ਰਿਵੀਊ

**ਦਾਸਤਾਨ ਦਲਿਤਾਂ ਦੀ** [ਨਿੰਦਰ ਗਿੱਲ]

ਨਿੰਦਰ ਗਿੱਲ ਪੰਜਾਬੀ ਨਾਵਲ ਦੀ ਨਵੀਨ ਧਾਰਾ ਦਾ ਇਕ ਜਾਣਿਆ-ਪਛਾਣਿਆ ਨਾਂ ਹੈ। 'ਪੰਜਾਬ 84' ਨਾਮੀ ਨਾਵਲ ਲਿਖਣ ਉਪਰੰਤ, ਉਹ ਇਸ ਲੇਖਣ-ਪੰਧ 'ਤੇ ਬੜੀ ਤੇਜ਼ੀ ਨਾਲ ਅੱਗੇ ਵਧਿਆ ਹੈ। ਪਰ ਉਸ ਦਾ ਸਫਰ ਉਸ ਦੇ ਕਿਸੇ ਵੀ ਹਮਸਫ਼ਰ ਨਾਲੋਂ ਵੱਖਰਾ ਵੀ ਹੈ ਤੇ ਵਿਸ਼ੇਸ਼ ਵੀ। ਉਸ ਦੀ ਅਜਿਹੀ ਪਛਾਣ ਦੇ ਕਾਰਨ ਇਕ ਨਾਲੋਂ ਵਧੇਰੇ ਹਨ। ਪਰੰਤੂ ਇਹਨਾਂ ਵਿਚੋਂ ਸਭ ਤੋਂ ਪ੍ਰਮੁੱਖ ਸਮਕਾਲੀ ਰਾਜਨੀਤੀ ਬਾਰੇ ਉਸਦੀ ਡੂੰਘੀ ਤੇ ਸੰਤੁਲਤ ਸਮਝ ਹੈ, ਜਿਸ ਦਾ ਪ੍ਰਗਟਾਵਾ 'ਪੰਜਾਬ 84' 'ਚੋਣ ਹਲਕਾ ਪਾਇਲ' ਅਤੇ 'ਦਹਿਸ਼ਤ ਦੇ ਦਿਨਾਂ ਵਿਚ' ਵਿਚ ਬੇ-ਹੱਦ ਬਰੀਕੀ ਨਾਲ ਹੋਇਆ ਮਿਲਦਾ ਹੈ।

ਹੱਥਲੀ ਪੁਸਤਕ 'ਦਾਸਤਾਨ ਦਲਿਤਾਂ ਦੀ' ਦਾ ਲਿਖਣ ਸਮਾਂ ਸੁਰਜੀਤ ਸਿੰਘ ਬਰਨਾਲਾ ਦੇ ਮੁੱਖ ਮੰਤਰੀ ਪੰਜਾਬ ਹੋਣ ਵੇਲੇ ਦੀ ਪੰਜਾਬ ਦੀ ਉਲਝੀ ਸਥਿਤੀ ਦਾ ਸਮਾਂ ਹੈ। ਇਹ ਸਥਿਤੀ ਅਕਾਲੀ ਦਲ ਅੰਦਰਲੀ ਧੜੇਬੰਦੀ ਕਾਰਨ ਵੀ ਉਲਝੀ ਹੈ ਅਤੇ ਵੱਖਵਾਦੀ-ਸ਼ਕਤੀ-ਪ੍ਰਦਰਸ਼ਕਾਂ ਦੇ ਕਈ ਸਾਰੇ ਗੁੱਟਾਂ ਦੀ 'ਪਹਿਲੇ ਸਥਾਨ' ਦੀ ਪ੍ਰਾਪਤੀ ਲਈ ਚਲਦੀ ਕਸ਼ਮਕਸ਼ ਕਾਰਨ ਵੀ। ਇਸ ਉਲਝਾਉ ਵਿਚ ਕੇਂਦਰ ਦੀ ਸ਼ਾਸਕ-ਕਾਂਗਰਸ ਵੀ ਸ਼ਾਮਿਲ ਹੈ ਅਤੇ ਪੰਜਾਬ ਪ੍ਰਦੇਸ਼ ਅੰਦਰਲੀ 'ਫਰੈਂਡਲੀ ਮੈਚ' ਵਰਗੇ ਚੋਣ ਦੰਗਲ ਵਿਚ 'ਹਾਰੀ' ਪ੍ਰਦੇਸ਼ ਕਾਂਗਰਸ ਵੀ। ਪਰੰਤੂ 'ਦਾਸਤਾਨ ਦਲਿਤਾਂ ਦੀ' ਨਾਵਲ ਦਾ ਮੁੱਖ ਵਿਸ਼ਾ ਸਿੱਧੇ ਰੂਪ ਵਿਚ ਇਹ ਨਹੀਂ ਹੈ, ਭਾਵੇਂ ਕਿ ਰੋਪੜ ਦੀ ਦਾਣਾ ਮੰਡੀ ਵਿਚ ਹੋਇਆ-ਵਾਪਰਿਆ ਉਪਰੋਕਤ ਸਥਿਤੀ ਦੇ ਪਰਤਾਉ ਵਜੋਂ ਹੀ ਵਾਪਰਿਆ ਹੈ।

ਅਨਾਜ-ਮੰਡੀ ਦੇ ਹਿੰਦੂ-ਦਿੱਖ ਵਾਲੇ ਕੁਝ ਕੁ ਆੜ੍ਹਤੀਆਂ ਦਾ ਕਿਸੇ ਇਕ ਖਾਲਿਸਤਾਨ ਪੱਖੀ ਅਤਿਵਾਦੀ ਗਰੋਹ ਵੱਲੋਂ ਹੋਇਆ ਸਮੂਹਕ ਕਤਲ-ਕਾਂਡ ਇਸ ਨਾਵਲ ਦੀ ਵਿਸ਼ਾਲ ਕੈਨਵਸ ਲਈ ਨਾਵਲਕਾਰ ਨੇ ਕੇਵਲ ਇਕ ਆਧਾਰ-ਘਟਨਾ ਵਜੋਂ ਹੀ ਵਰਤਿਆ ਹੈ।



ਉਂਝ ਤਾਂ ਅਨਾਜ-ਮੰਡੀ ਰੋਪੜ ਵਿਚ ਵਾਪਰੀ ਇਸ ਕਤਲ-ਘਟਨਾ ਵਰਗੀਆਂ ਅਨੇਕਾਂ ਹੋਰ ਘਟਨਾਵਾਂ,ਉਹਨਾਂ ਅਭਾਗੇ ਦਿਨਾਂ ਵਿਚ ਕਈ ਵਾਰ, ਕਈ ਥਾਂਈਂ ਵਾਪਰੀਆਂ ਪਰ ਲੇਖਕ ਵੱਲੋਂ ਰੋਪੜ ਕਤਲ-ਕਾਂਡ ਨੂੰ ਨਾਵਲ ਦੀ ਕਹਾਣੀ ਦੀ ਆਧਾਰ-ਸ਼ਿਲਾ ਵਜੋਂ ਚੁਣਨ ਪਿੱਛੇ ਵੀ ਇਕ ਵਿਸ਼ੇਸ਼ ਕਿਸਮ ਦਾ ਤਰਕ ਕਾਰਜਸ਼ੀਲ ਹੋਇਆ ਜਾਪਦਾ ਹੈ, ਜਿਸ ਸੰਬੰਧੀ ਕੀਤਾ ਗਿਆ ਹਲਕਾ ਜਿਹਾ ਸੰਕੇਤ ਵੀ ਇਸ ਨਾਵਲ ਦੀ ਭਰਪੂਰਤਾ ਨੂੰ ਸਮਝਣ ਵਿਚ ਕਾਫ਼ੀ ਸਹਾਈ ਹੋ ਸਕਦਾ ਹੈ। ਚੂੰਕਿ ਇਸ ਨਾਵਲ ਦੇ ਮੁੱਖ ਵਿਸ਼ੇ ਦਾ ਪਾਸਾਰ ਦਲਿਤ ਵਰਗਾਂ ਦੀ ਕਰੀਬ ਚਾਰ ਹਜ਼ਾਰ ਸਾਲ ਤੋਂ ਚਲੀ ਆਉਂਦੀ ਹੋਣੀ ਨਾਲ ਸੰਬੰਧਤ ਹੈ, ਅਤੇ ਅਜੋਕੇ ਸਮੇਂ ਦਲਿਤ ਜਮਾਤਾਂ ਦਾ 'ਮਸੀਹਾ' ਮੰਨੇ ਜਾਂਦੇ ਪ੍ਰਮੁੱਖ ਨੇਤਾ ਦੀ ਜਨਮ-ਭੋਂ ਵੀ ਰੋਪੜ ਨੇੜ ਦਾ ਪਿੰਡ ਸੁਖ-ਪੁਰ ਹੈ, ਜਿਸ ਨੂੰ ਲੇਖਕ ਨੇ ਆਪਣੇ ਨਾਵਲ ਵਿਚ 'ਝਾਂਸੀ ਰਾਮ' ਦੇ ਪਾਤਰ ਵਜੋਂ ਪੇਸ਼ ਕੀਤਾ ਹੈ। ਦੂਜੇ ਨਾਵਲ ਦੇ ਘਟਨਾ ਕਾਲ ਨਾਲ ਸੰਬੰਧਤ ਪੰਜਾਬ ਦੇ ਰਾਜ-ਭਾਗ ਦੀ ਅਹਿਮ ਪੂੰਜੀਪਤੀ ਹਸਤੀ 'ਰਾਜਵਿੰਦਰ' ਰੋਪੜ ਨੇੜਲੇ ਕਸਬੇ ਕੁਰਾਲੀ ਨਾਲ ਸੰਬੰਧਤ ਹੈ ਅਤੇ ਤੀਜੇ ਭਾਰਤੀ ਰਾਜਤੰਤਰ ਦੀ ਪ੍ਰਮੁੱਖ ਮੁਹਰ 'ਗਿਆਨੀ ਸੂਬਾ ਸਿੰਘ' ਨੇ ਵੀ ਪਹਿਲੇ ਸਮਿਆਂ ਵਿਚ ਆਨੰਦਪੁਰ (ਰੋਪੜ) ਹਲਕੇ ਤੋਂ ਚੁਣ ਹੋ ਕੇ ਪੰਜਾਬ ਦੇ ਰਾਜ-ਭਾਗ ਉਤੇ ਪੂਰੇ ਛੇ ਸਾਲ ਆਪਣੀ ਮੁਹਰ-ਛਾਪ ਲਾਈ ਰੱਖੀ।

ਪਰੰਤੂ ਨਿੰਦਰ ਗਿੱਲ ਰਚਿਤ 'ਦਾਸਤਾਨ ਦਲਿਤਾਂ ਦੀ' ਨਾਵਲ ਦਾ ਪ੍ਰਮੁੱਖ ਵਿਸ਼ਾ ਇਹ ਵੀ ਨਹੀਂ ਕਿ ਦਲਿਤ ਵਰਗ 'ਚੋਂ ਕੌਣ ਕਿਸ ਸਮੇਂ ਨੇਤਾ, ਰਾਜਾ, ਮੰਤਰੀ, ਮੁੱਖ ਮੰਤਰੀ, ਗ੍ਰਹਿ ਮੰਤਰੀ ਜਾਂ ਰਾਸ਼ਟਰਪਤੀ ਬਣ ਕੇ ਇਹਨਾਂ ਸ਼੍ਰੇਣੀਆਂ ਦਾ 'ਮਸੀਹਾ' ਬਣਿਆ, ਸਗੋਂ ਨਾਵਲ ਅੰਦਰਲੀ ਸਮੱਗਰ ਘਟਨਾ ਪ੍ਰਕਿਰਿਆ ਦਾ ਵਿਅੰਗ ਇਹ ਹੈ ਕਿ ਭਾਰਤ ਨਾਮੀ ਵਿਸ਼ਾਲ ਦੇਸ਼ ਦੀ 85% ਦਲਿਤ ਆਬਾਦੀ ਦੀ ਭਲਾਈ ਦੀਆਂ ਟਾਹਰਾਂ ਮਾਰਨ ਵਾਲੇ ਹਰ ਨੇਤਾ, ਹਰ ਰਾਜੇ, ਹਰ ਮੰਤਰੀ, ਹਰ ਸੰਤਰੀ ਨੇ ਇਸ ਨੂੰ ਆਪਣਾ ਰਾਖਵਾਂ ਵੋਟ ਬੈਂਕ ਸਮਝ ਕੇ, ਅਤੇ ਇਸ ਦੀ ਸਮਾਜਕ, ਆਰਥਿਕ ਹੋਣੀ ਦਾ ਬਾਲਣ ਬਣਾ ਕੇ ਸਦਾ ਆਪਣਾ ਹੀ ਸਿਆਸੀ ਤੰਦੂਰ ਭਖਦਾ ਰੱਖਿਆ। ਨਿੰਦਰ ਗਿੱਲ ਦੇ ਇਸ ਨਾਵਲ ਨੇ ਇਸ ਹੋਣੀ-ਦਾ ਹੋਰ ਵੀ ਚਿੰਤਾਜਨਕ ਪਹਿਲੂ ਇਹ ਸਪਸ਼ਟ ਕਰਕੇ ਵੀ ਸਾਹਮਣੇ ਲਿਆਂਦਾ ਹੈ ਕਿ ਪਿਛਲੇ ਡੇਢ ਦੇ ਦਹਾਕੇ ਤੋਂ ਦਲਿਤ ਉਧਾਰ ਦਾ ਪਰਚਮ ਚੱਕਣ ਵਾਲੀਆਂ ਡੀ. ਐਸ. ਫੋਰ, ਰੀਪਬਲੀਕਨ ਜਾਂ ਬੀ. ਐਸ. ਪੀ. ਵਰਗੀਆਂ ਪਾਰਟੀਆਂ ਸੰਸਥਾਵਾਂ ਦੇ ਕਾਰਜਕਰਤਾ ਵੀ ਆਪਣੀ ਸ਼੍ਰੇਣੀ ਨਾਲ ਉਵੇਂ ਦਾ ਹੀ ਛਲਾਵਾ ਕਰਦੇ ਪ੍ਰਤੀਤ ਹੁੰਦੇ ਹਨ, ਜਿਸਦੀ ਕਰੂਰਤਾ ਨੇ ਇਹਨਾਂ ਸ਼੍ਰੇਣੀਆਂ ਨੂੰ ਪਿਛਲੇ ਚਾਰ ਹਜ਼ਾਰ ਸਾਲਾਂ ਤੋਂ ਹਾਸੋਹੀਣੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਕੀਤੀ ਰੱਖਿਆ।

ਮੁੱਖ ਰੂਪ ਵਿਚ 'ਦਾਸਤਾਨ ਦਲਿਤਾਂ ਦੀ' ਨਾਵਲ ਦੀ ਮੁੱਖ ਪਰਤ ਇਹ ਕਹੀ ਜਾ ਸਕਦੀ ਹੈ। ਹੁਕਮ ਸਿੰਘ ਠੇਕੇਦਾਰ ਦਲਿਤ ਵਰਗ 'ਚੋਂ ਹੁੰਦਾ ਹੋਇਆ ਵੀ ਦਲਿਤ ਜਮਾਤ ਨਾਲ ਜਿਵੇਂ ਦਾ ਵਰਤਾਓ ਕਰਦਾ ਹੈ, ਉਹ ਇਸ ਨਾਵਲ ਦੀ ਸੰਖੇਪ ਕਹਾਣੀ ਹੈ ਜਿਸ ਨੂੰ ਲੰਮੀ ਸੰਘਣੀ ਤੇ ਭਾਵ ਪੂਰਤ ਬਣਾਉਣ ਲਈ ਲੇਖਕ ਨੇ ਭਾਰਤੀ ਜਨ-ਜੀਵਨ ਦੀਆਂ ਅਨੇਕਾਂ ਦ੍ਰਿਸ਼ਟ ਅਦ੍ਰਿਸ਼ਟ ਰਾਜਨੀਤਕ, ਸਮਾਜਕ, ਆਰਥਿਕ, ਸਭਿਆਚਾਰਕ ਪਰਤਾਂ ਨੂੰ ਪਾਠਕੀ ਸਾਈਕੀ ਦੇ ਰੂ-ਬ-ਰੂ ਲਿਆ ਖੜ੍ਹਾ ਕੀਤਾ ਹੈ।

ਸਾਧੂ ਦਾਸ ਨਾਮੀ ਇਕ 'ਚਮਾਰ' ਮਾਜਰੀ ਪਿੰਡ ਵਿਚ ਪੈਦਾ ਹੋ ਕੇ ਰੋਜ਼ੀ-ਰੋਟੀ ਦੀ ਪੂਰਤੀ ਲਈ ਫੌਜ ਵਿਚ ਭਰਤੀ ਹੁੰਦਾ ਹੈ, ਪਰ ਉਸ ਦੇ 'ਸਮਾਜ-ਸੇਵੀ' ਸੁਭਾਅ ਨੂੰ ਫੌਜੀ 'ਗੁਲਾਮੀ' ਰਾਸ ਨਹੀਂ। ਉਹ ਡਿਸਚਾਰਜ ਲੈ ਕੇ ਆਪਣੇ ਵਰਗ ਦੀ 'ਭਲਾਈ' ਕਰਨ ਲਈ ਤਤਪਰ ਹੈ। ਪਹਿਲਾਂ ਉਹ ਗਾਂਧੀ

ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੁੰਦਾ ਹੈ,ਪਰ ਉਸ ਵਿਚਲੇ ਸਵਰਨ ਜਾਤੀ ਨੇਤਾ ਉਸ ਨਾਲ ਬੈਠਦੇ ਉੱਠਦੇ ਵੀ ਛੂਤ-ਛਾਤ ਦੀ ਭਿੱਟ ਪੂਰੀ ਤਰ੍ਹਾਂ ਨਿੱਠ ਕੇ ਪਾਲਦੇ ਹਨ। ਰਾਜਨੀਤਕ ਖੇਤਰ ਰਾਹੀਂ ਸ਼ਕਤੀ ਹਥਿਆਉਣ ਦੀ ਲਾਲਸਾ ਹਿਤ ਸਾਧੂ ਦਾਸ ਉਰਫ਼ ਹੁਕਮ ਸਿੰਘ ਠੇਕੇਦਾਰ ਉਰਫ਼ ਸੇਵਕ, ਅੰਬੇਦਕਰ ਵਿਚਾਰਧਾਰਾ ਤੋਂ ਆਕਰਸ਼ਤ ਹੋ ਕੇ ਰੀਪਬਲੀਕਨ ਪਾਰਟੀ ਅੰਦਰ ਚਲਾ ਜਾਂਦਾ ਹੈ। ਉਸ ਵਿਚ ਭੋਲੇ ਨਾਥ ਵਰਗੇ ਹੰਢੇ ਵਰਤੇ ਅੰਬੇਦਕਰੀ ਉਸ ਨੂੰ ਮੂਹਰਲੀ ਪਰਤ ਦਾ ਨੇਤਾ ਸਵੀਕਾਰ ਕਰਨ ਤੋਂ ਗੁਰੇਜ਼ ਕਰਦੇ ਹਨ। ਫਿਰ ਉਹ ਅਛੂਤ ਨੇਤਾ ਬਾਬੂ ਜਗਜੀਵਨ ਰਾਮ ਦੀ ਟੋਲੀ ਨਾਲ ਮਿਲ ਕੇ ਜਨਤਾ ਦਲ ਵਿਚ ਸ਼ਾਮਲ ਹੋ ਜਾਂਦਾ ਹੈ। ਵੱਖ ਵੱਖ ਦਲਾਂ ਦਾ ਮਿਲ-ਗੋਭਾ ਬਣੀ 'ਖਿਚੜੀ' ਥੋੜ੍ਹੇ ਕੁ ਸਮੇਂ ਬਾਅਦ ਖਿੰਡ-ਬਿਖ਼ਰ ਜਾਣ 'ਤੇ ਹੁਕਮ ਸਿੰਘ ਅਕਾਲੀਆਂ ਨੇੜੇ ਹੋਣ ਦੇ ਯਤਨਾਂ ਵਿਚ ਹੈ। ਉਸ ਪਾਸੇ ਵੀ ਉਸ ਦੀ ਪੂਰੀ ਤਰ੍ਹਾਂ ਪੁੱਛ-ਪਰਤੀਤ ਨਹੀਂ ਹੁੰਦੀ.. ਉਪਰੰਤ ਉਹ ਹਰ ਜਾਇਜ਼-ਨਾਜਾਇਜ਼ ਹਰਵਾ ਵਰਤ ਕੇ ਡੀ. ਐਸ. ਫੋਰ ਰਾਹੀਂ ਬੀ. ਐਸ. ਪੀ. ਅੰਦਰ ਪ੍ਰਵੇਸ਼ ਕਰਦਾ ਹੈ।

ਓਪਰੀ ਨਜ਼ਰੇ ਵਾਚਿਆਂ ਨਿੰਦਰ ਗਿੱਲ ਦੇ ਇਸ ਨਾਵਲ ਦੀ ਕਥਾ, ਹੁਕਮ ਸਿੰਘ ਨਾਮੀ ਉਪ-ਨੇਤਾ ਦੇ ਬੀ. ਐਸ. ਪੀ. ਨਾਮੀ ਰਾਜਨੀਤਕ ਪਾਰਟੀ ਤਕ ਪਹੁੰਚਣ ਦੀ ਕਹਾਣੀ ਜਾਪਦੀ ਹੈ, ਪਰ ਅਸਲ ਵਿਚ ਨਾਵਲਕਾਰ, ਇਸ ਨਾਵਲ ਦੀ ਕਹਾਣੀ ਦੀ ਪਰਛਾਈਂ ਹੇਠ ਭਾਰਤੀ ਰਾਜਨੀਤੀਵਾਨਾਂ ਦੇ ਅਸਲ ਕਿਰਦਾਰ ਨੂੰ ਨੰਗਾ ਕਰਨ ਲਈ ਯਤਨਸ਼ੀਲ ਹੈ। ਇਹ ਤੱਥ ਇਸ ਨਾਵਲ ਦੀ ਅਸਲੀ ਪਰਤ ਵਜੋਂ ਗੌਲਿਆ ਜਾ ਸਕਦਾ ਹੈ।

ਚੂੰਕਿ ਇਸ ਨਾਵਲ ਦੀ ਮੁੱਖ ਸੁਰ ਰਾਜਨੀਤੀਵਾਨਾਂ ਵੱਲੋਂ ਰਾਜਸੀ ਪਿੜ ਦੀ ਸ਼ਕਤੀ ਹਥਿਆਉਣ ਅਤੇ ਸਮਾਜਕ ਆਰਥਿਕ ਪਿੜ ਵਿਚ ਵਿਸ਼ੇਸ਼ ਵਿਅਕਤੀ ਬਣਨ ਦੁਆਲੇ ਕੇਂਦ੍ਰਿਤ ਹੈ, ਇਸ ਲਈ ਨਾਵਲਕਾਰ ਨੇ ਅਜਿਹੀ ਲਾਲਸਾ ਰੱਖਣ ਵਾਲੇ 'ਵਿਸ਼ੇਸ਼' ਵਿਅਕਤੀਆਂ ਵੱਲੋਂ ਮਨੁੱਖੀ ਸਰੋਕਾਰ ਨਾਲ ਸੰਬੰਧਤ ਅਨੇਕਾਂ ਖੇਤਰਾਂ ਜਾਂ ਸੰਸਥਾਵਾਂ ਦੀ ਕੀਤੀ ਗਈ ਜਾਂ ਕੀਤੀ ਜਾ ਰਹੀ ਵਰਤੋਂ ਦੁਰਵਰਤੋਂ ਦੀ ਵਿਆਖਿਆ ਵੀ, ਇਸ ਨਾਵਲ ਦੀ ਅਹਿਮ ਪ੍ਰਾਪਤੀ ਗਿਣੀ ਜਾ ਸਕਦੀ ਹੈ; ਜਿਸ ਵਿਚ ਇਤਿਹਾਸ-ਮਿਥਿਹਾਸ, ਧਰਮ-ਮਜ਼ਹਬ, ਜਾਤ-ਗੋਤ, ਕੌਮ-ਕੌਮੀਅਤ, ਵੇਸ਼-ਕਬੀਲੇ, ਸਾਧ-ਸੰਤ, ਭਗਤ-ਸੂਰਬੀਰ, ਕਿਰਤੀ-ਕਾਮਿਆਂ ਤੋਂ ਲੈ ਕੇ ਘਰੇਲੂ ਤੇ ਮਾਨਵੀ ਰਿਸ਼ਤਿਆਂ ਤਕ ਦਾ ਸ਼ੋਸ਼ਣ ਸ਼ਾਮਿਲ ਹੈ।

ਇਹ ਨਾਵਲ, ਸਾਧੂ ਦਾਸ ਦੀ ਪੱਥਤੀ ਤੋਂ ਤਰੱਕੀ ਕਰਕੇ ਬਣੇ ਠੇਕੇਦਾਰ ਹੁਕਮ ਸਿੰਘ ਸੇਵਕ ਵੱਲੋਂ ਦਲਿਤ ਜਾਤੀਆਂ ਦੇ ਕੀਤੇ ਗਏ ਸ਼ੋਸ਼ਨ ਤੋਂ ਪਾਰ ਝਾਕ ਕੇ ਭਾਰਤੀ ਚਿੱਤਰਪਟ 'ਤੇ ਵਿਚਰਦੀਆਂ ਕਰੀਬ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਕੰਮ-ਢੰਗ ਉੱਤੇ ਬੇਹੱਦ ਬੇਬਾਕੀ ਨਾਲ ਉਂਗਲੀ ਧਰਦਾ ਹੈ। ਨਾਵਲਕਾਰ ਵੱਲੋਂ ਕੀਤਾ ਗਿਆ ਅਜਿਹਾ ਵਿਸ਼ਲੇਸ਼ਣ ਉਸਦੀ ਰਾਜਨੀਤਕ ਖੇਤਰ ਵਿਚ ਪੀਡੀ ਪਕੜ ਅਤੇ ਸੰਘਣੀ ਸੂਝ ਕਾਰਨ ਹੀ ਸੰਭਵ ਹੋ ਸਕਿਆ ਹੈ। ਨਾਵਲ ਅੰਦਰਲੇ ਵੇਰਵੇ ਭਾਵੇਂ ਲੇਖਕ ਦੇ ਖੱਬੀ ਧਿਰ ਨਾਲ ਜੁੜਿਆ ਹੋਣ ਦਾ ਸਬੂਤ ਬਣਦੇ ਹਨ, ਪਰ ਉਸਨੇ ਭਾਰਤੀ ਚਿਤਰਪਟ 'ਤੇ ਵਿਚਰਦੀਆਂ ਸੱਜੀਆਂ-ਖੱਬੀਆਂ ਸਭ ਕਿਸਮ ਦੀਆਂ ਛੋਟੀਆਂ ਵੱਡੀਆਂ ਪਾਰਟੀਆਂ ਦੇ ਚਲਣ-ਅਚਲਣ, ਅਚਾਰ-ਵਿਹਾਰ ਨੂੰ ਵਾਚਦਿਆਂ, ਦਲਿਤ ਜਮਾਤਾਂ ਨਾਲ ਹੋ ਰਹੇ ਜਾਂ ਹੁਣ ਤਕ ਹੁੰਦੇ ਰਹੇ ਖਿਲਵਾੜ ਦਾ ਮੁੱਖ ਕਾਰਨ ਬ੍ਰਾਹਮਣਵਾਦੀ ਵਿਚਾਰਧਾਰਾ ਗਰਦਾਨ ਕੇ ਇਕ ਬਹੁਤ ਹੀ ਮਹੱਤਵਪੂਰਨ ਪਰਤ ਪਾਠਕੀ ਦ੍ਰਿਸ਼ਟੀ ਸਾਹਮਣੇ ਪੁਨਰ ਵਿਚਾਰ ਲਈ ਪੇਸ਼ ਕੀਤੀ ਹੈ। ਉਸ ਅਨੁਸਾਰ ਬ੍ਰਾਹਮਣ ਜਾਤੀ ਇਤਿਹਾਸ ਵਲੋਂ ਪੁਸ਼ਟੀਗਤ ਕੇਵਲ ਬ੍ਰਾਹਮਣ ਜਾਤ ਜਾਂ ਕਬੀਲੇ-ਫਿਰਕੇ ਦਾ ਹੀ ਪਰਤਾਓ ਨਹੀਂ ਸਗੋਂ ਜਾਤੀ-ਪ੍ਰਥਾ ਦੀ ਚੁੰਗਲ ਵਿਚ ਜਕੜੇ ਭਾਰਤੀ ਸਮਾਜ ਦੀ ਹਰ ਜਾਤ ਦੀ ਉਸ ਸੋਚ ਦਾ ਪਰਤਾਓ ਹੈ ਜਿਹੜੀ ਭੂਮੀ-ਹੀਣ, ਕਿਰਤੀ, ਗੈਰ-ਆਰੀਅਨ,. ਜਾਂ ਰੰਗਾਂ-ਨਸਲਾਂ ਦੀ ਭਿੰਨਤਾ ਰੱਖਣ ਵਾਲੇ ਲਾਚਾਰ ਜੀਵਾਂ



ਨੂੰ ਪੂਰਨ ਮਨੁੱਖ ਸਮਝਣ ਨੂੰ ਵੀ ਤਿਆਰ ਨਹੀਂ। ਇਹ ਸੋਚ, ਬ੍ਰਾਹਮਣ, ਕਸ਼ੱਤਰੀ, ਵੈਸ਼ ਜਾਤੀਆਂ ਤੋਂ ਉਪਰੰਤ ਸ਼ੂਦਰ ਅਖਵਾਉਂਦੀਆਂ ਜਾਤੀਆਂ ਦੇ ਖਾਂਦੇ-ਪੀਂਦੇ ਲੋਕਾਂ ਵਿਚ ਵੀ ਬਰਾਬਰ ਦੀ ਹੀ ਵਿਦਮਾਨ ਹੈ। ਇਸ ਨਾਵਲ ਦਾ ਨਾਇਕ ਹੁਕਮ ਸਿੰਘ ਕਈ ਸਾਰੀਆਂ ਹੋਰਨਾਂ ਉਦਾਹਰਨਾ ਸਮੇਤ ਉਪਰੋਕਤ ਤੱਥ ਦੇ ਪ੍ਰਮਾਣ ਵਜੋਂ ਸੌਖਿਆਂ ਹੀ ਪੇਸ਼ ਹੋ ਸਕਦਾ ਹੈ।

ਮਨੁੱਖ ਹੱਥੋਂ ਮਨੁੱਖ ਦੀ ਹੁੰਦੀ ਰਹੀ ਦੁਰਗਤ ਲਈ ਕਾਰਜਸ਼ੀਲ ਕਾਰਕਾਂ ਵਿਚ ਅਹਿਮ ਕਾਰਕ, ਜਾਤ-ਪ੍ਰਥਾ ਦੇ ਨਿਕਾਸ ਤੇ ਵਿਕਾਸ ਨੂੰ ਇਸ ਦੀਆਂ ਕੁਲ ਸੰਗਤੀਆਂ-ਵਿਸੰਗਤੀਆਂ ਸਮੇਤ ਪੂਰੀ ਤਫ਼ਸੀਲ ਨਾਲ ਪੇਸ਼ ਕਰਦਿਆਂ ਲੇਖਕ, ਕਰੀਬ ਸਾਰੇ ਵਰਗਾਂ-ਜੱਟਾਂ, ਰਾਜਪੂਤਾਂ, ਸੈਣੀਆਂ, ਰਾਮਦਾਸੀਆਂ, ਬਾਲਮੀਕੀਆਂ, ਬੰਗਾਲਿਆਂ, ਸਿਕਲੀਗਰਾਂ, ਭਾਟੜਿਆਂ, ਕੁਚੀਗਰਾਂ, ਘੁਮਾਰਾਂ, ਠਠੇਰਿਆਂ, ਚਮਾਰਾਂ ਦੇ ਕਿਰਦਾਰ ਅਤੇ ਕਲਚਰ ਦਾ ਬੇਹੱਦ ਵਿਸਥਾਰ ਨਾਲ ਵੇਰਵਾ ਦਿੰਦਾ ਹੈ।

ਇਸ ਤੋਂ ਉਪਰੰਤ, ਸਭ ਤੋਂ ਮਹੱਤਵਪੂਰਨ ਤੱਤ, ਜਿਹੜਾ ਦਲਿਤ ਸ੍ਰੇਣੀਆਂ ਦੀ ਅਜੇਕੀ ਦੁਰਗਤ ਲਈ ਜ਼ੁੰਮੇਵਾਰ ਸ਼ਕਤੀਆਂ ਦੀ ਹਮੇਸ਼ਾ ਪਿੱਠ ਠੋਕਦਾ ਰਿਹਾ ਹੈ, ਲੇਖਕ ਅਨੁਸਾਰ ਉਹ ਹੈ ਧਰਮ। ਉਂਝ ਤਾਂ ਮਨੁੱਖ ਦੇ ਇਤਿਹਾਸ ਨਾਲ ਜੁੜੇ ਇਸ ਦੇ ਭਾਵੀ ਅਤੇ ਸੰਭਾਵੀ ਵਿਸ਼ਵਾਸਾਂ ਨੂੰ ਧਰਮ ਦੀ ਸੰਗਿਆ ਦਿੱਤੀ ਜਾਂਦੀ ਰਹੀ, ਪਰ ਭਾਰਤੀ ਉਪ-ਮਹਾਂਦੀਪ ਵਿਚ ਇਹ ਵਿਸ਼ਵਾਸ ਜਾਂ ਮੱਤ ਏਨੀ ਭਿੰਨਤਾ ਨਾਲ ਖਿੰਡਰੇ ਮਿਲਦੇ ਹਨ ਕਿ ਇਹਨਾਂ ਦੀ ਗਿਣਤੀ ਸੈਂਕੜਿਆਂ ਤਕ ਚਲੀ ਜਾਂਦੀ ਹੈ। ਇਹ ਗਿਣਤੀ ਜਿੱਥੇ ਆਪਣੇ ਹਮ-ਵਿਸ਼ਵਾਸੀ ਵਰਗ ਨੂੰ ਬੇ-ਹੱਦ ਉੱਚਤਮ ਗਰਦਾਨਣ ਵਿਚ ਕੋਈ ਢਿੱਲ ਨਹੀਂ ਕਰਦੀ ਉਥੇ ਬਦਲਵੇਂ ਵਿਸ਼ਵਾਸਾਂ ਵਾਲੇ ਜਨ-ਸਮੂਹਾਂ ਨੂੰ ਨੀਚ, ਅਛੂਤ, ਵਰਗੀਆਂ ਸੰਗਿਆਵਾਂ ਨਾਲ ਧਿਰਕਾਰਦੀ ਵੀ ਰਹੀ ਹੈ। ਲੇਖਕ ਅਨੁਸਾਰ ਦਲਿਤ ਜਮਾਤ ਦੀ ਅਧੋਗਤੀ ਦੇ ਇਤਿਹਾਸ ਵਿਚ ਜਿੱਥੇ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਈਸਾਈ ਜਾਂ ਸਿੱਖ ਧਰਮ ਆਦਿ ਜ਼ੁੰਮੇਵਾਰ ਹਨ ਓਥੇ ਨਿਰੰਕਾਰੀ, ਰਾਧਾ ਸੁਆਮੀ, ਵਰਗੇ ਮੱਤਾਂ ਸਮੇਤ ਵੱਖ ਵੱਖ ਸਮੇਂ ਚੱਲੀਆਂ ਸਮਾਜ-ਸੁਧਾਰ ਲਹਿਰਾਂ-ਵੇਦ ਸਮਾਜ, ਰਾਮਾ ਕ੍ਰਿਸ਼ਨਾ ਮਿਸ਼ਨ, ਸੱਤ ਸਭਾ, ਹਿੰਦੂ ਸਭਾ, ਆਦਿ ਵੀ ਬਰਾਬਰ ਦੀਆਂ ਹੀ ਜ਼ੁੰਮੇਵਾਰ ਹਨ। 'ਦਾਸਤਾਨ ਦਲਿਤਾਂ ਦੀ' ਦਾ ਲੇਖਕ ਨਿੰਦਰ ਗਿੱਲ ਉਪਰੋਕਤ ਧਰਮਾਂ, ਮੱਤਾਂ ਜਾਂ ਲਹਿਰਾਂ 'ਤੇ ਕੇਵਲ ਟਿੱਪਣੀ ਕਰਕੇ ਹੀ ਆਪਣੇ ਨਾਵਲ ਅੰਦਰਲੇ ਸੁਨੇਹੇ ਨੂੰ ਪਾਠਕਾਂ ਤਕ ਨਹੀਂ ਅਪੜਾਉਂਦਾ ਸਗੋਂ ਇਹਨਾ ਦੇ ਨਿਕਾਸ 'ਤੇ ਵਿਕਾਸ ਦੀ ਇਤਿਹਾਸਕ ਤੱਥਾਂ ਰਾਹੀਂ ਪੁਸ਼ਟੀ ਕਰਦਾ ਹੋਇਆ ਪਾਠਕੀ ਸੂਝ ਵਿਚ ਅੰਤਾਂ ਦਾ ਵਾਧਾ ਵੀ ਕਰਦਾ ਹੈ। ਉਦਾਹਰਣ ਹਿਤ ਇਸਾਈਆਂ ਮੁਸਲਮਾਨਾਂ ਦੇ ਧਾਰਮਿਕ ਅਸਰ-ਰਸੂਖ ਤੋਂ ਹਿੰਦੂ ਧਰਮੀਆਂ ਨੂੰ ਬਚਾਈ ਰੱਖਣ ਲਈ ਬਣੀ ਸੱਤ ਸਭਾ, ਅੱਗੇ ਜਾ ਕੇ ਹਿੰਦੂ ਮਹਾ ਸਭਾ ਬਣੀ ਅਤੇ ਹੋਰ ਅੱਗੇ ਪਹੁੰਚ ਕੇ ਇਹੋ ਸੰਸਥਾ ਜੰਨਸੰਘ ਫਿਰ ਭਾਰਤੀ ਜਨਤਾ ਪਾਰਟੀ ਨਾਮ ਦੀ ਸਿਆਸੀ ਪਾਰਟੀ ਦਾ ਰੂਪ ਧਾਰਨ ਕਰ ਗਈ। ਇਵੇਂ ਹੀ ਪੈਰੀਅਰ ਨਾਮੀਂ ਵਿਅਕਤੀ ਦੇ ਵਿਚਾਰਾਂ ਤੋਂ ਵਿਕਾਸ ਕਰਕੇ ਬਣੀ ਡੀ. ਐਮ. ਕੇ., ਅੰਨਾ. ਡੀ. ਐਮ. ਕੇ. ਦਾ ਸੰਖੇਪ ਇਤਿਹਾਸ ਇਸ ਨਾਵਲ ਵਿਚ ਅੰਕਿਤ ਹੋਇਆ ਮਿਲਦਾ ਹੈ।

ਇਸ ਦੀ ਤਫ਼ਸੀਲ ਜਿੱਥੇ ਧਰਮਾਂ, ਪਾਰਟੀਆਂ ਜਾਂ ਫਿਰਕਿਆਂ ਦੇ ਇਤਿਹਾਸਕ ਰੋਲ ਦੀ ਜਾਣਕਾਰੀ ਨਾਲ ਭਰਪੂਰ ਹੈ, ਓਥੇ ਵੱਖ ਵੱਖ ਜਾਤੀਆਂ, ਫਿਰਕਿਆਂ, ਵਰਗਾਂ ਜਾਂ ਸਰਗਾ ਦੇ ਸਮੁੱਚੇ ਕਲਚਰ ਦੀ ਵੀ ਜਾਣਕਾਰੀ ਦਿੰਦੀ ਹੈ। ਇਸ ਪੱਖੋਂ ਨਾਵਲਕਾਰ ਨੇ ਬਿਨਾਂ ਕਿਸੇ ਪੱਖ-ਪਾਤ ਦੇ ਸੱਜੀ-ਖੱਬੀ ਸੋਚ ਵਾਲੀਆਂ ਸਾਰੀਆਂ ਪਾਰਟੀਆਂ ਬਾਰੇ ਨਿਰਣਾਇਕ ਟਿੱਪਣੀ ਵੀ ਕੀਤੀ ਹੈ।

ਪਰ ਚੂੰਕਿ ਨਾਵਲ ਦਾ ਮੂਲ ਧੁਰਾ ਦਲਿਤ ਵਰਗ ਦੀ ਹੋਣੀ ਨਾਲ ਹੁੰਦੇ ਰਹੇ ਤੇ ਹੋ ਰਹੇ ਖਿਲਵਾੜ ਨਾਲ ਸਿੱਧਾ ਸੰਬੰਧਤ ਹੈ, ਇਸ ਲਈ ਲੇਖਕ ਨੇ ਆਪਣੀ ਲਿਖਤ ਦੇ ਵਿਅੰਗ ਨੂੰ ਅੰਬੇਦਕਰੀ

ਸੋਚਧਾਰਾ ਵਾਲੀਆ ਰੀਪਬਲੀਕਨ ਅਤੇ ਬੀ. ਐਸ. ਪੀ. ਨਾਮੀ ਪਾਰਟੀਆਂ ਦੇ ਨਾਮ-ਨਿਹਾਦ ਅਛੂਤ-ਉਧਾਰ ਪ੍ਰੋਗਰਾਮ ਵੱਲ ਨੂੰ ਸਿੱਧਾ ਸੇਧੀ ਰੱਖਿਆ। ਅਜਿਹੀ ਚੀਰ-ਫਾੜ ਕਰਦਿਆ ਲੇਖਕ ਨੇ ਇਤਿਹਾਸ ਦੇ ਕੂੜੇ-ਕਰਕਟ 'ਚ ਡਿੱਗੀਆਂ ਅਛੂਤ ਜਮਾਤਾਂ ਦੀ ਭਲਾਈ ਨੂੰ 'ਤਨੋ-ਮਨੋ ਅਪਣਾਏ' ਦਿਸਦੇ ਹੁਕਮ ਸਿੰਘ ਅਤੇ ਅਛੂਤ-ਉਧਾਰ ਦਾ 'ਮਸੀਹਾ' ਮੰਨੇ ਜਾਂਦੇ ਝਾਂਸੀ ਰਾਮ ਦੀ ਕਰਨੀ ਤੇ ਕਥਨੀ ਵਿਚਲੇ ਫ਼ਰਕ ਨੂੰ ਬੇ-ਹੱਦ ਬੇ-ਬਾਕੀ ਨਾਲ ਪਾਠਕਾਂ ਸਾਹਮਣੇ ਲਿਆਂਦਾ ਹੈ। ਲੇਖਕ ਅਨੁਸਾਰ ਰਾਜ-ਭਾਗ ਦੀਆਂ ਹਿੱਸੇਦਾਰ ਦੂਜੀਆਂ ਪਾਰਟੀਆਂ ਦੇ ਹੋਰਨਾਂ ਨੇਤਾਵਾ ਵਾਂਗ, ਦਲਿਤ ਵਰਗ ਦੇ ਇਹ ਨੇਤਾ ਵੀ 'ਸ਼ਕਤੀ ਲਾਲਸਾ' ਦੀ ਨਾ-ਮੁਰਾਦ ਬੀਮਾਰੀ ਦਾ ਉਵੇਂ ਦੇ ਹੀ ਸ਼ਿਕਾਰ ਹਨ। ਨਾਵਲ ਦੀ ਇਸ ਪਰਤ ਨੂੰ ਪਾਠਕੀ ਸੂਝ ਦਾ ਹਿੱਸਾ ਬਣਾਉਣ ਲਈ ਨਾਵਲਕਾਰ ਨੇ ਸਿਆਸੀ ਤੇ ਸਰਮਾਏਦਾਰਾਨਾ ਰੁਚੀਆ ਵਾਲੇ ਮੁੱਖ ਪਾਤਰ ਹੁਕਮ ਸਿੰਘ ਨੂੰ ਅਨਾਜ-ਮੰਡੀ ਰੋਪੜ ਦੇ ਕਤਲ-ਕਾਂਡ ਤੋਂ ਅਗਲੀ ਸਵੇਰ ਸੈਰ ਕਰਨ ਲਈ ਤੁਰਦਾ ਕਰਕੇ ਤਾਂ ਦਿਨ ਦੇ ਕਾਫ਼ੀ ਸਾਰੇ ਚੜ੍ਹਾ ਤਕ ਉਸਦੀ ਆਪਣੀ ਕੋਠੀ ਵਾਪਸ ਮੁੜਦਾ ਕਰ ਲਿਆ ਹੈ, ਪਰ ਉਸਦੀ ਸੋਚਧਾਰਾ ਭਾਰਤ ਦੇ ਕਰੀਬ ਚਾਰ ਹਜ਼ਾਰ ਸਾਲਾ ਦੇ ਰਾਜਨੀਤਕ, ਧਾਰਮਿਕ, ਆਰਥਿਕ ਤੇ ਭੂਗੋਲਕ ਇਤਿਹਾਸ ਨੂੰ ਪਾਠਕੀ ਚਿੱਤਰਪਟ ਤਕ ਅੱਪੜਦਾ ਕਰਕੇ ਹੀ ਕਰਫਿਊ 'ਉਹਲੇ' ਹੋਈ ਹੈ। ਅਜਿਹੇ ਮੰਤਵ ਦੀ ਪੂਰਤੀ ਲਈ ਲੇਖਕ ਨੂੰ ਇਕ ਤੋਂ ਵੱਧ ਰਚਨਾ-ਜੁਗਤਾ ਦਾ ਸਹਾਰਾ ਲੈਣਾ ਪਿਆ, ਜਿਸ ਵਿਚ ਪਿੱਛਲ ਪੈੜੀ ਸੋਚ ਵਿਧੀ ਅਤੇ ਵਾਰਤਾਲਾਪੀ ਘਟਨਾ-ਕਰਮ ਮੁੱਖ ਤੌਰ 'ਤੇ ਅੰਕਿਤ ਕੀਤੇ ਜਾ ਸਕਦੇ ਹਨ। ਸਤਲੁਜ ਦਰਿਆ ਦਾ ਕਿਨਾਰਾ, ਨੀਮ-ਪਹਾੜੀ ਪੁਆਧ ਦਾ ਇਲਾਕਾ, ਰੋਪੜ ਵਰਗਾ ਇਤਿਹਾਸਕ ਸ਼ਹਿਰ, ਪਛੜੇ ਇਲਾਕੇ ਦਾ ਸਨਅਤੀਕਰਨ, ਹਰ ਪ੍ਰਾਂਤ, ਹਰ ਵਿਚਾਰਧਾਰਾ ਦੀ ਉੱਪਲਭਦੀ ਵਾਲੀ ਇਸ ਥਾਂ ਦੀ ਵਸੋਂ, ਲੇਖਕ ਵੱਲੋਂ ਮਿਥੇ ਟੀਚੇ ਦੀ ਪ੍ਰਾਪਤੀ ਲਈ ਕਾਫ਼ੀ ਤੋਂ ਜ਼ਿਆਦਾ ਸਹਾਈ ਸਿੱਧ ਹੋਈ ਹੈ, ਜਿਸ ਨੂੰ ਨਾਵਲ ਦੇ ਘਟਨਾ-ਕਾਰਜ ਵਿਚ ਸਮੋ ਕੇ ਉਸਨੇ ਆਪਣੇ ਬਹੁ-ਪੱਖੀ ਤੇ ਬਹੁ-ਦਿਸ਼ਾਵੀ ਹੋਣ ਦਾ ਸਬੂਤ ਪੇਸ਼ ਕੀਤਾ ਹੈ।

ਪਰ, ਇਕ ਸਪਾਟ ਕਿਸਮ ਦਾ ਪ੍ਰਸ਼ਨ, ਇਸ ਨਾਵਲ ਦੇ ਪਾਠਕਾ ਵੱਲੋਂ ਨਾਵਲਕਾਰ ਨੂੰ ਸੌਖਿਆਂ ਹੀ ਪੁੱਛਿਆ ਜਾ ਸਕਦਾ ਹੈ ਕਿ-'ਕੀ ਐਡੇ ਵਿਸ਼ਾਲ ਚਿਤਰਪਟ ਵਾਲੀ ਚਾਰ ਕੁ ਸੌ ਸਫੇ ਵਾਲੀ ਕਿਰਤ ਨੂੰ ਨਾਵਲ ਕਹਿਣਾ ਉਚਿਤ ਹੈ ਜਿਸ ਨੂੰ ਸਮਝਣ-ਪਰਖਣ ਲਈ ਗੰਭੀਰ ਤੋਂ ਗੰਭੀਰ ਪਾਠਕ ਨੂੰ ਆਪਣੀ ਸਮਝ ਦੇ ਸਾਰੇ ਹਿੱਸੇ-ਪੁਰਜ਼ੇ ਪੂਰੇ ਕੱਸ ਕੇ ਰੱਖਣੇ ਪੈਂਦੇ ਹਨ?' ਜੇ ਉਸਦਾ ਜਾਂ ਉਸਦੇ ਪਾਠਕਾ ਦਾ ਉੱਤਰ ਹਾਂ ਵਿਚ ਹੋਵੇ ਤਾਂ ਪੰਜਾਬੀ ਨਾਵਲ ਦੀਆਂ ਹੁਣ ਤਕ ਦੀਆਂ ਉਪਲਭਦ ਵੰਨਗੀਆ-ਸੁਧਾਰਵਾਦੀ, ਯਥਾਰਥਵਾਦੀ, ਰੁਮਾਂਸਵਾਦੀ, ਮਸ਼ਕਰੀ ਨਾਵਲਾਂ ਦੀ ਲੜੀ ਵਿਚ 'ਗਿਆਨ-ਕੋਸ਼ੀ' ਨਾਵਲ ਦੀ ਇਕ ਹੋਰ ਸੰਗਿਆ ਜੋੜਨੀ ਉਚਿਤ ਹੋਵੇਗੀ, ਕਿਉਂਕਿ ਨਿੰਦਰ ਗਿੱਲ ਦੀ ਇਸ ਕਿਰਤ ਨੂੰ ਪੜ੍ਹਨ ਉਪਰੰਤ ਸਾਰੀਆਂ ਆਧਾਰ-ਪੁਸਤਕਾਂ ਪੜ੍ਹਨ ਦੀ ਲੋੜ ਨਹੀਂ ਰਹਿੰਦੀ। ਨਾਵਲ ਮੰਨਿਆ ਜਾਵੇ ਜਾਂ ਨਾ ਪਰ ਅਜਿਹੀ ਬਹੁ-ਪਰਤੀ ਕਿਰਤ ਨੂੰ ਜੀ ਆਇਆ ਕਹਿਣਾ ਜ਼ਰੂਰ ਬਣਦਾ ਹੈ।

[ਲਾਲ ਸਿੰਘ]

**ਡਰਿਆ ਮਨੁੱਖ** [ਦਰਸ਼ਨ ਧੀਰ]

'ਡਰਿਆ ਮਨੁੱਖ'ਦਰਸ਼ਨ ਧੀਰ ਦਾ ਚੌਥਾ ਕਹਾਣੀ ਸੰਗ੍ਰਿਹ ਹੈ। ਇਸ ਤੋਂ ਪਹਿਲਾਂ 'ਲੂਣੀ ਮਹਿਕ' (1972) 'ਮਰਦਾ ਸੱਚ'(1976) 'ਦਿਸਹੱਦੇ ਤੋਂ ਪਾਰ'(1987) ਕਹਾਣੀ ਸੰਗ੍ਰਿਹ ਅਤੇ 'ਆਪਣੇ ਆਪਣੇ ਰਾਹ'(1980) 'ਸੰਘਰਸ਼'(1984) 'ਧੁੰਦਲਾ ਸੂਰਜ'(1989) ਅਤੇ 'ਲਕੀਰਾਂ ਤੇ ਮਨੁੱਖ'(1991) ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤਰ੍ਹਾਂ ਧੀਰ ਅੱਠ ਗਲਪ ਪੁਸਤਕਾਂ ਦਾ ਰਚਨਹਾਰ ਹੈ ਜਿਸਨੂੰ ਪੰਜਾਬੀ ਗਲਪ ਸਾਹਿਤ ਵਿਚ ਸਨਮਾਨ ਯੋਗ ਸਥਾਨ ਪ੍ਰਾਪਤ ਹੈ। ਧੀਰ ਦੇ ਗਲਪ ਵਿਚ ਪਰਵਾਸੀ



ਚੇਤਨਾ ਦੇ ਵਿਭਿੰਨ ਪਹਿਲੂਆਂ ਨੂੰ ਵਾਰ ਵਾਰ ਪੇਸ਼ ਕੀਤਾ ਗਿਆ ਹੈ ਪਰ ਉਸਦੀ ਹਰ ਰਚਨਾ ਵਿਚ ਇਨ੍ਹਾਂ ਪਹਿਲੂਆਂ ਦੇ ਨਵੇਂ ਪਾਸਾਰਾਂ ਦਾ ਉਜਾਗਰ ਹੋਣਾ ਉਸਦੀ ਪ੍ਰਾਪਤੀ ਹੈ। ਪੰਜਾਬੀ ਗਲਪ ਵਿਚ ਚੇਤਨਾ ਦੀ ਪੇਸ਼ਕਾਰੀ ਆਮ ਤੌਰ 'ਤੇ ਇਕ ਪਰਤੀ ਤੇ ਸਤਹੀ ਹੁੰਦੀ ਹੈ। ਪਰ ਧੀਰ ਦੀਆ ਰਚਨਾਵਾ ਵਿਚ ਬਹੁ-ਪਾਸਾਰੀ ਤੇ ਵਿਭਿੰਨ ਪਰਤਾ ਨੂੰ ਯਥਾਰਥਕ ਪੱਧਰ 'ਤੇ ਪੇਸ਼ ਕਰਨ ਦਾ ਸਫ਼ਲ ਯਤਨ ਕੀਤਾ ਗਿਆ ਹੁੰਦਾ ਹੈ।

'ਡਰਿਆ ਮਨੁੱਖ' ਕਹਾਣੀ ਸੰਗ੍ਰਹਿ ਵਿਚ ਅਠਾਰਾਂ ਕਹਾਣੀਆ ਹਨ ਜਿਨ੍ਹਾਂ ਵਿਚ ਪੰਜ ਕਹਾਣੀਆਂ (ਰੋਟੀ ਤੇ ਲੱਡੂ, ਚੋਣ, ਬਦਲਾ, ਕੁਰਬਾਨੀ, ਬੰਧੇਜ) ਮਨੁੱਖ ਦੀਆਂ ਸੂਖਮ ਭਾਵਨਾਵਾ ਨੂੰ ਸੰਵੇਦਨਸ਼ੀਲ ਪੱਧਰ 'ਤੇ ਚਿਤਰਿਤ ਕਰਦੀਆ ਹੋਈਆਂ ਹੋਣੀ ਦੇ ਸੱਚ ਤੇ ਯਥਾਰਥਕ ਸੱਚ ਨੂੰ ਇਕ ਧਰਾਤਲ ਪ੍ਰਦਾਨ ਕਰਨ ਦੇ ਸਮਰੱਥ ਹੁੰਦੀਆ ਹਨ। ਦਰਸ਼ਨ ਧੀਰ ਇਨ੍ਹਾਂ ਕਹਾਣੀਆਂ ਵਿਚ ਮਨੁੱਖ ਦੀ ਆਤਮਿਕਤਾ ਨੂੰ ਸਮਾਜਕਤਾ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੋਇਆ ਨਵੇਂ ਅਰਥ ਪ੍ਰਦਾਨ ਕਰਨ ਦੇ ਸਮਰੱਥ ਹੁੰਦਾ ਹੈ। 'ਰੋਟੀ ਤੇ ਲੱਡੂ' ਅਤੇ 'ਚੋਣ' ਦੋ ਅਜਿਹੀਆ ਕਹਾਣੀਆਂ ਹਨ ਜਿਨ੍ਹਾਂ ਵਿਚ ਪਿਆਰ ਦੇ ਅਹਿਸਾਸ ਤੇ ਜੀਵਨ ਦੇ ਯਥਾਰਥ ਨੂੰ ਸੰਤੁਲਨ ਪ੍ਰਦਾਨ ਕਰਦੇ ਹੋਏ ਤਾਰਕਿਕ ਆਧਾਰ ਪੇਸ਼ ਕੀਤਾ ਗਿਆ ਹੈ।

ਦਰਸ਼ਨ ਧੀਰ ਦੀਆਂ ਕਹਾਣੀਆ ਦੀ ਮੁੱਖ ਸੁਰ ਪਰਵਾਸੀ ਚੇਤਨਾ ਦੀ ਹੈ ਜਿਨ੍ਹਾਂ ਵਿਚ ਨਸਲੀ ਵਿਤਕਰਾ, ਭੁਹੇਰਵਾ, ਸਭਿਆਚਾਰਕ ਤਣਾਓ, ਪੀੜ੍ਹੀ ਪਾੜਾ ਤੇ ਜਮਾਤੀ ਸੰਘਰਸ਼ ਦੇ ਵਿਭਿੰਨ ਪਾਸਾਰਾਂ ਨੂੰ ਪੇਸ਼ ਕੀਤਾ ਗਿਆ ਹੈ। 'ਡਰਿਆ ਮਨੁੱਖ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੀ ਪ੍ਰਾਪਤੀ ਇਹੀ ਹੈ ਕਿ ਇਸ ਵਿਚ ਪਰਵਾਸੀ ਚੇਤਨਾ ਦੇ ਪਰੰਪਰਾਗਤ ਪਾਸਾਰਾਂ ਤੋਂ ਹਟ ਕੇ ਵਿਲੱਖਣ ਪਾਸਾਰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਹਰ ਇਕ ਕਹਾਣੀ ਵਿਚਾਰ ਦੇ ਕਿਸੇ ਇਕ ਪੱਖ ਨੂੰ ਪੇਸ਼ ਕਰਨ ਦੀ ਥਾਂ ਬਹੁ-ਪੱਖੀ ਪਾਸਾਰਾਂ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ। ਪ੍ਰਮਾਣ ਹਿਤ 'ਪਿੱਛਾ ਰਹਿ ਗਿਆ ਦੂਰ' ਕਹਾਣੀ ਨੂੰ ਚਰਚਾ ਦਾ ਆਧਾਰ ਬਣਾਇਆ ਜਾ ਸਕਦਾ ਹੈ। ਇਸ ਕਹਾਣੀ ਵਿਚ ਇਕ ਅਜਿਹੇ ਮੁੰਡੇ ਦੀ ਗਾਥਾ ਹੈ ਜੋ ਜਨਮ ਤੇ ਪਰਿਵਾਰਕ ਸੰਸਕਾਰਾਂ ਦੇ ਅੰਤਰਗਤ ਸਿੱਖ ਧਰਮ ਦਾ ਧਾਰਨੀ ਹੁੰਦਾ ਹੋਇਆ ਈਸਾਈ ਮੁੰਡਿਆਂ ਤੇ ਕੁੜੀਆਂ ਦੇ ਪ੍ਰਭਾਵ ਅਧੀਨ ਈਸਾਈ ਬਣ ਜਾਂਦਾ ਹੈ ਪਰ ਨੌਕਰੀ ਦੇ ਮਸਲੇ ਵਿਚ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦਾ ਹੈ ਅਤੇ ਜੀਵਨ ਦੇ ਯਥਾਰਥ ਦੇ ਅਹਿਸਾਸ ਉਪਰੰਤ ਵਾਪਸ ਮੁੜਨਾ ਚਾਹੁੰਦਾ ਹੈ। ਪਰ ਵੱਖ ਵੱਖ ਕਾਰਨਾਂ ਅਤੇ ਪਰਿਸਥਿਤੀਆਂ ਕਾਰਨ ਮਾਨਸਿਕ ਤੌਰ 'ਤੇ ਤ੍ਰਿਸ਼ੰਕੂ ਦੀ ਅਵਸਥਾ ਵਿਚ ਜੀਵਨ ਗੁਜ਼ਾਰਦਾ ਹੈ। ਇਸ ਕਹਾਣੀ ਵਿਚ ਧਾਰਮਿਕ ਸੰਸਕਾਰ, ਮੁੱਖ ਸਭਿਆਚਾਰ ਦਾ ਪ੍ਰਭਾਵ, ਤੀਜੀ ਪੀੜ੍ਹੀ ਦੀ ਸੋਚ, ਰੁਜ਼ਗਾਰ, ਨਸਲੀ ਵਿਤਕਰਾ ਪਿੱਛਲ ਝਾਤ ਦੇ ਅੰਤਰਗਤ ਤਣਾਓ ਦੀ ਸਥਿਤੀ ਆਦਿ ਨੂੰ ਵਿਭਿੰਨ ਪਰਿਪੇਖਾਂ ਵਿਚ ਚਿਤਰਿਤ ਕੀਤਾ ਗਿਆ ਹੈ। ਇਸ ਇਕ ਕਹਾਣੀ ਵਿਚ ਹੀ ਨਸਲੀ ਵਿਤਕਰੇ ਦੀ ਕਰੂਰਤਾ ਅਤੇ ਜੀਵਨ-ਸੱਚ ਦੇ ਪਰਿਪੇਖਾਂ ਨੂੰ ਯਥਾਰਥ ਦੇ ਅੰਤਰਗਤ ਪੇਸ਼ ਕਰਦਿਆ ਸਪਸ਼ਟ ਕੀਤਾ ਗਿਆ ਹੈ ਕਿ ਬਰਤਾਨਵੀ ਸਮਾਜ ਵਿਚ ਗੋਰੀ ਚਮੜੀ ਵਾਲੇ ਲੋਕਾਂ ਦੇ ਅੰਤਹਕਰਨ ਵਿਚ ਨਸਲੀ ਨਫਰਤ ਦਾ ਭਾਵ ਇਤਨਾ ਪ੍ਰਬਲ ਹੈ ਕਿ ਧਰਮ ਦੀ ਸਮਾਨਤਾ ਦੇ ਬਾਵਜੂਦ ਇਹ ਆਪਣਾ ਰੰਗ ਵਿਖਾਉਂਦੀ ਹੈ। ਇਸ ਤੋਂ ਇਲਾਵਾ ਗੌਣ ਸਭਿਆਚਾਰ ਤੇ ਮੁੱਖ ਸਭਿਆਚਾਰ ਦੇ ਅੰਤਰ-ਸੰਬੰਧਾ ਕਾਰਨ ਉਤਪੰਨ ਤਣਾਓ ਦੀ ਸਥਿਤੀ ਨੂੰ ਧਰਮ ਪਰਿਵਰਤਨ ਦੇ ਪਰਿਪੇਖ ਵਿਚ ਪ੍ਰਸਤੁਤ ਕੀਤਾ ਹੈ ਕਿ ਕਿਵੇਂ ਕੱਚੀ ਉਮਰ ਦੇ ਬੱਚਿਆਂ ਨੂੰ ਵੱਖ ਵੱਖ ਸਥਿਤੀਆਂ ਵਿਚ ਪ੍ਰਭਾਵਿਤ ਕਰ ਕੇ ਆਪਣੇ ਧਰਮ ਅਤੇ ਸਭਿਆਚਾਰ ਨਾਲੋਂ ਤੋੜਨ ਦੇ ਉਪਰਾਲੇ ਕੀਤੇ ਜਾਂਦੇ ਹਨ। ਪਰਵਾਸੀਆਂ ਦੀ ਤੀਜੀ ਪੀੜ੍ਹੀ ਦਾ ਧਰਮ ਤੇ ਸਭਿਆਚਾਰ ਪੱਖੋਂ ਜੜ੍ਹਹੀਣ ਹੋਣਾ ਇਕ ਹੋਰ ਪੱਖ ਹੈ ਜੋ ਇਸ ਕਹਾਣੀ ਵਿਚ ਉਭਰ ਕੇ ਸਾਡੇ ਸਾਮ੍ਹਣੇ ਉਜਾਗਰ ਹੁੰਦਾ ਹੈ। ਰੁੜ੍ਹੀਗਤ ਸੱਚ ਅਤੇ ਸੰਸਕਾਰਾਂ ਪ੍ਰਤਿ

ਸੁਹਿਰਦ ਮਾਪਿਆਂ ਦੇ ਜੀਵਨ-ਆਦਰਸ਼ ਨੂੰ ਵੀ ਚਿਤਰਿਤ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਕਹਾਣੀ ਵਿਚ ਪਰਵਾਸੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਜੀਵਨ ਦਾ ਯਥਾਰਥ ਸਮੁੱਚ ਵਿਚ ਸਾਡੇ ਸਾਮ੍ਹਣੇ ਪ੍ਰਗਟ ਹੋ ਜਾਂਦਾ ਹੈ। ਇਸ ਤਰ੍ਹਾਂ ਹੀ 'ਲੱਲੂ ਪੰਜੂ'' 'ਝੱਖੜ ਤੇ ਰੁੱਖ', 'ਉਲਝਣ', 'ਦੌੜ', 'ਖੱਟੀ ਲੱਸੀ ਦਾ ਗਲਾਸ' ਆਦਿ ਕਹਾਣੀਆਂ ਵੀ ਵਿਭਿੰਨ ਪਾਸਾਰਾਂ ਨੂੰ ਪ੍ਰਸਤੁਤ ਕਰਨ ਦੇ ਸਮਰੱਥ ਹਨ।

ਧੀਰ ਦੀਆਂ ਕਹਾਣੀਆ ਵਿਚ ਨਸਲੀ ਵਿਤਕਰਾ (ਡਰਿਆ ਮਨੁੱਖ, ਪਿੱਛਾ ਰਹਿ ਗਿਆ ਦੂਰ) ਭੂਹੇਰਵਾ (ਔਖੀ ਘਾਟੀ, ਦੌੜ) ਪੀੜ੍ਹੀ ਪਾੜਾ (ਉਲਝਣ, ਹਵਾ ਦੇ ਪਰਾਂ 'ਤੇ) ਪਰਿਵਰਤਿਤ ਪਰਿਸਥਿਤੀਆਂ ਅਤੇ ਸਮਾਜੀ ਜਕੜ (ਕੁਰਬਾਨੀ, ਬੰਧੇਜ, ਜੜ੍ਹ, ਬਚਪਨ) ਟ੍ਰੇਡ ਯੂਨੀਅਨਇਜ਼ਮ (ਲੱਲੂ ਪੰਜੂ, ਪੌੜੀ) ਜੀਵਨ-ਯਥਾਰਥ ਤੇ ਸਮਾਜੀ ਯਥਾਰਥ (ਰੋਟੀ ਤੇ ਲੱਡੂ, ਕੁਰਬਾਨੀ, ਚੋਣ) ਵਿਸ਼ੇ ਵਜੋਂ ਪ੍ਰਾਪਤ ਹੈ। ਇਨ੍ਹਾਂ ਕਹਾਣੀਆ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਵਿਚ ਵਿਅਕਤੀ ਵਸਤੂ ਦੀ ਅਪ੍ਰਾਪਤੀ ਨੂੰ ਨਿੱਜੀ ਵਿਅਕਤੀਗਤ ਤੌਖਲਿਆ ਦੇ ਪ੍ਰਗਟਾਵੇ ਦੀ ਥਾਂ ਸਮਾਜੀ ਤੌਖਲਿਆ ਵਿਚ ਰੁਪਾਂਤਰਿਤ ਕੀਤਾ ਗਿਆ ਹੈ।

ਦਰਸ਼ਨ ਧੀਰ ਦੀਆਂ ਕਹਾਣੀਆਂ ਵਿਚ ਪਰਵਾਸੀ ਜੀਵਨ ਵਿਚਲਾ ਬਹੁ-ਪਾਸਾਰੀ ਸੰਤਾਪ ਪਰਿਵਰਤਿਤ ਪਰਿਸਥਿਤੀਆਂ ਦੇ ਅੰਤਰਗਤ ਜੀਵਨ-ਯਥਾਰਥ ਦਾ ਰੂਪ ਅਖਤਿਆਰ ਕਰਦਾ ਹੈ। ਭਾਵੇਂ ਧੀਰ ਇਸ ਸੰਕਟ-ਗ੍ਰਸਤ ਸਥਿਤੀ ਲਈ ਦਿਸ਼ਾ ਨਿਰਦੇਸ਼ ਦੇਣ ਦੇ ਸਮਰੱਥ ਪ੍ਰਤੀਤ ਨਹੀਂ ਹੁੰਦਾ ਪਰ ਉਹ ਮਰਜ਼ ਦੀ ਨਿਸ਼ਾਨਦੇਹੀ ਕਰਦਾ ਹੋਇਆ ਸਮੁੱਚੇ ਪੰਜਾਬੀ ਸਮਾਜ ਸਾਮ੍ਹਣੇ ਪ੍ਰਸ਼ਨ-ਚਿੰਨ੍ਹ ਪੈਦਾ ਕਰ ਕੇ, ਇਕ ਉਸਾਰੂ ਸੋਚ ਵਾਲੇ ਚੇਤੰਨ ਵਿਅਕਤੀ ਦੇ ਰੂਪ ਵਿਚ ਸਾਹਵੇਂ ਆਉਂਦਾ ਹੈ। ਇਸ ਪ੍ਰਕਰਣ ਵਿਚ 'ਲੱਲੂ ਪੰਜੂ', 'ਜੜ੍ਹ', 'ਬਚਪਨ' 'ਬਦਲਾ', 'ਉਲਝਣ' ਆਦਿ ਕਹਾਣੀਆਂ ਵੇਖੀਆ ਜਾ ਸਕਦੀਆਂ ਹਨ। 'ਜੜ੍ਹ' ਕਹਾਣੀ ਵਿਚ ਵਿਦੇਸ਼ਾ ਵਿਚ ਰਹਿੰਦੇ ਹੋਏ ਲੋਟੂ ਕਿਸਮ ਦੇ ਲੋਕ ਸਾਧਾਰਣ ਪਰਵਾਸੀਆਂ ਨੂੰ ਬੇਵਕੂਫ ਬਣਾ ਕੇ ਕਿਸ ਤਰ੍ਹਾਂ ਆਪਣਾ ਉੱਲੂ ਸਿੱਧਾ ਕਰਦੇ ਹਨ, ਦਾ ਵਰਨਣ ਹੈ ਅਤੇ ਸੰਸਕਾਰਾ ਦੇ ਅਧੀਨ ਔਰਤ ਹੋਣੀ ਨੂੰ ਪਰਵਾਨ ਨਹੀਂ ਕਰਦੀ ਸਗੋਂ ਭਵਿੱਖ ਪ੍ਰਤਿ ਚਿੰਤਾਤੁਰ ਹੁੰਦੀ ਹੋਈ ਸੰਘਰਸ਼ਮਈ ਰਾਹ ਅਖਤਿਆਰ ਕਰਦੀ ਹੈ। ਪਰ ਕਹਾਣੀ ਵਿਚ ਸਮਾਧਾਨ ਦੀ ਨਿਸਚਿਤ ਨਿਸ਼ਾਨਦੇਹੀ ਨਹੀਂ ਹੋ ਸਕੀ, ਕੇਵਲ ਸਥਿਤੀ ਦੀ ਪਹਿਚਾਣ ਹੀ ਦ੍ਰਿਸ਼ਟੀ ਗੋਚਰ ਹੈ ਜੋ ਕਿ ਆਪਣੇ ਆਪ ਵਿਚ ਹੀ ਕਥਾ ਦੇ ਸਮਰੱਥ ਹੁੰਦੀ ਹੈ।

ਧੀਰ ਦੀਆ ਕਹਾਣੀਆਂ ਵਿਚੋਂ ਮੂਲ ਤੌਰ 'ਤੇ ਭਿੰਨ ਸਮਾਜੀ ਪ੍ਰਬੰਧ ਵਿਚ ਸੰਘਰਸ਼ਸ਼ੀਲ ਵਿਅਕਤੀ ਪੇਸ਼ ਹੈ ਜਿਸ ਦੀ ਸ਼ਖ਼ਸੀਅਤ ਵਿਚ ਪਰਿਵਰਤਿਤ ਪਰਿਸਥਿਤੀਆਂ ਦੇ ਅੰਤਰਗਤ ਕਈ ਪੱਧਰਾਂ 'ਤੇ ਪਰਿਵਰਤਨ ਆਉਂਦੇ ਹਨ। ਪਦਾਰਥਕ ਸੁੱਖਾਂ ਤੇ ਸਹੂਲਤਾਂ ਦੀ ਪ੍ਰਾਪਤੀ ਲਈ ਵਿਦੇਸ਼ਾਂ ਵਿਚ ਆਏ ਪਰਵਾਸੀਆਂ ਨੂੰ ਅਣਕਿਆਸੀਆਂ ਸੰਤਾਪਮਈ ਸਥਿਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ ਜਿਨ੍ਹਾਂ ਕਾਰਣ ਮਾਨਸਿਕ ਪੱਧਰ 'ਤੇ ਨਵੀਆਂ ਰੁਚੀਆਂ, ਸੋਚਾਂ, ਅਪ੍ਰਾਪਤੀਆਂ ਦਾ ਅਹਿਸਾਸ ਹੁੰਦਾ ਹੈ। ਇੰਝ ਜੰਮਣ-ਭੋਂ ਤੋਂ ਟੁੱਟਣਾ, ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ, ਆਰਥਿਕ ਅਸੁਰੱਖਿਆ ਦੀ ਭਾਵਨਾ ਤੇ ਸਭਿਆਚਾਰਕ ਤਣਾਓ ਦੀ ਸਥਿਤੀ ਉਭਰ ਕੇ ਦ੍ਰਿਸ਼ਟੀ ਗੋਚਰ ਹੁੰਦੀ ਹੈ। ਧੀਰ ਨਾ ਤਾਂ ਇਨ੍ਹਾਂ ਪਰਿਸਥਿਤੀਆਂ ਪ੍ਰਤਿ ਆਦਰਸ਼ਮਈ ਹੈ ਅਤੇ ਨਾ ਹੀ ਨਕਾਰਾਤਮਕ। ਸਗੋਂ ਯਥਾਰਥ ਦੀ ਪੱਧਰ 'ਤੇ ਜੀਵਨ ਦੀਆਂ ਤਲਖ਼ ਹਕੀਕਤਾਂ ਦੀ ਪੇਸ਼ਕਾਰੀ ਵਿਚ ਸੰਤੁਲਨ ਪ੍ਰਦਾਨ ਕਰਦਾ ਹੋਇਆ ਵਿਦੇਸ਼ੀ ਧਰਤੀ ਨੂੰ ਅਚੇਤ ਹੀ ਆਪਣੀ ਧਰਤੀ ਪਰਵਾਨ ਕਰਦਾ ਹੈ ਅਤੇ ਪਿੱਛੇ ਦੀ ਝਾਕ ਨੂੰ ਪਹਿਲੀਆ ਰਚਨਾਵਾ ਦੇ ਵਿਪਰੀਤ ਛੱਡਦਾ ਪ੍ਰਤੀਤ ਹੁੰਦਾ ਹੈ। ਉਹ ਬਰਤਾਨਵੀ ਸਮਾਜ ਵਿਚ ਪਰਵਾਸੀਆਂ ਦੇ ਸਮਾਜਕ



ਜਥਾਰਥ ਦੇ ਭਾਵ-ਬੋਧ ਨੂੰ ਆਰਥਿਕ, ਸਭਿਆਚਾਰਕ ਤੇ ਮਾਨਸਿਕ ਪਰਿਸਥਿਤੀਆਂ ਦੇ ਸੰਦਰਭ ਵਿਚ ਉਜਾਗਰ ਕਰਦਾ ਹੋਇਆ ਅਤੇ ਵਿਕਸਿਤ ਪੂੰਜੀਵਾਦੀ ਸਮਾਜੀ ਪ੍ਰਬੰਧ ਦੀਆਂ ਕਰੂਰਤਾਵਾਂ ਨੂੰ ਪੇਸ਼ ਕਰਦਾ ਹੋਇਆ ਪਰਵਾਸੀ ਮਨੁੱਖ ਦੇ ਉਨ੍ਹਾਂ ਬਹੁ-ਪਾਸਾਰੀ ਸੰਤਾਪਾਂ ਦਾ ਚਿਤਰਣ ਕਰਦਾ ਹੈ ਜੋ ਉਸਨੂੰ ਕਾਰਜਸ਼ੀਲ ਹੋਣ ਤੋਂ ਵਰਜਦੇ ਹਨ ਅਤੇ ਉਸ ਦੇ ਭਾਵੀ ਸੰਕਟ ਦਾ ਕਾਰਣ ਬਣਦੇ ਹਨ।

ਧੀਰ ਆਪਣੀਆ ਰਚਨਾਵਾਂ ਵਿਚ ਇਕ ਤੋਂ ਵੱਧ ਕਾਲਿਕ ਬਿੰਦੂਆਂ ਨੂੰ ਆਪਸ ਵਿਚ ਜੋੜ ਕੇ ਸਾਮਿਅਕ ਸੰਗਠਨ ਸਥਾਪਤ ਕਰਦਾ ਹੋਇਆ ਬਿਖਰੀਆਂ ਤੰਦਾਂ ਨੂੰ ਸੂਤਰਬਧ ਕਰ ਕੇ ਨਿਯਮਤ ਕਰਦਾ ਹੈ ਅਤੇ ਉਨ੍ਹਾਂ ਵਿਚ ਸਾਰਥਿਕਤਾ ਦੇ ਅੰਸ਼ਾ ਦੀ ਨਿਸ਼ਾਨਦੇਹੀ ਕਰਦਾ ਹੈ। ਉਹ ਸਰੀਰਕ ਖਿੱਚ ਵਿਚੋਂ ਪੈਦਾ ਹੋਏ ਪ੍ਰੇਮ ਦਾ ਦੇਵੀਕਰਨ ਨਹੀਂ ਕਰਦਾ ਸਗੋਂ ਜੀਵਨ ਦੀਆਂ ਤਲਖ਼ ਹਕੀਕਤਾਂ ਨੂੰ ਸਮਝਦਿਆਂ ਇਸਦੇ ਛਿਣਭੰਗਰੇ ਅਹਿਸਾਸ ਨੂੰ ਅਹਿਮੀਅਤ ਨਹੀਂ ਦਿੰਦਾ। ਇਸ ਲਈ ਹੀ ਉਹ ਪਿਆਰ ਤੋਂ ਰੋਟੀ ਨੂੰ ਤਰਜੀਹ ਦਿੰਦਾ ਹੈ। ਕੈਰੀਅਰ ਤੇ ਪਿਆਰ ਵਿਚੋਂ ਕੈਰੀਅਰ ਨੂੰ ਸਾਮ੍ਹਣੇ ਰੱਖਦਾ ਹੈ। ਉਸ ਅਨੁਸਾਰ ਰੂਹ ਦੀ ਭੁੱਖ ਦਾ ਅਸਥਾਈ ਅਹਿਸਾਸ ਵਿਅਕਤੀ ਨੂੰ ਜੀਵਨ ਦੀ ਦੌੜ ਵਿਚ ਪਿੱਛੇ ਸੁੱਟ ਦਿੰਦਾ ਹੈ। ਇਸ ਭਾਵਨਾ ਦਾ ਪ੍ਰਗਟਾਵਾ 'ਰੋਟੀ ਤੇ ਲੱਡੂ', 'ਚੋਣ' ਅਤੇ 'ਦੌੜ' ਕਹਾਣੀਆਂ ਵਿਚ ਯਥਾਰਥ ਦੇ ਪ੍ਰਸੰਗ ਵਿਚ ਉਭਰ ਕੇ ਸਾਮ੍ਹਣੇ ਆਉਂਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਕਥਾਕਾਰ ਆਪਣੀਆਂ ਗਲਪ ਰਚਨਾਵਾਂ ਦੇ ਪ੍ਰਸੰਗ ਵਿਚ ਆਪਣਾ ਕਥਾ ਸ਼ਾਸਤਰ ਸਿਰਜਣ ਦੇ ਸਮਰੱਥ ਹੈ। ਉਹ ਕੇਵਲ ਬਰਤਾਨਵੀ ਜਾਂ ਪਰਵਾਸੀ ਗਲਪ ਸਾਹਿਤ ਵਿਚ ਹੀ ਨਹੀਂ, ਸਮੁੱਚੇ ਪੰਜਾਬੀ ਗਲਪ ਸਾਹਿਤ ਵਿਚ ਆਪਣਾ ਸਨਮਾਨਯੋਗ ਸਥਾਨ ਗ੍ਰਹਿਣ ਕਰਨ ਦੇ ਯੋਗ ਹੈ।

[ਸ. ਪ. ਸਿੰਘ]

**ਪੰਜਾਬਨਾਮਾ** [ਬਲਦੇਵ ਬਾਵਾ]

'ਪੰਜਾਬਨਾਮਾ' ਪਰਵਾਸੀ ਕਵੀ ਬਲਦੇਵ ਬਾਵਾ ਦਾ ਤੀਸਰਾ ਕਾਵਿ-ਸੰਗ੍ਰਹਿ ਹੈ। (ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨੇ 107, ਮੁੱਲ 70 ਰੁਪਏ) ਇਸ ਤੋਂ ਪਹਿਲਾਂ ਉਹ ਇਕ ਲੰਬੀ ਕਵਿਤਾ ਦੇ ਰੂਪ ਵਿਚ 'ਇਕ ਖਤ'' ਅਤੇ 'ਬਾਣੀਆਂ ਸ਼ਹਿਰ' ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਿਆ ਹੈ। 'ਪੰਜਾਬਨਾਮਾ', ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ, ਅੱਜ ਦੀ ਕੁਟਿਲ ਤੇ ਕਮੀਨੀ ਰਾਜਨੀਤੀ ਵਿਚੋਂ ਪੈਦਾ ਹੋਈ ਫ਼ਿਰਕੂ ਦਹਿਸ਼ਤ ਨਾਲ ਤਬਾਹ ਹੋਏ, ਤੋੜੇ ਮਰੋੜੇ ਗਏ ਅਭਾਗੇ ਪੰਜਾਬ ਦੀ ਦਾਸਤਾਨ ਹੈ। ਇਸ ਸੰਗ੍ਰਿਹ ਵਿਚ ਪਿਛਲੇ ਦਹਾਕੇ ਦੇ ਪੰਜਾਬ ਦੇ ਦੁਖਾਂਤ ਤੋਂ ਪ੍ਰਭਾਵਿਤ ਪੰਜਾਬੀ ਜੀਵਨ ਵਿਚ ਆਏ ਵਿਗਾੜਾਂ ਦਾ ਕਾਵਿਮਈ ਚਿਤਰਣ ਹੈ। ਪੰਜਾਬ ਵਿਚ ਚਲੀ ਸਿੱਖ ਮੂਲਵਾਦ ਦੀ ਲਹਿਰ ਨੇ ਕਈ ਸਥਾਪਿਤ ਲੇਖਕਾਂ ਤੇ ਚਿੰਤਕਾਂ ਨੂੰ ਮੂਲ ਰੂਪ ਵਿਚ ਹਿਲਾ ਕੇ ਰੱਖ ਦਿੱਤਾ ਅਤੇ ਕਈ ਲੇਖਕ ਆਪਣਾ ਬੌਧਿਕ ਸੁਤੰਲਨ ਗੁਆ ਬੈਠੇ ਤੇ ਖੁਦ ਮੂਲਵਾਦ ਦਾ ਸ਼ਿਕਾਰ ਹੋ ਕੇ ਰਹਿ ਗਏ। ਪਰੰਤੂ ਵੱਡੀ ਗਿਣਤੀ ਵਿਚ ਲੇਖਕ ਸਿਹਤਮੰਦ ਮਨੁੱਖੀ ਕਦਰਾਂ-ਕੀਮਤਾ ਤੇ ਸਦੀਆਂ ਤੋਂ ਚੱਲੀ ਆ ਰਹੀ ਭਾਈਚਾਰਕ ਸਾਂਝ ਨਾਲ ਅਡੋਲ ਖੜ੍ਹੇ ਰਹੇ। ਬਲਦੇਵ ਬਾਵਾ ਵੀ ਅਜਿਹੇ ਹੀ ਲੇਖਕਾਂ ਵਿਚੋਂ ਇਕ ਹੈ। ਇਹਨਾਂ ਕਾਲੇ ਸਮਿਆਂ ਅੰਦਰ ਪੰਜਾਬ ਦੇ ਲੋਕਾਂ ਵੱਲੋਂ ਹੰਢਾਏ ਘੋਰ ਸੰਕਟ ਦਾ ਕਾਵਿ ਚਿਤਰਣ ਕਰਦਿਆਂ ਬਲਦੇਵ ਬਾਵਾ ਨੇ ਭਵਿੱਖ ਦੀ ਉਮੀਦ ਵਿਚ ਆਪਣੇ ਦ੍ਰਿੜ ਵਿਸ਼ਵਾਸ ਨੂੰ ਡੋਲਣ ਨਹੀਂ ਦਿੱਤਾ।

ਇਸ ਕਾਵਿ ਸੰਗ੍ਰਹਿ ਵਿਚ ਪੰਜਾਬ ਦੇ ਸੰਕਟ ਤੇ ਤਬਾਹੀ ਦੇ ਲਗਪਗ ਹਰ ਪੱਖ 'ਤੇ ਸੱਪਸ਼ਟ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਵੀ ਨੇ ਸ਼ੁਰੂ ਦੀਆਂ ਕੁਝ ਕਵਿਤਾਵਾ ਵਿਚ ਆਪਣੀ ਜਨਮ ਭੂਮੀ ਪੰਜਾਬ ਤੇ ਪੰਜਾਬੀਅਤ ਪ੍ਰਤੀ ਆਪਣੇ ਡੂੰਘੇ ਮੋਹ ਤੇ ਉਦਰੇਵੇਂ ਨੂੰ ਪੇਸ਼ ਕੀਤਾ ਹੈ। ਆਪਣੀ ਮਾਂ-ਬੋਲੀ

ਪੰਜਾਬੀ ਤੇ ਜਨਮ-ਭੂਮੀ ਦੀ ਚਰਚਾ ਕਰਦਿਆਂ ਕਈ ਥਾਵਾਂ 'ਤੇ ਉਹ ਅਤੀ ਭਾਵਕ ਤੇ ਸੰਵੇਦਨਸ਼ੀਲ ਵੀ ਹੋਇਆ ਹੈ। ਆਪਣੀ ਜੰਮਣ-ਭੋਂ ਤੋਂ ਦੂਰ ਪਰਵਾਸੀ ਜੀਵਨ ਗੁਜ਼ਾਰਦਿਆਂ ਉਹਦੇ ਮਨ ਵਿਚ ਸਮੇਂ-ਸਮੇਂ ਵਲਵਲੇ, ਪ੍ਰਤੀਕਰਮ ਤੇ ਭਾਵਨਾਵਾਂ ਦੀ ਜੋ ਲਹਿਰ ਉਠਦੀ ਰਹੀ ਹੈ, ਕਵੀ ਨੇ ਉਸ ਨੂੰ ਬੜਾ ਹੀ ਸਹਿਜ ਤੇ ਸਰਲ ਕਾਵਿ ਰੂਪ ਦਿੱਤਾ ਹੈ :

ਮੈਂ ਅੰਬਰ 'ਤੇ ਲਿਖਣਾ ਚਾਹਾਂ ਪਿਆਰ ਨਾਲ ਪੰਜਾਬ
ਪੂਰੇ ਚੰਨ ਦੀ ਟਿਪੀ ਦੇ ਕੇ ਕੂਲ ਤਾਰਿਆਂ ਨਾਲ
ਜਿਥੇ ਪਹਿਲੀ ਅਲਖ ਜਗਾਈ ਤੇਰਾ ਬੂਹਾ ਸੀ
ਜਿਥੇ ਪਹਿਲੀ ਬੁਰਕੀ ਖਾਧੀ ਤੇਰਾ ਚੌਂਕਾ ਸੀ
ਮੱਥੇ ਪਹਿਲੀ ਧੂੜ ਲਗਾਈ ਦਰ ਤੇਰਾ ਹੀ ਸੀ...
ਜਫੀ ਜਿਹੀ ਸਵੇਰ ਸੀ ਤੇਰੀ, ਚੁੰਮਣ ਤੇਰੀ ਤਰਕਾਲ ਸੀ

ਜਦੋਂ ਅਸੀਂ ਆਪਣੇ ਪ੍ਰਦੇਸ਼ ਜਾਂ ਸਥਾਨ ਦਾ ਦੁਖਾਂਤ ਵਰਣਨ ਕਰਦਿਆ ਮਨੁੱਖ ਤੇ ਰਾਜਨੀਤੀ ਦੇ ਪਤਨ ਅਤੇ ਸੰਕਟ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਕਵਿਤਾ ਦੇ ਰਵਾਇਤੀ ਮਾਪਦੰਡਾਂ ਤੇ ਪ੍ਰਚੱਲਿਤ ਮੁਹਾਵਰੇ ਤੋਂ ਥੋੜਾ ਹਟਕੇ ਵੀ ਗੱਲ ਕਰਨੀ ਪੈਂਦੀ ਹੈ। ਤੇ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਜੇ ਬਲਦੇਵ ਬਾਵਾ ਨੇ ਅਜਿਹੀ ਗੱਲ ਕੀਤੀ ਹੈ। ਸਨੱਅਤੀ ਵਿਕਾਸ ਤੇ ਪੂੰਜੀਵਾਦ ਦੀ ਚੜ੍ਹਤ ਦੇ ਕਾਰਣ ਸੰਸਾਰ ਪੱਧਰ 'ਤੇ ਭੋਗਵਾਦੀ ਜਾਂ ਖਪਤਵਾਦੀ (consumer culture) ਸੰਸਕ੍ਰਿਤੀ ਵਾਹ-ਵਾਹ ਵਧੀ ਫੁੱਲੀ ਹੈ। ਇਸ ਸੰਸਕ੍ਰਿਤੀ ਨੇ ਸਾਡੀਆਂ ਪਰੰਪਰਾਗਤ ਕਦਰਾਂ-ਕੀਮਤਾਂ ਉਤੇ ਇਕ ਤਕੜਾ ਹੱਲਾ ਬੋਲਿਆ ਹੈ। 'ਖਾਓ ਪੀਓ ਜੀਓ' ਦੇ ਸੁਖਵਾਦੀ ਸਿਧਾਂਤ ਨੇ ਪੁਰਾਣੇ ਸਭਿਆਚਾਰ ਨੂੰ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ। ਕਵੀ ਪੁਰਾਣੀ ਸਾਂਸਕ੍ਰਿਤਿਕ ਵਿਰਾਸਤ ਦੀ ਟੁੱਟ-ਭੱਜ ਤੋਂ ਬਹੁਤ ਦੁਖੀ ਹੈ ਪਰੰਤੂ ਇਹਦਾ ਕੋਈ ਬਦਲ ਨਾ ਹੋਣ ਤੋਂ ਉਹ ਡਾਢਾ ਬੇਵੱਸ ਅਤੇ ਮਜਬੂਰ ਹੈ। 'ਗਾਨੀ ਚੋਂ ਟੁੱਟਿਆ ਘੁੰਗਰੂ' ਵਿਚ ਇਸ ਸਥਿਤੀ ਨੂੰ ਪੇਸ਼ ਕਰਦਿਆਂ ਉਹ ਕਹਿੰਦਾ ਹੈ :

ਪੰਜਾਬ !
ਵਰਤਮਾਨ ਦਾ ਸਭ ਤੋਂ ਘਟੀਆ ਮਜ਼ਮੂਨ ਮਾਤਭੂਮੀ ਦਾ ਪਿਆਰ ਹੈ
ਆਦਮੀ ਹੁਣ ਕੋਠੀਆਂ ਕਾਰਾਂ ਤੇ ਕੰਮ ਖਾਤਰ
ਕਿਤੇ ਵੀ ਜਾ ਕੇ ਵਸਣ ਲਈ ਤਿਆਰ ਹੈ
ਤੇ ਮਨੁੱਖ 'ਚ ਮਰ ਰਹੀ ਮਨੁੱਖਤਾ ਨੂੰ ਜਾਇਜ਼ ਠਹਿਰਾਉਣ ਲਈ
ਅੱਜ ਜਣਾ-ਖਣਾ ਹੀ ਸਿਧਾਂਤਕਾਰ ਹੈ

ਕਈ ਥਾਵਾਂ ਉਤੇ ਕਵੀ ਨੇ ਪਰਵਾਸੀ ਜੀਵਨ ਦੇ ਸੰਕਟ, ਸੰਤਾਪ ਤੇ ਦਵੰਦ ਨੂੰ ਵੀ ਬਾਖੂਬੀ ਬਿਆਨ ਕੀਤਾ ਹੈ। ਪਰਵਾਸੀ ਜੀਵਨ ਜੀਅ ਰਿਹਾ ਹਰ ਸੰਵੇਦਨਸ਼ੀਲ ਤੇ ਵਿਚਾਰਸ਼ੀਲ ਵਿਅਕਤੀ ਹਮੇਸ਼ਾ ਇਕ ਦਵੰਦ ਦੀ ਅਵਸਥਾ ਵਿਚ ਰਹਿੰਦਾ ਹੈ। ਤੇ ਇਹ ਦਵੰਦ ਉਦੋਂ ਤਕ ਕਾਇਮ ਰਹੇਗਾ ਜਦੋਂ ਤਕ ਸੰਸਾਰ ਭਰ ਦੇ ਲੋਕ ਆਪਣੀਆਂ ਜਾਤਾਂ, ਨਸਲਾਂ, ਰਾਸ਼ਟਰਾਂ, ਧਰਮਾਂ ਤੇ ਰੰਗਾਂ ਦੀਆਂ ਹੱਦਾਂ ਤੋਂ ਪਾਰ ਜਾ ਕੇ ਸਮੁੱਚੇ ਸੰਸਾਰ, ਸਮੁੱਚੀ ਮਨੁੱਖਤਾ ਨੂੰ ਆਪਣਾ ਪਰਿਵਾਰ ਨਹੀਂ ਸਮਝਦੇ।

ਪਰਵਾਸ ਰੂਹਾਂ ਦੀਆਂ ਸੱਖਣਤਾਈਆਂ ਦੀ ਹੀ ਨਹੀਂ
ਨਿਰਾਦਰੀ ਭਰੇ ਅਰਸਿਆਂ ਦਾ ਅਮੁੱਕ ਸਫਰ ਹੁੰਦਾ ਹੈ
ਹਰ ਆਵਾਸੀ ਹੀ



ਖੂਹ ਦੀ ਟਿੰਡ ਵਿਚ ਸਹਿਕਿਆ ਪਿਆ ਉਹ ਡੱਡੂ ਹੁੰਦਾ ਹੈ
ਜੋ ਸਿਲ੍ਹੇ ਹਨੇਰੇ ਚੋਂ ਬਾਹਰ ਕੁੱਦਣ ਲਈ
ਤਮਾਮ ਉਮਰ ਹੀ ਬੱਸ ਸੋਚਦਾ ਰਿਹਾ ਹੁੰਦਾ ਹੈ

ਪਰ ਕਵੀ ਮੁੜ ਮੁੜ ਆਪਣੀ ਜੰਮਣ-ਭੋਂ ਪੰਜਾਬ ਵੱਲ ਪਰਤਦਾ ਹੈ ਅਤੇ ਇਸ ਪ੍ਰਤੀ ਆਪਣਾ ਮੋਹ ਤੇ ਪਿਆਰ ਪ੍ਰਗਟਾਉਂਦਾ ਕਈ ਥਾਵਾਂ ਤੇ ਅਤੀ ਭਾਵਕ 'ਤੇ ਜਜ਼ਬਾਤੀ ਹੋ ਉੱਠਿਆ ਹੈ। 'ਪਿਆਰ ਤੇ ਪੰਜਾਬ' ਕਵਿਤਾ ਵਿਚ ਉਹ ਆਖਦਾ ਹੈ :

ਇਹ ਮੇਰਾ ਹੀ ਤਾਂ ਦਿਲ ਹੈ ਜਿਹਦੀ ਮੁਹੱਬਤ ਦਾ ਫੁੱਲ ਨਹੀਂ ਖਿੜਿਆ
ਦੁਨੀਆ ਵਿਚ ਸਿਰਫ ਦੇਸ਼ ਪੰਜਾਬ ਹੀ ਹੈ ਜਿਸਨੂੰ ਪਿਆਰ ਨਹੀਂ ਮਿਲਿਆ

ਵਾਸਤਵ ਵਿਚ ਸਮੁੱਚੇ ਸੰਗ੍ਰਹਿ ਵਿਚ ਬੌਧਿਕਤਾ ਦੇ ਮੁਕਾਬਲੇ ਭਾਵੁਕਤਾ ਵਧੇਰੇ ਪ੍ਰਭਾਵੀ ਰਹੀ ਹੈ ਤੇ ਇਹ ਭਾਵੁਕਤਾ ਕਈ ਥਾਵਾਂ 'ਤੇ ਕਵੀ ਨੂੰ ਉਲਾਰ ਤੇ ਇਕ-ਪਾਸੜ ਵੀ ਬਣਾ ਦਿੰਦੀ ਹੈ। ਕਵੀ ਪੁਰਾਣੀ ਰਵਾਇਤੀ ਮਨੁੱਖੀ ਸਾਂਝ ਤੇ ਮਨੁੱਖੀ ਕਦਰਾਂ ਦੇ ਗੁਆਚ ਜਾਣ ਤੋਂ ਅਤੀ ਦੁਖੀ ਤੇ ਪੀੜਤ ਹੋਇਆ ਹੈ ਅਤੇ ਉਹ ਅਜੋਕੇ ਯੁਗ ਦੀ ਭੋਗਵਾਦੀ ਸੰਸਕ੍ਰਿਤੀ 'ਤੇ ਵਿਰਲਾਪ ਕਰਦਾ ਹੈ। ਜਿਹੜੇ ਪਾਠਕ ਕਿਸੇ ਕਾਵਿ ਸੰਗ੍ਰਹਿ ਵਿਚੋਂ ਵਿਸ਼ੇ ਦੀ ਵੰਨ-ਸੁਵੰਨਤਾ, ਵਿਸ਼ਾਲਤਾ ਜਾਂ ਮਨੁੱਖੀ ਜੀਵਨ ਤੇ ਬ੍ਰਹਿਮੰਡ ਦਾ ਵਿਰਾਟ ਸੱਚ ਤੇ ਰਹੱਸ ਮਾਨਣਾ ਚਾਹੁੰਦਾ ਹੈ ਉਹ ਇਹ ਕਾਵਿ-ਸੰਗ੍ਰਹਿ ਪੜ੍ਹਦਿਆਂ ਜ਼ਰੂਰ ਅਕੇਵਾਂ ਤੇ ਨੀਰਸਤਾ ਮਹਿਸੂਸ ਕਰੇਗਾ। ਕਵੀ ਨੂੰ ਸਿਰਫ ਪੰਜਾਬ ਸੰਕਟ, ਪੰਜਾਬੀ ਤੇ ਪੰਜਾਬੀਅਤ ਉਤੇ ਕੇਂਦਰਤ ਨਾ ਰਹਿਕੇ ਅਜੋਕੇ ਸਮੁੱਚੇ ਸਮਾਜਕ ਤੇ ਮਨੁੱਖੀ ਸੰਕਟ ਦੀ ਗੱਲ ਕਰਦਿਆਂ ਇਸ ਸੰਕਟ ਦੇ ਪਿੱਛੇ ਕੰਮ ਕਰ ਰਹੇ ਵਰਤਾਰੇ ਦੀ ਵੀ ਗੱਲ ਕਰਨੀ ਚਾਹੀਦੀ ਸੀ। ਇੰਝ ਹੀ ਬੁੱਧੀਵਾਦੀ ਤੇ ਸੰਵੇਦਨਸ਼ੀਲ ਪਾਠਕਾਂ ਦੀ ਸੰਤੁਸ਼ਟੀ ਹੋ ਸਕਦੀ ਸੀ।

ਨਿੱਕੀਆਂ ਨਿੱਕੀਆਂ ਛੰਦਬੱਧ ਕਵਿਤਾਵਾਂ ਵਿਚ ਪੰਜਾਬ ਦਾ ਸੰਕਟ ਤੇ ਸੰਤਾਪ ਚਿਤਰਦਾ ਕਵੀ ਇਸ ਕਦਰ ਪੀੜਤ ਹੋ ਗਿਆ ਹੈ ਕਿ ਇਹ ਪ੍ਰਭਾਵ ਮਿਲਦਾ ਹੈ ਜਿਵੇਂ ਉਸਦਾ ਸਬਰ ਦਾ ਪਿਆਲਾ ਭਰ ਚੁੱਕਿਆ ਹੋਵੇ। ਅਤੇ ਉਸ ਦਾ ਆਪਣਾ ਮਾਨਸਿਕ ਸੰਤੁਲਨ ਵੀ ਹਿੱਲ ਗਿਆ ਹੋਵੇ। ਉਂਝ ਪੰਜਾਬ ਸੰਕਟ ਦੇ ਦੌਰ ਵਿਚ ਸਾਡੇ ਵਰਗੇ ਬਹੁਤੇ ਸਾਰੇ ਲੋਕ ਅਜਿਹੀ ਮਾਨਸਿਕ ਸਥਿਤੀ ਵਿਚੋਂ ਗੁਜ਼ਰੇ ਹਨ। ਇਸ ਹਾਲਤ ਵਿਚ ਇਕ ਨਿੱਕੀ ਜਿਹੀ ਕਵਿਤਾ ਵੇਖੋ :

ਮੈਨੂੰ ਪੰਜਾਬ ਦੀ ਹੋਰ ਖਬਰ ਨਾ ਸੁਣਾਓ
ਕਿਉਂਕਿ ਛਾਤੀ 'ਚੋਂ ਭੁੜਕ ਕੇ ਡਿੱਗਿਆ ਦਿਲ ਵਾਪਸ ਧਰਿਆ ਨਹੀਂ ਜਾਵੇਗਾ
ਚਿੱਟੀ ਬਰਫ ਨਾਲ ਭਰੀ ਸੜਕ 'ਤੇ ਡਿੱਗੇ ਲਾਲ ਦਸਤਾਨੇ ਦੀ ਤਰ੍ਹਾਂ
ਦਿਲ ਹੀਣਿਆਂ ਦੇ ਪੈਰਾ ਹੇਠ ਮਿੱਧਿਆ ਜਾਵੇਗਾ

ਅਖ਼ੀਰ ਵਿਚ ਇਸ ਕਾਵਿ ਸੰਗ੍ਰਹਿ ਦੇ ਸੰਬੰਧ ਵਿਚ ਇਹ ਟਿੱਪਣੀ ਜ਼ਰੂਰੀ ਜਾਪਦੀ ਹੈ। ਬਲਦੇਵ ਬਾਵਾ ਨੇ ਪੰਜਾਬ ਦੇ ਸੰਤਾਪ ਬਾਰੇ ਜੋ ਇੰਨੇ ਵਡੇਰੇ ਵਿਸਥਾਰ ਵਿਚ 'ਪੰਜਾਬਨਾਮਾ' ਵਿਚ ਗੱਲ ਕੀਤੀ ਹੈ, ਉਹ ਏਹੀ ਗੱਲ 107 ਸਫੇ ਵਿਚ ਕਰਨ ਦੀ ਥਾਂ ਇਸ ਮਸਲੇ ਨੂੰ ਥੋੜ੍ਹੇ ਸਫਿਆਂ ਵਿਚ ਸਮੇਟ ਸਕਦਾ ਸੀ। ਅੱਜ ਦਾ ਯੁਗ ਸੰਖੇਪਤਾ ਤੇ ਸ਼ਿੱਦਤ ਦਾ ਯੁਗ ਹੈ ਤੇ ਕੋਈ ਵੀ ਸਾਹਿਤ-ਰਚਨਾ ਕਰਦਿਆਂ ਸੰਖੇਪਤਾ ਤੇ ਸ਼ਿੱਦਤ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਉਂਝ ਬਲਦੇਵ ਬਾਵਾ ਦਾ ਪੰਜਾਬਨਾਮਾ ਇਕ ਸਾਰਥਕ ਉਪਰਾਲਾ ਹੈ।

[ਗੁਰਬਖ਼ਸ਼ ਜਸ, ਇਕਵਿੰਦਰ ਸਿੰਘ]

**ਦਾਇਰੇ** [ਸਤੀਸ਼ ਕੁਮਾਰ ਵਰਮਾ]

ਸਾਹਿਤ ਕਲਾ ਪਰਿਸ਼ਦ ਦਿੱਲੀ ਦੇ ਸਰਬ ਭਾਰਤੀ ਨਾਟ-ਲੇਖਨ ਮੁਕਾਬਲੇ ਵਿਚ ਪ੍ਰਥਮ ਆਏ ਪੰਜਾਬੀ ਨਾਟਕ 'ਦਾਇਰੇ' ਦਾ ਲੇਖਕ ਡਾ. ਸਤੀਸ਼ ਕੁਮਾਰ ਵਰਮਾ ਮੌਲਿਕ ਨਾਟਕਕਾਰ ਹੋਣ ਤੋਂ ਇਲਾਵਾ ਜਾਣਿਆ-ਪਛਾਣਿਆ ਰੰਗਕਰਮੀ ਅਤੇ ਨਾਟ-ਸਮੀਖਿਅਕ ਵੀ ਹੈ। ਉਸਦੀ ਪ੍ਰਤਿਭਾ ਦੇ ਇਹ ਦੋਵੇਂ ਪਾਸਾਰ ਉਸਦੀ ਲਿਖਤ ਵਿਚ ਵੀ ਵਿਦਮਾਨ ਹਨ। 'ਦਾਇਰੇ' ਡਾ. ਸਤੀਸ਼ ਕੁਮਾਰ ਵਰਮਾ ਦਾ ਪਲੇਠਾ ਪੂਰਾ ਨਾਟਕ ਹੈ, (ਸੁਸ਼ਾਂਤ ਪ੍ਰਕਾਸ਼ਨ ਫਰੀਦਾਬਾਦ) ਇਸ ਤੋਂ ਪਹਿਲਾ 'ਟਕੋਰਾਂ'ਅਤੇ 'ਮਸਲਾ ਪੰਜਾਬ ਦਾ' ਲਘੂ-ਨਾਟਕ ਕ੍ਰਮ ਅਨੁਸਾਰ 'ਮੰਚਨ-ਨਾਟਕ' ਅਤੇ 'ਪਗ ਡੰਡੀਆਂ' ਸੰਗ੍ਰਹਿ ਵਿਚ ਪ੍ਰਕਾਸ਼ਤ ਹੋਏ ਅਤੇ ਰੰਗਮੰਚ ਉਪਰ ਸਫਲਤਾ ਸਹਿਤ ਖੇਡੇ ਗਏ ਸਨ। ਪਰ ਇਹਨਾ ਦੋਵਾਂ ਲਘੂ-ਨਾਟਕਾਂ ਨੂੰ ਅਭਿਆਸੀ ਨਾਟਕ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਇਹ ਕਿਸੇ ਵਿਸ਼ੇਸ਼ਤਾ ਨੂੰ ਸਿਰਜਣ ਤੋਂ ਅਸਮਰੱਥ ਰਹੇ ਸਨ ਜਦੋਂ ਕਿ 'ਦਾਇਰੇ' ਨਾਟਕ ਵਿਸ਼ੇ ਅਤੇ ਨਾਟਕੀ ਜੁਗਤਾਂ ਦੇ ਪੱਖੋਂ ਵਿਸ਼ੇਸ਼ਤਾ ਦਾ ਧਾਰਨੀ ਹੈ।

ਅਜੋਕੇ ਸਮੇਂ ਵਿਚ ਵਿਗਿਆਨ ਵਿਚ ਹੋਈ ਤਕਨੀਕੀ ਉਨਤੀ ਨਾਲ ਮਨੁੱਖੀ ਸਮਾਜ ਸਾਹਮਣੇ ਕਈ ਨਵੇਂ ਮਸਲੇ ਦਰਪੇਸ਼ ਹਨ, ਜਿਹੜੇ ਭਿਆਨਕ ਮਾਨਸਿਕ ਅਤੇ ਸਮਾਜਕ ਗੁੰਝਲਾਂ ਨੂੰ ਜਨਮ ਦੇ ਰਹੇ ਹਨ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਸਮਾਜਕ ਵਿਗਿਆਨ ਸਮਾਜ ਅੰਦਰ ਤਕਨੀਕ ਦੀ ਉਨਤੀ ਨਾਲ ਪੈਦਾ ਹੋਈਆਂ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਕਰਨ ਤੋਂ ਅਸਮਰੱਥ ਹੋ ਗਏ ਹਨ। ਵਿਸ਼ਵ ਪੱਧਰ 'ਤੇ ਰਚਿਆ ਜਾ ਰਿਹਾ ਸਾਹਿਤ ਸਮਾਜ ਅੰਦਰ ਵਿਦਮਾਨ ਅੰਤਰ ਵਿਰੋਧਤਾਵਾਂ ਅਤੇ ਜਟਿਲਤਾਵਾਂ ਨੂੰ ਆਪਣੇ ਢੰਗ ਨਾਲ ਪੇਸ਼ ਕਰ ਰਿਹਾ ਹੈ। ਪਰ ਬਹੁਤੇ ਪੰਜਾਬੀ ਸਾਹਿਤਕਾਰ ਕਬੂਤਰ ਵਾਂਗ ਅੱਖਾਂ ਮੀਚੀ ਬੈਠੇ ਹਨ। ਸੰਤਾਨ ਸੰਜਮ ਦੇ ਸਾਧਨਾਂ ਨੇ ਔਰਤ-ਮਰਦ ਦੇ ਆਪਸੀ ਅਤੇ ਸਮੁੱਚੇ ਪਰਿਵਾਰ ਨਾਲ ਰਿਸ਼ਤੇ ਨੂੰ ਪਰੰਪਰਾ ਨਾਲੋਂ ਤੋੜ ਕੇ ਨਵੀਂ ਸਥਿਤੀ ਵਿਚ ਧੱਕ ਦਿੱਤਾ ਹੈ ਜਿੱਥੇ ਨੈਤਿਕ ਮੁੱਲ ਅਤੇ ਕਦਰਾਂ-ਕੀਮਤਾਂ ਪੁਨਰ-ਪਰਿਭਾਸ਼ਤ ਹੋਣ ਲਈ ਯਤਨਸ਼ੀਲ ਹਨ। ਡਾ. ਵਰਮਾ ਦਾ ਨਾਟਕ ਇਸ ਜਟਿਲ ਸਥਿਤੀ ਦੀਆਂ ਕੁਲ ਗੁੰਝਲਾਂ ਨੂੰ ਪੇਸ਼ ਕਰਦਾ ਹੈ। ਸੰਖੇਪ ਵਿਚ ਕਹਾਣੀ ਐਨੀ ਹੈ ਕਿ ਇਕ ਅਖੌਤੀ ਔਰਤ-ਪੱਖੀ ਆਧੁਨਿਕ ਮੱਧਵਰਗੀ ਮੀਆਂ ਦੀ ਆਰਜ਼ੀ ਨੌਕਰੀ ਕਰਦੀ ਬੀਵੀ ਦੇ, ਉਹਨਾਂ ਦੀ ਮਰਜ਼ੀ ਦੇ ਉਲਟ, ਸੰਤਾਨ ਸੰਜਮ ਦੇ ਸਾਧਨਾਂ ਦੇ ਫੇਲ ਹੋ ਜਾਣ ਕਾਰਨ ਗਰਭ ਠਹਿਰ ਜਾਂਦਾ ਹੈ। ਬੀਵੀ ਕੁਝ ਮਮਤਾ ਦਰਸਾਉਂਦੀ ਹੈ, ਪਰ ਮੀਆਂ ਗਰਭ ਗਿਰਾਉਣ ਲਈ ਬਜ਼ਿਦ ਹੈ। ਬੀਵੀ ਅਣਮੰਨੇ ਦਿਲ ਨਾਲ ਗਰਭ ਗਿਰਾਉਣ ਲਈ 'ਦੁਆਈ' ਖਾ ਲੈਂਦੀ ਹੈ। ਪਰ ਗਰਭ ਨਹੀਂ ਗਿਰਦਾ ਅਤੇ ਘਰ ਮੁੰਡਾ ਪੈਦਾ ਹੋ ਜਾਂਦਾ ਹੈ। ਮੱਧਵਰਗ ਦੀ ਦੋਹਰੇ ਮਾਪ ਦੰਡਾਂ ਵਾਲੀ ਦੋਗਲੀ ਮਾਨਸਿਕਤਾ ਉਤੇ ਨਾਟਕਕਾਰ ਨੇ ਸੋਹਣੀ ਚੋਟ ਮਾਰੀ ਹੈ ਕਿ ਅਣਚਾਹੀ ਸੰਤਾਨ ਦੇ ਮੁੰਡਾ ਹੋਣ 'ਤੇ ਮੱਧਕਾਲੀ ਸੰਸਕਾਰਾਂ ਅਨੁਸਾਰ ਵਿਸ਼ੇਸ਼ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਪਰ ਤ੍ਰਾਸਦੀ ਇਹ ਹੈ ਕਿ ਦੁਆਈਆਂ ਦੀ ਵਰਤੋਂ ਕਾਰਨ ਬੱਚਾ ਮਾਨਸਿਕ ਤੌਰ 'ਤੇ ਅਪਾਹਜ ਹੈ ਅਤੇ ਬੋਲਣ ਤੋਂ ਅਸਮਰੱਥ ਹੈ। ਨਾਟਕਕਾਰ ਨੇ ਬੱਚੇ ਦੇ ਅਪਾਹਜ ਹੋਣ ਦੀ ਗੱਲ ਪਹਿਲੇ ਹੀ ਦ੍ਰਿਸ਼ ਵਿਚ ਜਾਣ ਬੁਝਕੇ ਸਪਸ਼ਟ ਕਰ ਦਿੱਤੀ ਹੈ। ਨਾਟਕਕਾਰ ਸਾਹਮਣੇ ਮਸਲਾ 'ਅੱਗੇ ਕੀ ਹੋਊ' ਦੀ ਉਤੇਜਨਾ ਭਰੀ ਉਤਸੁਕਤਾ ਕਾਇਮ ਕਰਨਾ ਨਹੀਂ ਹੈ, ਸਗੋਂ ਉਸਦਾ ਪ੍ਰਯੋਜਨ ਤਾਂ ਕਹਾਣੀ ਦੇ ਪਿੱਛੇ ਕਾਰਜਸ਼ੀਲ ਮਾਨਸਿਕਤਾ ਦੀ ਚੀਰ-ਫਾੜ ਕਰਨਾ ਹੈ। ਨਾਟਕਕਾਰ ਆਧੁਨਿਕ ਮੱਧਵਰਗ ਦੀ ਸਮੁੱਚੀ ਵਿਚਾਰਧਾਰਾ ਨੂੰ ਹੀ ਆਪਣੇ ਵਿਅੰਗ ਨਸ਼ਤਰ ਦਾ ਨਿਸ਼ਾਨਾ ਬਣਾਉਂਦਾ ਹੈ ਕਿ ਕਿਵੇਂ ਖਪਤ ਸਭਿਆਚਾਰ ਵਿਚ ਖਚਤ ਹੋਇਆ ਮਨੁੱਖ, ਮਨੁੱਖੀ ਸਰੋਕਾਰਾਂ ਨੂੰ ਮਾਨਵੀ ਦ੍ਰਿਸ਼ਟੀ ਦੀ ਥਾਵੇਂ ਦਾਨਵੀ ਦ੍ਰਿਸ਼ਟੀ ਤੋਂ ਦੇਖਣ ਲੱਗ ਪਿਆ ਹੈ। ਕੁਦਰਤੀ ਭਾਵਾਤਮਕ ਰਿਸ਼ਤਿਆਂ ਨੂੰ ਸੌਖ ਦੇ ਕਾਰੋਬਾਰੀ ਰਿਸ਼ਤਿਆਂ ਵਿਚ ਬਦਲਿਆ ਜਾ ਰਿਹਾ ਹੈ। "ਆਪਾਂ ਬੱਚਾ ਐਫੋਰਡ ਨਹੀਂ ਕਰ ਸਕਦੇ। ਫੇਰ ਤੂੰ ਹਾਲੇ ਟੈਂਪਰੇਰੀ ਐਂ, ਤੈਨੂੰ ਮੈਟਰਨਿਟੀ ਲੀਵ ਨਹੀਂ ਮਿਲਣੀ। ਨੌਕਰੀ ਅੱਡ ਚਲੀ ਜਾਵੇਗੀ ਤੇ ਬੱਚੇ ਦਾ ਖਰਚਾ ਅੱਡ



ਵਧ ਜਾਏਗਾ।" ਨਾਟਕ ਆਧੁਨਿਕ ਸਮਾਜ ਵਿਚ ਔਰਤ ਮਰਦ ਦੇ ਰਿਸ਼ਤੇ ਦੀਆਂ ਕਈ ਪਰਤਾਂ ਨੂੰ ਖੋਲ੍ਹਦਾ ਹੈ। ਖਾਸ ਕਰਕੇ ਮਰਦ ਦੀ ਮਰਦਾਵੀਂ ਹਉਂ, ਪਤਨੀ 'ਤੇ ਸ਼ੱਕ ਕਰਨ, ਅਖੌਤੀ ਔਰਤ-ਪੱਖੀ ਹੋਣ, ਪੁੱਤਰ ਹੋਣ 'ਤੇ ਗੌਰਵ ਮਹਿਸੂਸ ਕਰਨ ਨੂੰ ਬੜੀ ਚੰਗੀ ਤਰ੍ਹਾਂ ਪੇਸ਼ ਕੀਤਾ ਗਿਆ ਹੈ।

ਇਹ ਨਾਟਕ ਸਿਰਫ ਆਪਣੇ ਵਿਸ਼ੇ ਕਰਕੇ ਹੀ ਨਿਵੇਕਲਾ ਨਹੀਂ ਸਗੋਂ ਇਸਦੀਆਂ ਨਾਟਕੀ ਜੁਗਤਾਂ ਵੀ ਇਸਨੂੰ ਹੋਰ ਨਾਟਕਾਂ ਤੋਂ ਵੱਖਰਾ ਕਰਦੀਆ ਹਨ। ਡਾ. ਵਰਮਾ ਨੇ ਵਿਦੇਸ਼ੀ ਅਤੇ ਪੰਜਾਬੀ ਨਾਟਕ-ਸਾਹਿਤ ਅਤੇ ਨਾਟਕ ਦੇ ਸਿਧਾਂਤ ਪੜ੍ਹੇ ਹੋਏ ਹਨ। ਇਸਦੇ ਨਾਲ ਹੀ ਉਸ ਨੂੰ ਰੰਗਮੰਚ ਦਾ ਲੰਮਾ ਤਜਰਬਾ ਹੈ। ਇਨ੍ਹਾਂ ਦੋਹਾਂ ਗੁਣਾ ਨੇ ਨਾਟਕ 'ਦਾਇਰੇ' ਦੀ ਨਾਟਕੀ ਤਕਨੀਕ ਸਿਰਜਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਨਾਟਕ ਲਿਖਣ ਸਮੇਂ ਹੀ ਸਟੇਜ ਦੀ ਵੰਡ ਕਰਕੇ ਦ੍ਰਿਸ਼ ਵਿਉਂਤਣੇ ਅਤੇ ਰੋਸ਼ਨੀਆਂ ਬਾਰੇ ਨਿਰਦੇਸ਼ਕੀ ਟਿੱਪਣੀਆਂ ਦੇਣੀਆਂ ਉਸ ਦੀ ਰੰਗਮੰਚੀ ਸੂਝ ਦਾ ਪ੍ਰਮਾਣ ਹੈ। ਨਾਟਕਕਾਰ ਨੇ ਸਾਰੇ ਨਾਟਕ ਨੂੰ ਕੁਲ ਪੰਦਰਾਂ ਦ੍ਰਿਸ਼ਾਂ ਵਿਚ ਸਮੇਟਿਆ ਹੈ। ਅਸਲ ਵਿਚ ਵਿਸ਼ੇ ਨੇ ਨਾਟਕ ਦੀ ਤਕਨੀਕ ਨੂੰ ਵੀ ਨਿਰਧਾਰਤ ਕਰ ਦਿੱਤਾ ਹੈ। ਮੀਆਂ ਬੀਵੀ ਦੇ ਰਿਸ਼ਤੇ ਵਿਚ ਐਨਾ ਜ਼ਿਆਦਾ ਤਨਾਅ ਹੈ ਕਿ ਕੋਈ ਦ੍ਰਿਸ਼ ਲੰਮਾ ਜਾ ਹੀ ਨਹੀਂ ਸਕਦਾ। ਵਾਰਤਾਲਾਪ ਸੰਖੇਪ ਅਤੇ ਸੰਜਮੀ ਹਨ, ਪਰ ਸਾਰੇ ਵਿਸ਼ੇਸ਼ ਅਰਥਾਂ ਨਾਲ ਭਰੇ ਹੋਏ ਹਨ। ਮੀਆਂ ਬੀਵੀ ਵਿਚ ਤਣੀ ਚੁੱਪ ਵੀ ਅਰਥ ਸੰਚਾਰਦੀ ਹੈ, ਸਗੋਂ ਵਧੇਰੇ ਸ਼ਕਤੀਸ਼ਾਲੀ ਹੈ। ਵਾਰਤਾਲਾਪ ਤਾਂ ਅੰਦਰ ਭਖ ਰਹੇ ਲਾਵੇ ਨੂੰ ਸ਼ਾਂਤ ਕਰਨ ਦਾ ਸਾਧਨ ਹਨ। ਨਾਟਕਕਾਰ ਨੇ ਵਾਰਤਾਲਾਪ ਵਿਚ ਸ਼ਬਦਾਂ ਦੇ ਉਚਾਰਨ 'ਤੇ ਜ਼ੋਰ ਦੇ ਕੇ ਨਵੀਂ ਭਾਸ਼ਾ ਸਿਰਜੀ ਹੈ। ਪਾਤਰਾਂ ਦੇ ਪਹਿਨਿਆਂ ਕਪੜਿਆ ਦੇ ਰੰਗ ਦੀ ਵੀ ਵਿਸ਼ੇਸ਼ ਮਹੱਤਤਾ ਹੈ। ਮੀਆਂ ਬੀਵੀ ਅਣਚਾਹੇ ਗਰਭ ਨੂੰ ਗਿਰਾਉਣ ਲਈ ਜਦੋਂ ਡਾਕਟਰ ਦੇ ਜਾਂਦੇ ਹਨ ਤਾ ਬੀਵੀ ਦੇ 'ਅਣ-ਪ੍ਰੈਸ ਕੀਤਾ ਕਾਲਾ ਸੂਟ' ਔਰਤ ਦੀ ਮਾਨਸਿਕਤਾ ਵਿਚ ਪਏ ਵੱਟਾਂ ਅਤੇ ਕਾਲਾ ਰੰਗ ਗਰਭ ਦੇ ਬੱਚੇ ਲਈ ਕਾਲ ਦਾ ਪ੍ਰਤੀਕ ਵੀ ਬਣਦੇ ਹਨ। ਇਸੇ ਪ੍ਰਕਾਰ ਰੇਡੀਓ ਤੋਂ ਆ ਰਹੇ ਗੀਤ-ਸੰਗੀਤ ਅਤੇ ਇਸ਼ਤਿਹਾਰਾ ਦੀ ਨਾਟਕ ਦੇ ਪ੍ਰਸੰਗ ਅਨੁਸਾਰ ਵਰਤੋਂ ਲੇਖਕ ਦੀ ਰੰਗਮੰਚੀ ਸੂਝ ਦਾ ਪ੍ਰਮਾਣ ਹੈ। ਇਸੇ ਪ੍ਰਕਾਰ ਮੁੰਡੇ ਦੇ ਜਨਮ ਸਮੇਂ ਹੋ ਰਹੀ ਪਾਰਟੀ ਉਤੇ ਗਾਏ ਜਾਣ ਵਾਲੇ ਲੋਕ ਗੀਤ ਕੇਵਲ ਪਾਰਟੀ ਦਾ ਮਾਹੌਲ ਹੀ ਨਹੀਂ ਦੱਸਦੇ ਸਗੋਂ ਮੱਧਕਾਲੀ ਅਵਚੇਤਨ ਸੰਸਕਾਰਾ ਦੀ ਮਜ਼ਬੂਤ ਪਕੜ ਨੂੰ ਵੀ ਪ੍ਰਗਟਾਉਂਦੇ ਹਨ।

ਨਾਟਕਕਾਰ ਨੂੰ ਮੱਧਵਰਗੀ ਲੋਕਾਂ ਦੀ ਭਾਸ਼ਾ ਉਪਰ ਪੂਰਨ ਵਸੀਕਾਰ ਹੈ। ਸਾਰੇ ਪਾਤਰ ਅੰਗਰੇਜ਼ੀ ਸ਼ਬਦਾਂ ਦਾ ਖੁਲ੍ਹਕੇ ਪ੍ਰਯੋਗ ਕਰਦੇ ਹਨ। ਅੰਗਰੇਜ਼ੀ ਸ਼ਬਦਾਂ ਦਾ ਇਹ ਪ੍ਰਯੋਗ ਇਸ ਸ਼੍ਰੇਣੀ ਦੇ ਭਾਸ਼ਾਈ ਵਿਵਿਹਾਰ ਦਾ ਅਨਿਖੜ ਅੰਗ ਹੈ। ਨਾਟਕ ਦਾ ਵਿਸ਼ਾ ਸੰਤਾਨ ਸੰਜਮ ਦੇ ਸਾਧਨ ਫੇਲ ਹੋਣ ਨਾਲ ਠਹਿਰੇ ਗਰਭ ਦੁਆਲੇ ਘੁੰਮਦਾ ਹੋਣ ਕਰਕੇ ਕਾਮ ਸੰਬੰਧਾਂ ਬਾਰੇ ਹੈ। ਪਰ ਨਾਟਕਕਾਰ ਨੇ ਅਸ਼ਲੀਲ ਸ਼ਬਦਾਂ ਦਾ ਪ੍ਰਯੋਗ ਕਰੇ ਬਗ਼ੈਰ ਸਾਰੀ ਗੱਲ ਸਮਝਾਕੇ ਆਪਣੀ ਭਾਸ਼ਾਈ ਸਮਰੱਥਾ ਦਾ ਸਬੂਤ ਦਿੱਤਾ ਹੈ।

ਆਧੁਨਿਕ ਸਮਾਜ ਦੀਆਂ ਜਟਿਲ ਸਮੱਸਿਆਵਾਂ ਨੂੰ ਮਾਨਵੀ ਪਰਿਪੇਖ ਵਿਚ ਰੰਗਮੰਚੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੋਇਆ ਨਾਟਕ 'ਦਾਇਰੇ' 'ਪੜ੍ਹਨ ਯੋਗ' ਅਤੇ 'ਖੇਡਣ ਯੋਗ' ਨਾਟਕ ਹੈ। ਇਹ ਟੀ. ਵੀ. ਨਾਟਕ ਵਜੋਂ ਵੀ ਫਿਲਮਾਇਆ ਜਾ ਸਕਦਾ ਹੈ।

[ਰਾਜਿੰਦਰ ਪਾਲ ਸਿੰਘ]

ਦੇਹੀ ਨਾਦ [ਸਵਰਨਜੀਤ ਸਵੀ]

ਸਾਡੇ ਪਾਸ ਕੁਝ ਨਵੇਂ ਸ਼ਾਇਰ ਹਨ ਜੋ ਕਵਿਤਾ ਦਾ ਜਟਿਲੀਕਰਣ ਕਰਨ ਵਿਚ ਰੁੱਝੇ ਹੋਏ ਹਨ। ਜਾਂ

ਫਿਰ ਕੁਝ ਅਜਿਹੇ ਹਨ ਜੋ ਕਵਿਤਾ ਦਾ ਅਤਿ ਸਰਲੀਕਰਣ ਕਰ ਕੇ ਲੋਕਾਂ ਨੂੰ ਸ੍ਰਿਸ਼ਟੀ ਵੱਲ ਵੇਖਣ ਦਾ ਢੰਗ ਸਿਖਾਲਣ ਦੀ ਕੋਸ਼ਿਸ਼ ਕਰ ਰਹੇ ਹਨ ਜਦ ਕਿ ਕੁਦਰਤ ਨੂੰ ਮਾਨਣ ਦਾ ਹਰ ਕਿਸੇ ਦਾ ਆਪਣਾ ਢੰਗ ਹੁੰਦਾ ਹੈ। ਕਵਿਤਾ ਜਦ ਵੀ ਆਪਣੇ ਸਹੀ ਰੰਗ-ਰੂਪ ਵਿਚ ਪ੍ਰਗਟ ਹੁੰਦੀ ਹੈ ਤਾਂ ਉਹ ਨਾ ਹੀ ਜਟਿਲ ਹੁੰਦੀ ਹੈ ਨਾ ਹੀ ਸਰਲ। ਉਹ ਅਜਿਹੇ ਕਾਵਿਕ ਸਰੂਰ ਦੀ ਆਮਦ ਹੁੰਦੀ ਹੈ ਜਿਸ ਨੂੰ ਵਿਦਵਾਨ ਅਤੇ ਆਮ ਪਾਠਕ ਵਰਗ ਆਪਣੇ ਢੰਗ ਨਾਲ ਮਾਣ ਸਕਦਾ ਹੈ। ਉਹ ਕਾਗਜ਼ ਉਪਰ ਸ਼ਾਇਰ ਮਨ ਦੇ ਸੰਵੇਦਨਸ਼ੀਲ ਅਹਿਸਾਸ ਰੂਪੀ ਆਪਣੇ ਆਪ ਨਾਲ ਰਚਾਏ ਗਏ ਸੰਵਾਦ ਦਾ ਉਤਾਰਾ ਹੁੰਦੀ ਹੈ। ਕਿਸੇ ਨੂੰ ਰਾਹ ਵਿਖਾਉਣ ਜਿਹਾ ਜਾਂ ਕਿਸੇ 'ਤੇ ਕੁਝ ਠੋਸਣ ਜਿਹਾ ਉਸ ਵਿਚ ਕੁਝ ਵੀ ਨਹੀਂ ਹੁੰਦਾ। ਸਵਰਨਜੀਤ ਸਵੀ ਦੀਆ ਪਹਿਲੀਆਂ ਕਿਤਾਬਾਂ ਵਿਚ ਕੁਝ ਖਾਮੀਆ ਰੜਕਦੀਆਂ ਸਨ। ਪਰ ਸਵੀ ਦੀ ਕਾਵਿ-ਚੇਤਨਾ ਨੇ ਲਗਾਤਾਰ ਵਿਕਾਸ ਕੀਤਾ ਹੈ ਅਤੇ ਅੱਜ ਉਸ ਦੀ ਨਵੀਂ ਕਿਤਾਬ 'ਦੇਹੀ ਨਾਦ' [ਆਧਾਰ ਪ੍ਰਕਾਸ਼ਨ, ਸੈਕਟਰ 17, ਪੰਚਕੂਲਾ, ਪੰਨੇ 175, ਮੁੱਲ 60 ਰੁਪਏ] ਆਪਣੀ ਨਿੱਘੀ ਕੂਲੀ ਧੜਕਦੀ ਦੇਹੀ ਲੈ ਕੇ ਸਾਡੇ ਸਾਹਮਣੇ ਹੈ। 'ਦੇਹੀ ਨਾਦ' ਪੜ੍ਹਨ ਤੋਂ ਬਾਅਦ ਤੀਬਰਤਾ ਨਾਲ ਇਹ ਅਹਿਸਾਸ ਹੁੰਦਾ ਹੈ ਕਿ ਇਹੋ ਹੈ ਸਾਡੇ ਸਮੇਂ ਦੇ ਹਾਣ ਦੀ ਕਵਿਤਾ। ਇਸ ਕਿਤਾਬ ਵਿਚਲੀ ਇਕ ਕਵਿਤਾ ਵਿਚ ਉਹ ਕਹਿੰਦਾ ਹੈ : 'ਕਵਿਤਾ ! ਮੈਂ ਨਹੀਂ ਚਾਹੁੰਦਾ ਵਾਰ ਵਾਰ ਤੇਰੀਆਂ ਮੀਢੀਆਂ ਵਿਚ ਉਹੀ ਘਸੇ ਪੁਰਾਣੇ ਬਿੰਬ ਟੰਗਣੇ...।' 'ਨਹੀਂ ਚਾਹੁੰਦਾ ਮੈਂ... ਵਾਰ ਵਾਰ ਜ਼ਿਕਰ ਕਰਨਾ ਗੌਤਮ ਸਿਧਾਰਥ ਦਾ...।' 'ਨਾ ਹੀ ਮੈਂ ਚਾਹੁੰਦਾ ਹਾਂ ਕਿ ਤੂੰ ਚੁੱਕੀ ਫਿਰੇਂ... ਬੀਤ ਚੁੱਕੀਆਂ ਕਦਰਾਂ-ਕੀਮਤਾਂ ਦੀ ਖੋਖਲੀ ਸਰਵਣੀ ਵਹਿੰਗੀ...।' ਤੇ ਇਹੋ ਕਵਿਤਾ ਹੀ ਪੁਰਾਣੇ ਅੰਦਾਜ਼ ਵਿਚ ਹੈ, ਬਾਕੀ ਸਭ ਕੁਝ ਨਵਾਂ ਹੈ।

ਦੇਹੀ ਦਾ ਨਾਦ ਉਹ ਨਾਦ ਹੈ ਜਿਸ ਨੂੰ ਸਮਝਣ ਦੀ ਜਗਿਆਸਾ ਹਰ ਸੋਚਵਾਨ ਮਨੁੱਖ ਅੰਦਰ ਆਦਿ ਕਾਲ ਤੋਂ ਹੀ ਰਹੀ ਹੈ ਅਤੇ ਸਦਾ ਰਹੇਗੀ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਸਵੀ ਨੇ ਇਸ ਰਾਗ ਦੀ ਧੁੰਨ ਨੂੰ ਪੂਰੀ ਤਰ੍ਹਾਂ ਪਕੜ ਲਿਆ ਹੈ। ਪਰ ਇਸ ਪ੍ਰਤੀ ਆਪਣੀ ਖਿੱਚ ਦੀ ਤੜਫ਼ ਨੂੰ ਉਸ ਨੇ ਜਿਸ ਸੁਹਿਰਦ ਢੰਗ ਨਾਲ ਪੇਸ਼ ਕੀਤਾ ਹੈ ਉਹ ਆਪਣੀ ਮਿਸਾਲ ਆਪ ਹੈ। ਹੁਣ ਜਿਥੋਂ ਤਕ ਉਪਰ ਦਿੱਤੀ ਚੰਗੀ ਕਵਿਤਾ ਦੀ ਪਰਿਭਾਸ਼ਾ 'ਤੇ ਇਸਦੇ ਪੂਰੀ ਉਤਰਨ ਦੀ ਗੱਲ ਹੈ, ਇਹ ਜਟਿਲ ਤਾਂ ਉੱਕਾ ਹੀ ਨਹੀਂ ਹੈ ਪਰ ਸਰਲ ਵੀ ਨਹੀਂ। ਸਰਲ ਇਸ ਲਈ ਨਹੀਂ ਕਿ ਇਸ ਕਵਿਤਾ ਦੇ ਸ਼ਾਬਦਿਕ ਅਰਥਾਂ ਵਿਚ ਵੀ ਇਕ ਬਹੁ ਰੰਗਾਪਣ ਹੈ। ਇਸ ਨੂੰ ਪੜ੍ਹਦਿਆਂ ਹਰ ਪਾਠਕ ਆਪਣੇ ਸੰਦਰਭਾਂ ਵਿਚੋਂ ਆਪਣੇ ਵੱਖਰੇ ਅਰਥ ਇਸ ਨੂੰ ਪ੍ਰਦਾਨ ਕਰ ਸਕਦਾ ਹੈ। ਇੰਜ ਇਹਦੇ ਵਿਚ ਕਾਫੀ ਕੁਝ ਅਣਕਿਹਾ ਵੀ ਹੈ। ਸਿਰਫ ਸਮਝਣ ਲਈ ਇਸ਼ਾਰੇ ਮਾਤ੍ਰ ਹਨ। ਇਹ ਕੁਝ ਪੰਜਾਬੀ ਕਵਿਤਾ ਵਿਚ ਪਹਿਲੀ ਵਾਰ ਸੰਭਵ ਹੋ ਸਕਿਆ ਹੈ ਕਿ ਪਾਠਕ ਕਵਿਤਾ ਦੇ ਅਰਥ ਆਪਣੇ ਜੀਵਨ ਵਿਚੋਂ ਢੂੰਡੇ।

ਪਰ ਪੰਜਾਬੀ ਤੋਂ ਬਾਹਰ ਦੇਹੀ ਦੇ ਇਸ ਨਾਦ ਬਾਰੇ ਹੋਰ ਵੀ ਕਵੀ ਲਿਖਦੇ ਰਹੇ ਹਨ। ਕਦੇ ਅਮਰੀਕੀ ਕਵੀ ਵਾਲਟ ਵਿਟਮੇਨ ਦੀਆਂ ਦੇਹੀ ਬਾਰੇ ਕੁਝ ਕਵਿਤਾਵਾਂ ਨੇ ਧਿਆਨ ਖਿੱਚਿਆ ਸੀ। ਉਸ ਨੇ ਸਾਰੇ ਸਰੀਰਕ ਅੰਗਾਂ ਬਾਰੇ ਕਈ ਕਵਿਤਾਵਾਂ ਲਿਖੀਆਂ ਹਨ। ਵੇਗਮਈ ਹੋਏ ਸਰੀਰਾਂ ਅਤੇ ਚੋਂਦੇ ਰਸ ਨਾਲ ਛਲਕਦੇ ਨਰ ਜੀਵਾਂ ਦਾ ਮਾਦਾ ਜੀਵਾਂ ਉੱਤੇ ਝੁਕਣਾ-ਉਹ ਇਹ ਕੁਝ ਸਰੀਰਾਂ ਦਾ ਗੀਤ ਗਾਉਂਦਾ ਹੋਇਆ ਬਿਆਨ ਕਰਦਾ ਹੈ। ਉਹ ਆਖਦਾ ਹੈ, 'ਮੈ ਸਮੁੱਚੀ ਦੇਹੀ ਬਾਰੇ ਗਾਉਂਦਾ ਹਾਂ... ਸਿਰ ਤੋਂ ਪੈਰਾਂ ਤਕ'। ਉਸ ਦਾ ਦ੍ਰਿਸ਼ਟੀਕੋਣ ਸਵੀ ਨਾਲੋਂ ਇਸ ਗੱਲੋਂ ਵਿਸ਼ਾਲ ਸੀ ਕਿ ਸਵੀ ਜਿੱਥੇ ਮਨੁੱਖੀ ਸਰੀਰਾਂ ਤਕ ਹੀ ਸੀਮਤ ਹੈ ਉਸ ਨੂੰ ਸਾਰੀ ਸ੍ਰਿਸ਼ਟੀ ਵਿਚ ਇਹੋ ਕੁਝ ਧੜਕਦਾ ਦਿਸਦਾ ਹੈ। ਜੇ ਮਨੁੱਖ ਆਪਣੇ ਆਪ ਨੂੰ ਸਮਝ ਲੈਂਦਾ ਹੈ ਉਹ ਸ੍ਰਿਸ਼ਟੀ ਨੂੰ ਵੀ ਸਮਝ ਲੈਂਦਾ ਹੈ। ਭਾਵੇਂ ਸਵੀ ਨੇ ਖੁਦ ਆਪਣੀ ਕਵਿਤਾ ਨੂੰ ਪਾਰ-ਸਰੀਰਕ ਅਧਿਆਤਮਕਤਾ ਵੱਲ ਲੈ ਜਾਣ ਤੋਂ ਗੁਰੇਜ਼ ਕੀਤਾ ਹੈ ਪਰ ਇਸ ਕਵਿਤਾ ਵਿਚ ਸਰੀਰ



ਇਹ ਉਹੋ ਅਧਿਆਤਮਕਤਾ ਹੈ ਜਿਸ ਨੂੰ
ਨੂੰ ਸਮਾਧੀ ਵੱਲ ਲੈ ਕੇ ਜਾਂਦੀ ਅਧਿਆਤਮਕਤਾ ਹੈ ਜ਼ਰੂਰ। ਓਸ਼ੋ ਰਜਨੀਸ਼ ਸੰਭੋਗ ਤੋਂ ਸਮਾਧੀ ਵੱਲ ਜਾਂਦੀ ਅਧਿਆਤਮਕਤਾ ਆਖਦਾ ਹੈ। ਕਿਉਂਕਿ ਕਵੀ ਦੀ ਅੱਖ ਵੇਗਮਈ ਸਰੀਰਾਂ ਨੂੰ ਵੀ ਆਤਮਕ ਗੰਭੀਰਤਾ ਨਾਲ ਵੇਖਦੀ ਹੈ, ਇਸੇ ਲਈ ਇਸ ਕਵਿਤਾ ਵਿਚ ਡੇਵਿਡ ਹੈਨਰੀ ਲਾਰੰਸ ਦੀ ਕਵਿਤਾ ਵਰਗੀ ਅਸ਼ਲੀਲਤਾ ਉੱਕਾ ਨਹੀਂ ਹੈ। ਹਰ ਤਰ੍ਹਾਂ ਦੇ ਸੰਭੋਗੀ ਵਰਣਨ ਦੇ ਬਾਵਜੂਦ ਇਸ ਕਵਿਤਾ ਵਿਚੋਂ ਇਕ ਸਦੀਵੀ ਮਮਤਾ ਛਲਕਦੀ ਹੈ :

ਏ ਰਾਧਾ ! ਰਤੀ ! ਹੇ ਮਾਤਾ !
ਕਿੰਨੇ ਰੂਪ ਨੇ ਤੇਰੇ ਵਰਚਾਉਣ ਦੇ ਪਰਚਾਉਣ ਦੇ...।

ਇਕ ਹੋਰ ਕਵਿਤਾ ਵਿਚ ਉਹ ਆਖਦਾ ਹੈ :

ਤੇਰੇ ਪਿਆਰ ਦੀ ਦੁੱਧ-ਚਿੱਟੀ ਚਾਦਰ ਇਕ, ਮੇਰੇ ਚੁਫੇਰ
ਮੇਰੇ ਮਨ ਦੇ ਲਿੰਗ 'ਤੇ ਤੇਰੇ ਅਹਿਸਾਸਾ ਦੇ ਬੀਜਾਂ ਦੀ ਸਥਾਪਤੀ
ਐ ਦੁੱਧ ਯੋਨੀ...।

ਇਹ ਪੁੱਛਿਆ ਜਾ ਸਕਦਾ ਹੈ ਕਿ ਚਲੋ ਇਹ ਸੂਖਮ ਭਾਵੀ ਕਵਿਤਾ ਤਾਂ ਹੈ ਪਰ ਕੀ ਮਾਰਕਸੀ ਇਹ ਡੂੰਘੇ ਕਾਵਿਕ ਮਨ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਵੀ ਇਹ ਕੋਈ ਸਮਾਜਕ ਕਦਰ ਰਖਦੀ ਹੈ? ਦੀ ਕਿਰਤ ਤਾਂ ਹੈ ਹੀ, ਇਹ ਸਮਾਜੀ ਕਦਰ ਵੀ ਰੱਖਦੀ ਹੈ। ਇਹ ਸਾਨੂੰ ਇਕ ਸਰੀਰਕ ਸਭਿਆਚਾਰ ਪ੍ਰਦਾਨ ਕਰਦੀ ਹੈ ਜਿਸ ਦੀ ਸਾਡੇ ਪੰਜਾਬੀ ਸਭਿਆਚਾਰ ਵਿਚ ਮੋਟੀ-ਠੁੱਲ੍ਹੀ ਨੁਹਾਰ ਤਾਂ ਹੈ ਪਰ ਸਰੀਰਾਂ ਨੂੰ ਯੂਰਪੀ ਲੋਕਾਂ ਵਾਂਗ ਮਾਨਣ ਦਾ ਸਲੀਕਾ ਹਾਲੇ ਅਸੀਂ ਸਿੱਖਣਾ ਹੈ ਅਤੇ ਇਹ ਸਲੀਕਾ ਉਨ੍ਹਾਂ ਵੀ ਪੂਰੀ ਤਰ੍ਹਾਂ ਨਹੀਂ ਅਪਣਾਇਆ ਹੋਇਆ। ਪਰ ਇਸ ਵਿਚ ਇਕ ਭਟਕਣ ਵੀ ਹੈ ਜੋ ਹਰ ਫਲਸਫੇ ਵਿਚ ਹੁੰਦੀ ਹੈ :

ਅਸੀਂ ਲੱਭਦੇ ਕੀ ਹਾਂ ! ਅਸੀਂ ਕੱਢਦੇ ਕੀ ਹਾਂ !

ਸਵੀ ਦੇਹੀ ਦੇ ਇਸ ਨਾਦ ਨੂੰ ਸਮਝਣ ਦੀ ਕੋਸ਼ਿਸ਼ ਵਿਚ ਮਨੁੱਖ ਦੇ ਆਦਿ ਪ੍ਰਾਕਿਰਤਕ ਰੂਪ ਤਕ ਪਿੱਛੇ ਮੁੜ ਕੇ ਵੇਖਣ ਦਾ ਯਤਨ ਕਰਦਾ ਹੈ :

ਤੂੰ ਤੇ ਮੈਂ ਜਿਸਮ ਸਾਂ... ਮੈਂ ਮਰਦ ਤੂੰ ਔਰਤ, ਸਾਡੀ ਇੱਛਾ ਸਭ ਹਾਣ-ਪ੍ਰਵਾਣ...
ਅਸੀਂ ਮਿਲਦੇ-ਭੋਗਦੇ ਮਾਣਦੇ, ਤੇਰੀ ਮੇਰੀ ਭਾਸ਼ਾ ਸਾਡੇ ਜਿਸਮਾਂ ਦੀ ਜ਼ੁਬਾਨ
ਫਿਰ ਸ਼ਬਦ ਆਇਆ... ਤੂੰ ਤ੍ਰਭਕੀ ਮੈਂ ਡੋਲਿਆ
ਤੇ ਅਸੀਂ ਤੂੰ ਤੇ ਮੈ ਤੋਂ- - - ਮਰਦ ਤੇ ਔਰਤ ਤੋਂ
ਮਾਂ-ਪਿਓ-ਪਤਨੀ-ਭੈਣ-ਭਰਾ ਤੇ ਹੋਰ ਕਿੰਨੇ ਹੀ ਸੰਬੋਧਨਾਂ ਵਿਚ ਉਲਝ ਗਏ...।

ਇੰਜ ਸਵੀ ਦੇਹੀ ਦੇ ਨਾਦ ਨੂੰ ਪ੍ਰਾਕਿਰਤਕ ਰੂਪ ਤੋਂ ਲੈ ਕੇ ਅਤਿ ਆਧੁਨਿਕ ਸਮਾਜੀ ਵਰਤਾਰੇ ਤਕ ਲਿਆ ਕੇ ਪਰਖਦਾ ਹੈ। ਸਭਿਅਤਾ ਦੇ ਆਉਣ ਨਾਲ, ਮਨੁੱਖ ਦੇ ਸਮਾਜਕ ਜੀਵ ਬਣਨ ਨਾਲ ਜਿੱਥੇ ਉਸ ਦੇ ਸੁਹਜ-ਸੰਚਾਰ ਵਿਚ ਵਾਧਾ ਹੋਇਆ ਉਥੇ ਕਿੰਨੇ ਹੀ ਗੈਰ-ਕੁਦਰਤੀ ਬੰਧਨਾਂ ਕਾਰਣ ਕਈ ਜਟਿਲ ਸਮਾਜਕ ਅਤੇ ਸਰੀਰਕ ਸਮੱਸਿਆਵਾਂ ਨੇ ਵੀ ਜਨਮ ਲਿਆ ਹੈ। ਇਨ੍ਹਾਂ ਜਟਿਲ ਸਮੱਸਿਆਵਾਂ ਨੇ ਹੀ ਅੱਜ ਮਨੁੱਖ ਨੂੰ ਆਪੇ ਸਿਰਜੇ ਰਿਸ਼ਤਿਆਂ ਤੋਂ ਬਾਗੀ ਹੋਣ ਲਈ ਮਜਬੂਰ ਕੀਤਾ ਹੋਇਆ ਹੈ।

'ਦੇਹੀ ਨਾਦ' ਸਵੀ ਦੀ ਉਹ ਜੀਵੰਤ ਕਵਿਤਾ ਹੈ ਜਿਸ ਨੂੰ ਇਕ ਦੋ ਦਫ਼ਾ ਪੜ੍ਹਨ ਨਾਲ ਹੀ

ਦਿਲਚਸਪੀ ਖਤਮ ਨਹੀਂ ਹੋ ਜਾਇਆ ਕਰਦੀ। ਸਗੋਂ ਇਹ ਤਾਂ ਇਕ ਉਹ ਸਦੀਵੀ ਗੀਤ ਹੈ, ਮਨੁੱਖੀ ਸਰੀਰਾਂ ਨੂੰ ਗਾਉਂਦਾ ਹੋਇਆ, ਜੋ ਹਮੇਸ਼ਾ ਸਾਡੀ ਸਰੀਰਕ ਅਤੇ ਆਤਮਕ ਭੁੱਖ ਬਣਿਆ ਰਹਿੰਦਾ ਹੈ:

ਅੰਨ, ਪਾਣੀ, ਮਾਸ, ਗੰਧ, ਜਿਸਮ, ਸੁਗੰਧ
ਸਭ ਮੇਰੀ ਭੁੱਖ ਪਿਆਸ ਨੇ...।

ਇਹ ਕਵਿਤਾ ਸਮੁੱਚੀ ਪ੍ਰਕਿਰਤੀ ਵਿਚੋਂ ਕਾਮ ਦੇ ਵੇਗ ਨੂੰ ਪੇਸ਼ ਕਰਦੀ ਉਹ ਕਵਿਤਾ ਹੈ ਜਿਸ ਨੂੰ ਸੌੜੇ ਕਾਵਿਕ ਮਾਪਦੰਡਾਂ ਨਾਲ ਨਹੀਂ ਨਾਪਿਆ ਜਾ ਸਕਦਾ। ਸਵੀ ਆਖਦਾ ਹੈ :

ਤੂੰ ਜੋ ਵੀ ਹੈਂ- ਦੇਹ, ਆਕਾਰ, ਨਿਰਾਕਾਰ
ਆਦਮੀ, ਇਮਾਰਤ, ਖਿਡੌਣਾ, ਖ਼ੁਦਾ-ਖ਼ਾਕ, ਖੰਡਰ, ਧਰਤ, ਅਸਮਾਨ
ਸ਼ਬਦ, ਧੁਨੀ, ਲੀਕ
ਤੂੰ ਜੋ ਵੀ ਹੈਂ- ਪੰਛੀ, ਸੂਰਜ, ਲਾਲੀ
ਤੇ ਮੈਂ ਜੋ ਵੀ ਹਾਂ...ਤੇਰੇ ਵਿਚੋਂ ਬਣਿਆ ਉਗਮਿਆ ਅਕਸ ਹਾਂ ਤੇਰਾ...।

ਇੰਜ ਇਹ ਕਵਿਤਾ ਸਮੁੱਚੀ ਕਾਇਨਾਤ ਵਿਚੋਂ ਸਦੀਵੀ ਸੱਚ ਨੂੰ ਤਲਾਸ਼ ਕਰਦੀ ਹੋਈ ਸੂਫ਼ੀ ਵਿਚਾਰਧਾਰਾ ਨਾਲ ਜਾ ਜੁੜਦੀ ਹੈ। ਆਲੋਚਕ ਇਸ ਬਾਰੇ ਕਈ ਤਰ੍ਹਾਂ ਦੀ ਵਿਆਖਿਆ ਕਰ ਸਕਦੇ ਹਨ, ਫਤਵੇ ਦੇ ਸਕਦੇ ਹਨ। ਇਸ ਦਾ ਚਿਹਨਕ ਵਰਣਨ ਕਰ ਸਕਦੇ ਹਨ। ਇਹ ਸਭ ਸ਼ਬਦਾਂ ਦੀ ਬੌਧਿਕ ਖੇਡ ਹੀ ਹੋਵੇਗੀ। ਅਸਲੀ ਜੀਵੰਤ ਚੀਜ਼ ਹੈ ਸਵੀ ਦੀ ਇਹ ਕਵਿਤਾ, ਪੰਜਾਬੀ ਦੀ ਨਵੀਂ ਕਵਿਤਾ, ਸਮੇਂ ਦੇ ਹਾਣ ਦੀ ਕਵਿਤਾ...। ਇਸ ਕਿਤਾਬ ਦੀ ਆਪਣੀ ਦੇਹੀ ਵੀ ਅੰਤਰਰਾਸ਼ਟਰੀ ਪੱਧਰ ਦੀ ਹੈ ਅਤੇ ਇਕੋ ਸਮੇਂ ਹਿੰਦੀ ਪੰਜਾਬੀ ਵਾਲੇ ਦੋ ਭਾਸ਼ੀ ਰੂਪ ਕਾਰਣ ਇਹ ਹੋਰ ਵੀ ਮੁੱਲਵਾਨ ਹੋ ਗਈ ਹੈ।

ਅਮਰਜੀਤ ਗਰੇਵਾਲ ਦੀ ਲਿਖੀ ਆਦਿਕਾ ਪਾਠਕ ਨੂੰ ਕਵਿਤਾਵਾਂ ਨਾਲ ਹੋਰ ਵੀ ਚੰਗੀ ਤਰ੍ਹਾਂ ਜੋੜਦੀ ਹੈ ਅਤੇ ਇਹੋ ਕਿਸੇ ਆਦਿਕਾ ਦਾ ਉਦੇਸ਼ ਹੁੰਦਾ ਹੈ ਅਤੇ ਹੋਣਾ ਚਾਹੀਦਾ ਹੈ।

[ਮਹਿਮਾ ਸਿੰਘ]

**ਸਲ੍ਹਾਬੀ ਹਵਾ [ਦਰਸ਼ਨ ਬੁੱਟਰ]**

ਬਦਲਦੇ ਸਮਾਜਕ, ਆਰਥਿਕ ਅਤੇ ਸਭਿਆਚਾਰਕ ਪਰਿਪੇਖ ਵਿਚ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਖੇਤਰ ਵਿਚ ਸਾਹਿਤ, ਕਲਾ, ਇਤਿਹਾਸ ਅਤੇ ਸਭਿਆਚਾਰ ਵਿਚ ਵਿਆਪਕ ਪੱਧਰ 'ਤੇ ਤਬਦੀਲੀਆਂ ਦ੍ਰਿਸ਼ਟੀਗੋਚਰ ਹੋ ਰਹੀਆਂ ਹਨ। ਇਹ ਤਬਦੀਲੀਆਂ ਜਿਥੇ ਭੌਤਿਕ ਪੱਧਰ 'ਤੇ ਮਨੁੱਖੀ ਅਜਾਰੇਦਾਰੀ ਅਤੇ ਕੌਮਾਂ ਦੀ ਗਤੀਸ਼ੀਲਤਾ ਦਾ ਪ੍ਰਗਟਾਵਾ ਕਰਦੀਆਂ ਹਨ, ਉਥੇ ਕਿਸੇ ਬੱਝਵੀਂ ਵਿਚਾਰਧਾਰਾ ਦੀ ਕਮੀ ਅਥਵਾ ਅੰਦੋਲਨ ਦੀ ਵਜ੍ਹਾ ਕਰਕੇ, ਸਾਹਿਤ ਕਲਾ ਤੇ ਸਭਿਆਚਾਰ ਦੇ ਖਿੱਤੇ ਵਿਚ ਵਿਅਕਤੀਵਾਦੀ ਰੁਝਾਨ ਉਭਰ ਕੇ ਸਾਹਮਣੇ ਆ ਰਹੇ ਹਨ। ਪੰਜਾਬੀ ਕਵਿਤਾ ਜਿਹੜੀ ਕਦੇ ਲਹਿਰਾਂ ਦੇ ਤਹਿਤ ਆਪਣੀ ਹਉਂ ਸਿਰਜਦੀ ਰਹੀ ਹੈ, ਹੁਣ ਨਿਰੋਲ ਕਵਿਤਾ ਬਣਨ ਦੇ ਆਹਰ ਵਿਚ ਜੁਟੀ ਹੋਈ ਹੈ। ਨਾਲ ਨਾਲ ਬਿੰਬਾਂ ਦੀ ਬੇਲੋੜੀ ਵਰਤੋਂ ਤੋਂ ਬੇਮੁਖ ਹੋ ਕੇ ਆਪਣਾ ਰੂਪ ਸੁਆਰਨ ਵੱਲ ਵੀ ਰੁਚਿਤ ਹੋਈ ਜਾਪਦੀ ਹੈ। ਅਜਿਹੇ ਵਕਤ ਜਦੋਂ ਕਵਿਤਾ ਦਾ ਇਹ ਬਦਲਦਾ ਰੂਪ ਕਾਵਿ ਸ਼ਿਲਪ ਪੱਖੋਂ ਨਿਖਾਰ ਅਤੇ ਵਿਸ਼ੇ ਪੱਖ ਤੋਂ ਸਮੁੱਚੀ ਪੰਜਾਬੀ ਕਵਿਤਾ ਤੋਂ ਇਕ ਵੱਖਰੀ ਧਿਰ ਵਜੋਂ ਉਭਰ ਰਿਹਾ ਹੈ, ਉਥੇ ਗੈਰ ਸਭਿਆਚਾਰਕ ਪ੍ਰਸੰਗਾਂ ਹਿਤ ਇਹ ਸ਼ਾਇਰੀ ਸੰਚਾਰ ਦੀ ਸਮੱਸਿਆ ਦੀ ਗ੍ਰਿਫ਼ਤ ਵਿਚ ਵੀ ਆਉਂਦੀ ਜਾ ਰਹੀ ਹੈ। ਅਜਿਹੇ ਵੇਲਿਆਂ ਵਿਚ ਨੌਜਵਾਨ ਕਵੀ ਦਰਸ਼ਨ ਬੁੱਟਰ ਦੀ ਦੂਸਰੀ ਪੁਸਤਕ



'ਸਲ੍ਹਾਬੀ ਹਵਾ' (ਅਮਨ ਪਬਲੀਕੇਸ਼ਨਜ਼, ਨਾਭਾ, ਮੁੱਲ 60 ਰੁਪਏ) ਸ਼ਾਇਰੀ ਦੇ ਇਸ ਰੁਝਾਨ ਸਾਹਵੇਂ ਇਕ ਸੁਆਲ ਲੈ ਕੇ ਹਾਜ਼ਰ ਹੈ ਕਿ ਕੀ ਪੰਜਾਬੀ ਕਵਿਤਾ ਨੇ ਸਭਿਆਚਾਰ-ਮੁਕਤ ਸੰਜਮ ਰਾਹੀਂ ਪੰਜਾਬੀ ਸਭਿਆਚਾਰਕ ਵਰਤਾਰੇ ਵਿਚੋਂ ਖਾਰਜ ਹੋਣਾ ਹੈ ਜਾਂ ਉਸ ਨੇ ਸਭਿਆਚਾਰਕ ਵਜੂਦ ਦੀਆਂ ਆਤ੍ਰਿਕ ਇਕਾਈਆਂ ਵਿਚ ਗੂੰਜਦੇ ਸੰਗੀਤ ਸਮੇਤ ਵਿਚਾਰਧਾਰਕ ਤੌਰ 'ਤੇ ਜੁੜੇ ਹੋਏ ਪਾਠਕਾਂ ਨਾਲ ਰਾਬਤਾ ਬਣਾਈ ਰੱਖਣਾ ਹੈ। ਬੁੱਟਰ ਦੀ ਇਹ ਪੁਸਤਕ ਦੂਸਰੇ ਸੁਆਲ ਦੇ ਜਵਾਬ ਵਿਚ ਸਮੁੱਚੇ ਰੂਪ ਵਿਚ ਖੜ੍ਹੀ ਹੈ।

ਪਹਿਲਾ ਬੁੱਟਰ 'ਔੜ ਦੇ ਬੱਦਲ' ਰਾਹੀਂ ਪੰਜਾਬੀ ਪਾਠਕਾਂ ਨਾਲ ਆਪਣਾ ਪਰਿਚੈ ਕਰਵਾ ਚੁੱਕਾ ਹੈ। ਇਸ ਪੁਸਤਕ ਨਾਲ ਉਸ ਦਾ ਕਾਵਿ-ਸ਼ਿਲਪ ਵੀ ਨਿੱਖਰ ਕੇ ਸਾਹਮਣੇ ਆ ਗਿਆ ਹੈ। ਇਸ ਪੁਸਤਕ ਵਿਚਲੀ ਸ਼ਾਇਰੀ ਨਿੱਜ-ਮੁੱਖੀ ਹੁੰਦੀ ਹੋਈ ਵੀ, ਨਿੱਜ-ਮੁਖੀ ਨਹੀਂ ਸਗੋਂ ਪੰਜਾਬੀ ਬੋਲੀ ਦੀ ਆਪਣੀ ਵੇਦਨਾ, ਤੜਪ, ਸੋਚ ਅਤੇ ਇਹਦੀ ਮਿੱਟੀ ਦੀ ਕਵਿਤਾ ਹੈ। ਇਹ ਸ਼ਾਇਰੀ ਕਿਸੇ ਰਾਜਨੀਤਕ ਜਾਂ ਵਿਚਾਰਧਾਰਕ ਸੰਜਮ ਦੀ ਉਪਜ ਨਹੀਂ ਤੇ ਨਾ ਹੀ ਸਮਕਾਲੀਨ ਕਾਵਿ-ਚਲਨ ਦੀ ਕਿਰਿਆ-ਪ੍ਰਕਿਰਿਆ ਦੀ ਉਪਜ ਵਜੋਂ ਸਾਡੇ ਸਾਹਮਣੇ ਆਈ ਹੈ, ਸਗੋਂ ਇਹ ਤਾਂ ਮਨ ਦੇ ਦਰਵੇਸ਼ੀ ਪਲਾਂ 'ਚੋਂ ਪੈਦਾ ਹੋਈ ਸਹਿਜ ਪੇਸ਼ਕਾਰੀ ਹੈ। ਨਿਰ ਉਚੇਚ ਕਾਵਿਕ-ਉਡਾਰੀ ਹੈ।

ਆਪਣੀ ਬੋਲੀ ਦੇ ਸੰਸਕ੍ਰਿਤਕ ਪਰਿਪੇਖ ਤੋਂ ਮੁਕਤ ਹੋਣ ਦੀ ਭਾਵਨਾ ਤਹਿਤ ਜਿਸ ਸੰਰਚਨਾ ਦੀ ਤਲਾਸ਼ ਵਿਚ ਪੰਜਾਬੀ ਕਵਿਤਾ ਭਟਕ ਰਹੀ ਹੈ ਬਿਲਕੁਲ ਉਸਦੇ ਸਮਵਿੱਥ ਬੁੱਟਰ ਦੀ ਕਵਿਤਾ ਵਰਤਮਾਨ ਅਤੇ ਅਤੀਤ ਰਾਹੀਂ ਸਮੁੱਚੀ ਪੇਂਡੂ ਚੇਤਨਾ ਨੂੰ ਭਵਿੱਖ ਦੇ ਖੌਫ਼ ਤੋਂ ਬਚਣ ਲਈ ਪ੍ਰੇਰਦੀ ਹੈ। ਪਿਆਰ ਦੀ ਭਾਵਨਾ ਵਿਚ ਮਾਨਵਵਾਦੀ ਸੰਦੇਸ਼ ਦੀ ਭਾਵਨਾ ਵਧੇਰੇ ਪ੍ਰਬਲ ਹੈ। ਬੁੱਟਰ ਦੀ ਸ਼ਾਇਰੀ ਤਪਦੇ ਥਲ ਵਿਚ ਤੁਪਕਾ ਕੁ ਨੀਰ ਵਾਂਗ ਹੈ। ਅਤੇ ਅੱਖਾਂ ਵਿਚ ਵਸੇ ਹੋਏ ਗਿਲੇ ਸ਼ਿਕਵਿਆਂ ਦਾ ਅਤੀਤ ਹੈ। ਅਜਿਹੀ ਸ਼ਾਇਰੀ ਵਿਅਕਤੀਗਤ ਹੁੰਦੀ ਹੋਈ ਵੀ ਵਿਅਕਤੀਗਤ ਨਹੀਂ ਹੁੰਦੀ।

ਯਾਦ ਦੀ ਅਹਿਮੀਅਤ ਜਾਣ ਨਾਲ ਹੈ
ਜਾਣ ਵਾਲਾ ਛੱਡ ਜਾਂਦਾ ਹੈ
ਜ਼ਿਹਨ ਦੇ ਪਰਦੇ 'ਤੇ ਅਤੀਤ ਦੇ ਕੁਝ
ਭਵਿੱਖ ਦੇ ਸੁਫਨੇ, ਫ਼ਾਸਲੇ ਦੀ ਨੇੜਤਾ
ਖੁਸ਼ੀ ਵਰਗਾ ਗ਼ਮ, ਸੁਆਦ ਵਰਗੀ ਤੜਪ
ਤੇ ਬਰਫ਼ ਵਰਗੀ ਅੱਗ।

ਬੁੱਟਰ ਕਵਿਤਾ ਵਿਚ ਗੈਰ ਅਲੰਕ੍ਰਿਤ ਭਾਸ਼ਾ ਦਾ ਇਸਤੇਮਾਲ ਕਰਦਾ ਹੈ। ਕਾਵਿ ਚਤੁਰਤਾ ਦੀ ਅਣਹੋਂਦ ਉਸ ਦੇ ਅੰਤਰੀਵ ਦੀ ਸਹੀ ਤਸਵੀਰ ਪੇਸ਼ ਕਰਦੀ ਹੈ। ਭਾਵੇਂ ਲੋੜ ਤੋਂ ਵੱਧ ਦੁਹਰਾਓ ਉਸ ਦੀ ਕਵਿਤਾ ਵਿਚ ਆਮ ਵੇਖਿਆ ਜਾ ਸਕਦਾ ਹੈ ਪਰ ਉਸ ਦੀ ਸਾਦਗੀ ਅਤੇ ਕਵਿਤਾ ਕਹਿਣ ਦਾ ਨਿਰ-ਉਚੇਚ ਯਤਨ ਦੁਹਰਾਉ ਨੂੰ ਬਹੁਤਾ ਐਬ ਨਹੀਂ ਬਣਨ ਦਿੰਦਾ।

ਮੈਂ ਰੁਕਿਆ ਹਾਂ-ਡਿੱਗਿਆ ਨਹੀਂ
ਬਦਸਲੂਕੀ ਮੇਰੀ ਮਾੜੀ ਦਾ ਵੀ ਕਰਮ ਨਹੀਂ
ਜੇ ਹੱਥ ਨਹੀਂ ਫੈਲਾਏ ਤਾਂ ਮੁੱਠੀਆਂ ਵੀ ਨਹੀਂ ਮੀਟੀਆਂ
ਹਵਾਂ ਦੀ ਦਸਤਕ 'ਤੇ ਬੂਹਾ ਖੁਲ੍ਹਦਾ ਰਿਹਾ।

ਬੁੱਟਰ ਦੀ ਸ਼ਾਇਰੀ ਪਿਆਰ-ਪ੍ਰਾਪਤੀ ਤੋਂ ਉਰਾਰ ਦਾ ਸਫ਼ਰ ਹੈ। ਪ੍ਰਾਪਤੀ ਅਤੇ ਅਪ੍ਰਾਪਤੀ ਵਿਚਕਾਰ ਸੀਤ ਯੁੱਧ। ਪਰ ਇਥੇ ਉਹ ਕਾਲਪਨਿਕ ਦੁਜੈਲੇ ਸੰਬੰਧ ਸਥਾਪਿਤ ਨਹੀਂ ਕਰਦਾ ਤੇ ਨਾ ਹੀ ਆਪਣੀ ਪਹਿਲੀ ਸਥਿਤੀ ਤੋਂ ਵਿਦਰੋਹ ਕਰਦਾ ਹੈ। ਇਉਂ ਉਹ ਉਰਾਰ ਤੇ ਪਾਰ ਵਿਚ ਇਕ ਕੜੀ ਵਜੋਂ ਆਪਣੀ ਸ਼ਾਇਰੀ ਸਮੇਤ ਹਾਜ਼ਰ ਹੈ। ਸਗੋਂ ਉਹ ਅਜਿਹੀ ਚੇਤਨਾ ਕਾਵਿ ਦੇ ਮਾਧਿਅਮ ਰਾਹੀਂ ਵਿਕਸਤ ਕਰਦਾ ਜਾਪਦਾ ਹੈ ਜਿਸ ਦਾ ਸਿੱਧਾ ਸੰਬੰਧ ਪੌਰਾਣਿਕ ਇਤਿਹਾਸਕ ਕਾਰਜਾਂ ਦੀ ਪਿੱਠ-ਭੂਮੀ ਦੀ ਵਿਰਾਸਤੀ ਸੰਭਾਲ ਨਾਲ ਜੁੜਦਾ ਹੈ।

ਤ੍ਰਿੰਞਣਾਂ 'ਚੋਂ ਬੋਲ ਪਛਾਨਣ ਵਾਲੀਏ
ਚਰਖੇ ਦੀ ਘੂਕ ਸੁਣ ਕੇ ਨੀ ਉਤਰਨਾ ਪਹਾੜੋਂ ਕਿਸੇ ਜੋਗੀ ਨੇ
ਨਹੀਂ ਟੁੱਟਣੀ ਚਰਖਾ ਕੱਤਦੀ 'ਤੇ ਕਿਸੇ ਚੋਬਰ ਨੇ ਖਿੱਲਾਂ ਦੀ ਮੁੱਠੀ
ਉਡੀਕੀਂ ਨਾ ਸਾਨੂੰ, ਕੱਚੇ ਦੁੱਧ ਨੂੰ ਜਾਗ ਨਾ ਲਾਵੀਂ

ਬੁੱਟਰ ਦੀ ਕਵਿਤਾ ਪੰਜਾਬੀ ਸਭਿਆਚਾਰਕ ਧੁਨੀਆ ਨੂੰ ਕਾਵਿਕ ਪ੍ਰਤੀਕ ਚਿਤਰਾਂ ਰਾਹੀਂ ਸਥੂਲ ਪੱਧਰ 'ਤੇ ਚਿਤਰਦੀ ਹੈ। ਇਹ ਕਵਿਤਾ ਸਮੁੱਚੇ ਰੂਪ ਵਿਚ ਮੁਹੱਬਤ ਬਾਰੇ ਹੁੰਦੀ ਹੋਈ ਵੀ, ਮੁਹੱਬਤ ਬਾਰੇ ਗੰਭੀਰ ਨਹੀਂ ਜਾਪਦੀ, ਸਗੋਂ ਮੁਹੱਬਤ ਨੂੰ ਇਕ ਮਾਧਿਅਮ ਵਜੋਂ ਸਵੀਕਾਰ ਕੇ ਪਾਠਕ ਨੂੰ ਸੰਬੋਧਨ ਕਰਦੀ ਹੈ। ਜਾਪਦਾ ਹੈ ਸ਼ਾਇਰ ਪਾਠਕਾਂ ਨਾਲ ਸਿੱਧਾ ਹੀ ਮੈਂ ਤੂੰ ਦਾ ਸੰਬੰਧ ਬਣਾ ਕੇ ਸੰਵਾਦ ਰਚਾਉਂਦਾ ਹੈ। ਇਸ ਸ਼ਾਇਰੀ 'ਚ ਸਮੁੱਚੇ ਤੌਰ 'ਤੇ ਪੰਜਾਬੀ ਲੋਕ ਧੁਨੀਆਂ ਦਾ ਸੰਗੀਤ ਮੌਜੂਦ ਹੈ। ਰੀਤਾਂ ਰਿਵਾਜਾਂ ਦਾ ਚਿਹਨਤ ਵਾਤਾਵਰਣ ਸਹਿਜ ਹੀ ਮਨ ਨੂੰ ਮੋਹ ਲੈਂਦਾ ਹੈ।

ਆਪਣੀ ਮਿੱਟੀ ਦੀ ਪਛਾਣ ਵਜੋਂ ਜਜ਼ਬਿਆਂ ਦੀ ਵਿਲੱਖਣਤਾ ਬੁੱਟਰ ਦੀ ਸ਼ਾਇਰੀ ਵਿਚ ਸਤੁੰਲਨ ਗ੍ਰਹਿਣ ਕਰਦੀ ਜਾਪਦੀ ਹੈ। ਇਹ ਗੱਲ ਇਸ ਸ਼ਾਇਰ ਨੂੰ ਅਲਹਿਦਾ ਪਛਾਣ ਤਾਂ ਦਿਵਾਵੇਗੀ ਹੀ, ਸਗੋਂ ਸਮੁੱਚੀ ਪੰਜਾਬੀ ਸ਼ਾਇਰੀ ਦੇ ਸਾਹਿਤਕ ਸਭਿਆਚਾਰਕ ਮਾਡਲ ਵਿਚ ਪਰੰਪਰਾ ਨਾਲ ਨਵੇਂ ਪਹਿਲੂ ਤੋਂ ਨਾਤਾ ਹੋਰ ਵੀ ਗੂੜ੍ਹਾ ਕਰੇਗੀ। ਬੁੱਟਰ ਦੀ ਸ਼ਾਇਰੀ ਦਾ ਇਕ ਹੋਰ ਅਹਿਮ ਪਹਿਲੂ ਹੈ ਸਿਰਜਣਾਤਮਕ ਵਪਾਰ-ਪ੍ਰਕਿਰਿਆ ਤੋਂ ਮੁਕਤੀ। ਅਜਿਹਾ ਹੋਣ ਕਾਰਨ ਹੀ ਉਸ ਦੀ ਪੁਸਤਕ ਵਿਚ ਰਚਨਾਤਮਕ ਮੁੱਲ ਭਾਰੂ ਹੋਏ ਹਨ। ਬੁੱਟਰ ਨੇ ਸਮਕਾਲੀਨ ਪੰਜਾਬੀ ਸੰਤਾਪ ਦੇ ਸੰਬੰਧ ਵਿਚ ਵੀ ਕਵਿਤਾਵਾਂ ਕਹੀਆਂ ਹਨ। ਸ਼ਾਇਰ ਆਪਣੇ ਕਾਵਿ-ਪ੍ਰਵਚਨ ਵਿਚ ਸਾਮਿਅਕ ਯਥਾਰਥ ਤੋਂ ਵੀ ਅਣਭਿੱਜ ਨਹੀਂ ਰਿਹਾ।

ਚਿੱਤ ਚੇਤੇ ਵੀ ਨਹੀਂ ਸੀ
ਸੁਹਾਗ ਦੀ ਚੁੰਨੀ ਘਰਦਿਆਂ ਹੱਥੋਂ ਲੀਰੋ-ਲੀਰ ਹੋਵੇਗੀ..
ਹੱਦ ਦਰਵਾਜ਼ੇ ਉੱਲੂ ਬੋਲਣਗੇ
ਅਸੀਂ ਤਾਂ ਚਾਨਣੀਆ ਰਾਤਾਂ 'ਚ
ਸੈਫ਼ਲ ਮਲੂਕ ਦਾ ਕਿੱਸਾ ਸੁਣਨ ਦੇ ਆਦੀ ਸਾਂ।

[ਗੁਰਮੀਤ ਕੱਲਰਮਾਜਰੀ]





## ਸਿਰਜਣਾ ਦੇ 100 ਵੇਂ ਅੰਕ ਵੱਲ

ਲੱਗਾ ਤਾਂ ਚੌਥਾਈ ਸਦੀ ਤੋਂ ਵੀ
'ਸਿਰਜਣਾ' ਦਾ ਪ੍ਰਕਾਸ਼ਨ ਜਦ 100 ਵੇਂ ਅੰਕ ਵੱਲ ਵਧਣ ਲੱਗਾ ਤਾਂ ਚੌਥਾਈ ਸਦੀ ਤੋਂ ਵੀ ਯਾਦਾਂ ਨਾਲ ਕੁਝ ਗੌਰਵ
ਵੱਧ ਦੇ ਸਮੇਂ ਉਤੇ ਸਰਸਰੀ ਝਾਤ ਪਾਉਂਦਿਆਂ ਅਨੇਕਾਂ ਖੱਟੀਆਂ-ਮਿੱਠੀਆਂ ਗੌਰਵਤਾ ਦੇ ਇਸੇ ਅਹਿਸਾਸ ਵਿਚੋਂ
ਜਿਹੇ ਦਾ ਅਹਿਸਾਸ ਹੋਇਆ। ਨਿਮਰਤਾ ਦਾ ਪੱਲਾ ਛੱਡਦਿਆਂ ਪਾਠਕਾਂ ਨਾਲ ਸਾਂਝੀ ਕਰਨ
ਅੰਕ 96 ਵਿਚ ਇਸ ਦੇ 100 ਵੇਂ ਅੰਕ ਦੀ ਪ੍ਰਕਾਸ਼ਨਾ ਦੀ ਖੁਸ਼ੀ ਅਗਾਉਂ ਜਾਰੀ ਸੀ ਕਿ ਇਸ ਤਰ੍ਹਾਂ ਦੀ
ਨੂੰ ਦਿਲ ਕਰ ਆਇਆ। ਭਾਵੇਂ ਆਪਣੇ ਆਪ ਨਾਲ ਇਹ ਕਸ਼ਮਕਸ਼ ਹਰ ਪੱਧਰ ਦੇ 'ਸਿਰਜਣਾ'
ਗੱਲ ਕਰਨੀ ਉਚਿਤ ਵੀ ਹੈ ਜਾਂ ਨਹੀਂ। ਪਰ ਉਹ ਸਤਰਾਂ ਲਿਖੇ ਜਾਣ ਪਿੱਛੋਂ ਹੀ ਏਨੀ ਸੰਤੁਸ਼ਟੀ ਹੋ
ਦੇ ਪਾਠਕਾਂ ਤੇ ਹਿਤੈਸ਼ੀਆਂ ਤੋਂ ਜਿਹੋ ਜਿਹੇ ਸੁਨੇਹਾ ਮਿਲਿਆ ਹੈ, ਉਸ ਨਾਲ ਹੁਣੇ ਇਕ ਗੌਲਣਯੋਗ
ਗਈ ਹੈ ਕਿ ਬਾਕੀ ਹੋਰ ਭਾਵੇਂ ਕੁਝ ਵੀ ਨਾ ਹੋਵੇ। ਪੰਜਾਬੀ ਸਾਹਿਤ-ਸੰਸਾਰ ਵਿਚ ਵੱਲੋਂ ਜਦੋਂ
ਭਾਈਚਾਰਾ ਅਜਿਹਾ ਹੈ ਜੋ 'ਸਿਰਜਣਾ' ਦੀ ਘਾਲ ਦਾ ਪ੍ਰਸ਼ੰਸਕ ਹੈ। ਅਜਿਹੇ ਭਾਈਚਾਰੇ 'ਸਿਰਜਣਾ' ਦੀ
ਪ੍ਰਸ਼ੰਸਾ ਤੇ ਹਲਾਸ਼ੇਰੀ ਵਾਲਾ ਹੁੰਗਾਰਾ ਮਿਲਦਾ ਹੈ ਤਾਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਜਿਵੇਂ ਸਾਵੀਆਂ
ਘਾਲ ਥਾਇੰ ਪਈ ਹੈ ਅਤੇ ਇੰਝ ਝੱਲੀਆਂ ਹੋਈਆ ਸਾਰੀਆ ਤਕਲੀਫਾਂ ਤੇ ਔਖਿਆਈਆਂ 100 ਵੇਂ ਅੰਕ
ਹੋ ਜਾਂਦੀਆਂ ਹਨ। ਅਨੇਕਾਂ ਤੀ ਸਾਹਿਤਕਾਰ ਦੋਸਤਾਂ ਨੇ ਨਿਜੀ ਤੌਰ 'ਤੇ 'ਸਿਰਜਣਾ' ਦੇ ਦਿੱਤਾ ਹੈ।
ਦੇ ਹਵਾਲੇ ਨਾਲ ਕਾਫੀ ਕੁਝ ਕਿਹਾ ਹੈ, ਸੁਝਾਅ ਦਿੱਤੇ ਹਨ ਅਤੇ ਸਹਿਯੋਗ ਦਾ ਵਚਨ ਸਾਹਿਤ-ਜਗਤ ਦੇ
ਅਜਿਹੇ ਸੱਜਣਾਂ ਵਿਚ ਜਦੋਂ ਪ੍ਰੋਫੈਸਰ ਪ੍ਰੀਤਮ ਸਿੰਘ ਵਰਗੇ ਪੰਜਾਬੀ ਅਕਾਦਮਿਕ ਤੇ ਵੀ ਖੁਸ਼ੀ ਦੇ
ਸਤਿਕਾਰਤ ਵਿਅਕਤੀ ਸ਼ਾਮਲ ਹੁੰਦੇ ਹਨ ਤਾਂ ਅਵੱਗਿਆ ਦੇ ਦੋਸ਼ ਦਾ ਭਾਗੀ ਬਣਦਿਆਂ ਸੀ ਕਿ ਇਸ
ਭਾਵ ਸਾਂਝੇ ਕੀਤੇ ਬਿਨਾ ਨਹੀਂ ਰਿਹਾ ਜਾਂਦਾ। ਪ੍ਰੋਫੈਸਰ ਸਾਹਿਬ ਨੇ ਆਦੇਸ਼ ਇਹ ਦਿੱਤਾ ਰਾਹੀਂ ਕੀਤੀ
ਬਾਰੇ 'ਸਿਰਜਣਾ' ਵਿਚ ਜਾਂ ਕਿਤੇ ਵੀ ਹੋਰ ਜ਼ਿਕਰ ਨਾ ਕੀਤਾ ਜਾਵੇ। ਪਰ 'ਸਿਰਜਣਾ' ਉਹਨਾ ਦੇ ਕਹਿਣ
ਗਈ ਨਿਰੰਤਰ ਸੇਵਾ ਲਈ ਉਹਨਾਂ ਨੇ ਸੰਪਾਦਕ ਨੂੰ ਇਕ ਰਕਮ ਭੇਜੀ ਹੈ, ਜੋ ਪ੍ਰੋਫੈਸਰ ਸਾਹਿਬ ਨੇ
ਅਨੁਸਾਰ ਸੌਵੇਂ ਅੰਕ ਵਿਚ ਮਾੜਾ-ਮੋਟਾ ਹੱਥ ਵਟਾਏਗੀ। ਇਹ ਰਕਮ ਭੇਜਦਿਆਂ ਵੀ।' ਪ੍ਰੋਫੈਸਰ
ਕਿਹਾ ਹੈ ਕਿ 'ਇਹ ਖੁਸ਼ੀ ਪ੍ਰਗਟਾਉਣ ਦਾ ਸਾਧਨ ਮਾਤਰ ਹੈ ਤੇ ਅਸੀਸ ਦੀ ਸੂਚਕ ਹੁੰਦੀ ਹੈ, ਇਹ ਅਸੀਂ
ਪ੍ਰੀਤਮ ਸਿੰਘ ਵਰਗੀ ਬਜ਼ੁਰਗ ਸ਼ਖਸੀਅਤ ਦੀ ਅਸ਼ੀਰਵਾਦ ਕਿੰਨੀ ਅਰਥ ਭਰਪੂਰ ਪਾਸਿਆਂ ਤੇ
ਸਭ ਜਾਣਦੇ ਹਾਂ। ਪ੍ਰੋਫੈਸਰ ਪ੍ਰੀਤਮ ਸਿੰਘ ਦੀ 'ਅਸੀਸ' ਵਰਗਾ ਹੁੰਗਾਰਾ ਹੋਰ ਵੀ ਕੁਝ [ਰਘਬੀਰ ਸਿੰਘ]
ਮਿਲਿਆ ਹੈ, ਜਿਸਦਾ ਜ਼ਿਕਰ ਢੁਕਵੇਂ ਸਮੇਂ ਉਤੇ ਹੋ ਸਕੇਗਾ।

---

ਸਤਿਕਾਰਯੋਗ ਸੰਪਾਦਕ ਜੀ,

'ਸਿਰਜਣਾ' 100 ਵੇਂ ਅੰਕ ਦੇ ਪ੍ਰਕਾਸ਼ਨ ਵੱਲ ਵੱਧ ਰਿਹਾ ਹੈ-ਤੁਹਾਡੇ ਲਈ ਹੀ ਨਹੀਂ ਸਮੁੱਚੇ ਆਪਣੇ ਸੰਖੇਪ
ਪੰਜਾਬੀ ਸਾਹਿਤ-ਜਗਤ ਲਈ ਇਹ ਇਕ ਅਹਿਮ ਘਟਨਾ ਹੋਏਗੀ। ਇਸ ਸੰਬੰਧ ਵਿਚ ਮੈਂ ਸਮੇਂ ਵਿਸ਼ਾਲ
ਵਿਚਾਰ ਲਿਖ ਰਿਹਾ ਹਾਂ। ਮੇਰੀ ਰਾਇ ਅਨੁਸਾਰ 100 ਵੇਂ ਅੰਕ ਦੀ ਪ੍ਰਕਾਸ਼ਨਾ ਵਿਚ ਵੰਡ
ਸਾਹਿਤ-ਸਮਾਰੋਹ ਆਯੋਜਤ ਕੀਤਾ ਜਾਵੇ ਜਿਸ ਨੂੰ ਦੋ ਜਾਂ ਤਿੰਨ ਭਾਗਾਂ ਅਥਵਾ ਇਜਲਾਸਾਂ ਪਹਿਲੂਆਂ
ਲਿਆ ਜਾਵੇ। ਹਰ ਇਜਲਾਸ ਵਿਚ, ਇਸ ਪਰਚੇ ਵੱਲੋਂ ਪੰਜਾਬੀ ਸਾਹਿਤ ਦੇ ਭਿੰਨ ਭਿੰਨ ਕਿਉਂਕਿ
ਪ੍ਰਤਿ ਪਾਏ ਯੋਗਦਾਨ ਉਤੇ ਵਿਦਵਾਨ ਲੋਗ ਪਰਚੇ ਪੜ੍ਹਨ, ਜਿਹਨਾਂ ਉਤੇ ਭਰਪੂਰ ਬਹਿਸ ਹੋਵੇ, ਆਪਣੇ
ਇਹ ਪਰਚਾ ਸੱਠਵਿਆਂ ਤੋਂ ਲੈ ਕੇ ਹੁਣ ਤਕ ਦੇ ਬਹੁਤ ਸਾਰੇ ਮਹੱਤਵਪੂਰਨ ਇਤਿਹਾਸਕ ਤੱਥ
ਵਿਚ ਸਮੋਈ ਬੈਠਾ ਹੈ।
ਪੰਜਾਬੀ ਸਾਹਿਤ ਵਿਚ ਉਗਮੇ ਨਵੇਂ ਰੁਝਾਨਾਂ ਦੇ ਪ੍ਰਸੰਗ ਵਿਚ ਜਿੱਥੇ ਇਹ ਪਰਚਾ ਪੰਜਾਬ

ਅਤੇ ਪੰਜਾਬ ਤੋਂ ਬਾਹਰ ਵਸਦੇ ਨਵੇਂ ਲੇਖਕਾਂ ਲਈ ਸਮੇਂ ਸਮੇਂ ਸਿਰ ਪੱਥ-ਪ੍ਰਦਰਸ਼ਕ ਰਿਹਾ ਹੈ ਉਥੇ ਨਾਮਵਰ ਲੇਖਕਾਂ ਨੂੰ ਸੇਧ ਦਿੰਦਾ ਹੋਇਆ ਉਹਨਾਂ ਨੂੰ ਸਾਹਿਤਕ ਸਭਿਆਚਾਰਕ ਵਰਤਾਰਿਆਂ ਦੀਆ ਜੜ੍ਹਾਂ ਹੇਠ ਵਿਚਰਦੇ ਯਥਾਰਥ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਲਈ ਹਲੂਣਾ ਵੀ ਦਿੰਦਾ ਰਿਹਾ ਹੈ। ਜਦੋਂ ਕਿ ਅੰਮ੍ਰਿਤਾ ਪ੍ਰੀਤਮ ਵਰਗੇ ਪੰਜਾਬੀ ਸਾਹਿਤ ਦੇ ਚਮਕਦੇ ਸਿਤਾਰੇ ਆਪਣੇ ਲੋਕਾਂ ਅਤੇ ਸੱਭਿਆਚਾਰ ਨਾਲੋਂ ਟੁੱਟ ਕੇ ਇਕ ਸਿੱਪੀ ਵਿਚ ਬੰਦ ਹੋ ਗਏ ਅਤੇ ਆਪਣੀ ਕਲਮ ਨੂੰ ਚਲਦੀ ਰੱਖਣ ਲਈ ਅਖੀਰ ਬਦੇਸ਼ੀ ਸਾਹਿਤ ਵਿਚੋਂ ਸ਼ੈਲੀ, ਸੋਚ ਅਤੇ ਅਨੁਭਵ ਉਧਾਰੇ ਲੈ ਕੇ ਆਪਣੇ ਆਪ ਨੂੰ ਆਧੁਨਿਕਤਾ ਦੇ ਹਾਣੀ ਹੋਣ ਦਾ ਭਰਮ ਪਾਲਣ ਜੋਗੇ ਹੀ ਹੋ ਕੇ ਰਹਿ ਗਏ।

ਇਸ ਪਰਚੇ ਦਾ ਦ੍ਰਿਸ਼ਟੀਕੋਣ ਵਿਉਪਾਰਕ ਅਤੇ ਚਲੰਤ ਕਿਸਮ ਦੀ ਇਸ਼ਤਿਹਾਰਬਾਜ਼ੀ (ਖ਼ਪਤ ਮੰਡੀ ਵਾਸਤੇ) ਤੋਂ ਬੇਲਾਗ ਰਹਿ ਕੇ ਸੱਠਵਿਆਂ ਤੋਂ ਲੈ ਕੇ ਹੁਣ ਤਕ ਪੰਜਾਬੀ ਸਾਹਿਤ ਵਿਚ ਪੈਦਾ ਹੋਏ ਵਿਕਾਰਾਂ, ਨਿਘਾਰਾਂ ਅਤੇ ਉਲਾਰਾਂ ਤੋਂ ਸੁਚੇਤ ਰਹਿ ਕੇ ਹਮੇਸ਼ਾ ਪ੍ਰਗਤੀਸ਼ੀਲ, ਉਸਾਰੂ, ਨਿਵੇਕਲਾ ਅਤੇ ਗਹਿਰ- ਗੰਭੀਰ ਰਿਹਾ ਹੈ। ਇਸ ਵਾਸਤੇ ਸਮਾਰੋਹ ਵਿਚ ਇਸ ਪਰਚੇ ਵਿਚ ਹੁਣ ਤਕ ਛਪੇ ਸਾਹਿਤ ਦੇ ਭਿੰਨ ਭਿੰਨ ਰੂਪਾਂ ਦੀ ਚੋਣ ਕਰਕੇ ਪੁਸਤਕਾਂ ਛਾਪਣ ਲਈ ਫੈਸਲੇ ਲਏ ਜਾਣ। 100 ਵੇਂ ਅੰਕ ਤੋਂ ਉਪਰੰਤ ਇਸ ਪਰਚੇ ਨੂੰ ਚਾਲੂ ਰੱਖਣ ਲਈ ਸੰਪਾਦਕ ਨੂੰ ਹਰ ਇਕ ਪੱਖੋਂ ਸਹਿਯੋਗ ਦੇਣ ਦਾ ਪ੍ਰਣ ਕੀਤਾ ਜਾਵੇ।

ਗੁਰਨਾਮ ਢਿੱਲੋਂ [ਪੋਰਟਸਮਥ, ਯੂ. ਕੇ.]

ਜਲਦੀ ਹੀ "ਸਿਰਜਣਾ" ਆਪਣੇ 100 ਅੰਕ ਪੂਰੇ ਕਰ ਲਵੇਗਾ। ਇਸ ਲਈ ਆਪ ਤੇ "ਸਿਰਜਣਾ" ਦਾ ਸਮੂਹ ਸਟਾਫ਼ ਹਾਰਦਿਕ ਵਧਾਈ ਦੇ ਪਾਤਰ ਹੋ। ਕਿਸੇ ਪਰਚੇ ਦਾ ਅਜਿਹਾ ਕਰ ਸਕਣਾ ਉਸ ਪਿਛਲੀ ਸੁਯੋਗ, ਸਿਰੜੀ ਤੇ ਸੁਲਝੀ ਹੋਈ ਸੰਪਾਦਕੀ ਸ਼ਖਸੀਅਤ ਤੋਂ ਬਿਨਾਂ ਸੰਭਵ ਨਹੀਂ। ਮੈਂ ਉਸ ਸ਼ਖਸੀਅਤ ਨੂੰ ਦਿਲੋਂ ਸਲਾਮ ਕਰਦਾ ਹਾਂ। ਮੇਰੀ ਜਾਚੇ 100 ਵੇਂ ਅੰਕ ਵਿਚ ਜੇਕਰ ਤਮਾਮ ਅੰਕਾਂ ਵਿਚੋਂ ਚੋਣਵੀਂ ਸਮੱਗਰੀ ਛਾਪੀ ਜਾਵੇ ਤਾਂ ਅੰਕ 'ਸਿਰਜਣਾ' ਦੇ ਪੂਰੇ ਹੁਣ ਤੀਕ ਦੇ ਇਤਿਹਾਸ ਨੂੰ ਰੂਪਮਾਨ ਕਰ ਸਕੇਗਾ।... "ਸਿਰਜਣਾ"-96 ਵਿਚ ਮੋਹਨ ਭੰਡਾਰੀ ਤੇ ਬਲਦੇਵ ਸਿੰਘ ਹੁਰਾਂ ਦੀਆ ਕਹਾਣੀਆਂ ਖਾਸ ਤੌਰ 'ਤੇ ਪਸੰਦ ਆਈਆਂ। ਧੀਰ ਹੁਰਾਂ ਦੀ ਕਹਾਣੀ ਪਤਾ ਨਹੀਂ ਕਿਉਂ ਧੀਰ ਹੁਰਾਂ ਦੇ ਹਾਣ ਦੀ ਨਹੀਂ ਜਾਪੀ। ਕਵਿਤਾਵਾਂ "ਸਰਘੀ ਵੇਲਾ" ਤੇ 'ਮਾਸੂਮ ਸੁਪਨੇ" ਦਿਲ ਟੁੰਬਵੀਆ ਹਨ।

ਓਂਕਾਰਪ੍ਰੀਤ ਸਿੰਘ [ਟਰਾਂਟੋ, ਕੈਨੇਡਾ]

ਮੈਂ ਚਾਹੁੰਦਾ ਹਾਂ 'ਸਿਰਜਣਾ' ਦਾ 100 ਵਾਂ ਅੰਕ ਯਾਦਗਾਰੀ ਅੰਕ ਹੋਵੇ। ਇਹ ਅੰਕ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਦਾ 'ਇੰਡੀਆ ਟੂਡੇ' ਦਾ ਵਾਰਸ਼ਿਕ ਅੰਕ ਹੁੰਦਾ ਹੈ। ਮੇਰੇ ਦਿਮਾਗ ਵਿਚ ਕਈ ਯੋਜਨਾਵਾਂ ਆ ਰਹੀਆਂ ਹਨ। ਮਸਲਨ 99 ਅੰਕਾਂ ਵਿਚ ਜਿਹੜੇ ਲੇਖਕ 'ਸਿਰਜਣਾ' 'ਚ ਛਪੇ ਹਨ, ਉਹਨਾਂ ਦੀ ਤਰਤੀਬ ਬਣਾ ਕੇ ਛਾਪੀ ਜਾਵੇ। 'ਸਿਰਜਣਾ' 'ਚ ਛਪੀਆ ਬਹੁ-ਚਰਚਿਤ ਕਹਾਣੀਆਂ ਜਿਵੇਂ ਪ੍ਰੇਮ ਪ੍ਰਕਾਸ਼ ਦੀ 'ਡੈੱਡ ਲਾਈਨ', ਵਰਿਆਮ ਸੰਧੂ ਦੀ 'ਚੌਥੀ ਕੂਟ', ਗੁਰਪਾਲ ਲਿੱਟ ਦੀ 'ਰੇਪ' ਤੇ ਹੋਰ। ਇਹ ਅੰਕ 300 ਪੰਨਿਆਂ ਦਾ ਹੋਵੇ, ਭਾਵੇਂ ਇਹ ਅੰਕ 100 ਤੇ 101 ਇਕੱਠਾ ਹੋਵੇ।

ਜਿੰਦਰ [ਮਾਡਲ ਹਾਊਸ, ਜਲੰਧਰ]

ਖ਼ੁਸ਼ੀ ਦੀ ਗੱਲ ਹੈ ਕਿ ਸਿਰਜਣਾ ਦੇ 100 ਵੇਂ ਅੰਕ ਨੂੰ ਖਾਸ ਯਾਦਗਾਰੀ ਅੰਕ ਦੇ ਤੌਰ 'ਤੇ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਵਿਖ ਵਿਚ, ਹੋ ਸਕੇ ਤਾ 100 ਵੇਂ ਅੰਕ ਤੋਂ ਹੀ 'ਸਿਰਜਣਾ' ਦਾ ਆਕਾਰ ਜੇ ਕੁਝ ਵੱਡਾ ਹੋ ਜਾਵੇ ਤਾਂ ਬਹੁਤ ਚੰਗੀ ਗੱਲ ਹੋਵੇਗੀ। 'ਸਿਰਜਣਾ' ਨੂੰ ਪ੍ਰੀਤਲੜੀ ਪੁਰਸਕਾਰ ਲਈ ਮੁਬਾਰਕਾਂ... ਅੰਕ 96 ਵਿਚ ਸੰਤੋਖ ਸਿੰਘ ਧੀਰ ਦੀ ਕਹਾਣੀ ਵਧੀਆ ਹੈ। ਉਹ ਜਦ ਵੀ ਆਪਣੇ ਸਹਿਜ ਅੰਦਾਜ਼ ਵਿਚ ਕਹਾਣੀ ਕਹਿੰਦਾ ਹੈ ਤਾਂ ਵਧੀਆ ਹੋ ਨਿਬੜਦਾ ਹੈ। ਬਿਲਕੁਲ ਇਸ ਤਰ੍ਹਾਂ ਦੀ



ਖ਼ੂਬੀ ਹੀ ਵਿਰਕ ਵਿਚ ਸੀ। ਇੰਝ ਹੀ ਕੋਈ ਛੋਟੀ ਕਹਾਣੀ ਲੰਬੀਆਂ ਕਹਾਣੀਆ ਤੋਂ ਵਧੀਆ ਹੋ ਨਿਬੜਦੀ
ਹੈ।

ਮਹਿਮਾ ਸਿੰਘ [ਹਲਵਾਰਾ, ਲੁਧਿਆਣਾ]

ਪਿਛਲੇ ਥੋੜੇ ਜਿਹੇ ਸਮੇਂ ਵਿਚ ਸਾਹਿਤਕ ਤੇ ਸਭਿਆਚਾਰਕ ਸੰਸਥਾਵਾ ਨੇ 'ਸਿਰਜਣਾ' ਦੀ
ਘਾਲਣਾ ਤੇ ਪ੍ਰਾਪਤੀ ਨੂੰ ਜੋ ਮਾਣ ਤੇ ਸਤਿਕਾਰ ਦਿੱਤਾ ਹੈ, ਉਸ ਲਈ ਉਹ ਨਿਸਚੇ ਹੀ ਸ਼ਲਾਘਾ ਦੀਆਂ
ਹੱਕਦਾਰ ਹਨ। ਇਸ ਲਈ ਤੁਹਾਨੂੰ ਮੁਬਾਰਕਬਾਦ। ਜਿਨ੍ਹਾਂ ਪਰਿਸਥਿਤੀਆਂ ਵਿਚੋਂ ਅਸੀਂ ਗੁਜ਼ਰ ਰਹੇ
ਹਾਂ, ਉਹਨਾਂ ਵਿਚ ਭਵਿਖ ਵਿਚ 'ਸਿਰਜਣਾ' ਦੀ ਅਗਵਾਈ ਦੀ ਲੋੜ ਭੂਤ ਜਿੰਨੀ ਹੀ ਮਹੱਤਤਾ ਰਖਦੀ
ਹੈ, ਸਗੋਂ ਕਈ ਹਾਲਤਾਂ ਵਿਚ ਉਸ ਤੋਂ ਵੀ ਬਡੇਰੀ। ...'ਸਿਰਜਣਾ' ਦੇ 100 ਵੇਂ ਅੰਕ ਦੇ ਸਮਾਰੋਹਾਂ ਦਾ
ਨਿਰਣਾ ਵਾਕਿਆ ਹੀ ਖੁਸ਼ੀ ਵਾਲਾ ਕਾਰਜ ਹੈ 'ਸਿਰਜਣਾ' ਦਾ ਇਹ ਜੁਬਲੀ ਸਮਾਰੋਹ ਅੱਖੀਂ ਵੇਖਣ
ਦੀ ਕੋਸ਼ਿਸ਼ ਹੋਵੇਗੀ।

ਅਵਤਾਰ ਸਿੰਘ ਨਾਹਰ [ਗਰੇਵਸਐਂਡ, ਯੂ. ਕੇ.]

1957 ਤੋਂ ਪਹਿਲਾਂ ਛਪਦੇ ਅਤੇ ਇਸ ਤੋਂ ਬਾਅਦ ਆਰੰਭ ਹੋਏ ਸਾਹਿਤਕ ਰਿਸਾਲੇ ਮੇਰੀ
ਨਜ਼ਰ ਵਿਚ ਰਹੇ ਹਨ। ਸੰਖਿਆ ਤੇ ਪੱਧਰ ਤੇ ਪੱਖੋਂ ਇਸ ਸਮੇਂ ਇਹ ਗ੍ਰਾਫ ਕਾਫੀ ਥੱਲੇ ਆ ਗਿਆ ਹੈ।
ਕਠਿਨ ਤੋਂ ਕਠਿਨ ਪਰਿਸਥਿਤੀਆਂ ਵਿਚ ਵੀ ਤੁਸੀਂ (ਸਿਰਜਣਾ ਦੇ ਪ੍ਰਕਾਸ਼ਨ ਦਾ) ਇਹ ਦੀਵਾ ਜਗਾਈ
ਰੱਖਿਆ ਹੈ, ਇਸ ਸਿਰੜ ਲਈ ਤੁਸੀਂ ਪ੍ਰਣਾਮ ਦੇ ਹੱਕਦਾਰ ਹੋ।

ਅਮਰੀਕ ਸਿੰਘ, ਮੋਢੀ ਤੇ ਸਾਬਕਾ ਸੰਪਾਦਕ 'ਸ਼ੀਰਾਜ਼ਾ' [ਜੰਮੂ]

'ਸਿਰਜਣਾ' ਦੇ ਅੰਤਲੇ ਪੰਨਿਆਂ 'ਤੇ ਛਪੇ ਪੱਤਰ ਬੜੇ ਵਰ੍ਹਿਆ ਤੋਂ ਪੜ੍ਹਦਾ ਆ ਰਿਹਾਂ।
ਪੱਤਰ ਪੜ੍ਹਦਿਆਂ ਹਰ ਵਾਰ ਪੋਲੈਂਡ ਦੇ ਬਹੁਤ ਵਧੀਆ ਕਵੀ ਰੋਜ਼ਵਿਕਜ਼ ਦਾ ਕਥਨ ਯਾਦ ਆਉਂਦਾ
ਰਹਿੰਦਾ ਹੈ :

"ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਉਸ ਕਵੀ ਦੀ ਕਵਿਤਾ ਜੀਵਤ ਬਚੀ ਰਹਿ ਜਾਂਦੀ
ਹੈ, ਜਿਹੜਾ ਖ਼ੁਦ ਇਕ ਦਿਨ ਮਰ ਮੁਕ ਜਾਂਦਾ ਹੈ। ਮੇਰੀ ਕਵਿਤਾ ਦਾ ਘੇਰਾ ਅਤੇ ਪ੍ਰੇਰਨਾ ਹੈ ਮੇਰੀ
ਕਵਿਤਾ ਨਾਲ ਉਪਰਾਮਤਾ। ਮੈਂ ਇਸ ਲਈ ਇਸ ਦਾ ਵਿਦਰੋਹ ਕੀਤਾ ਹੈ, ਕਿ ਇਹ ਦੁਨੀਆ ਦੇ ਖ਼ਾਤਮੇ
ਤੀਕ ਵੀ ਸਹੀ ਸਲਾਮਤ ਬਚੀ ਰਹਿੰਦੀ ਹੈ ਜਿਵੇਂ ਕਿ ਉਸ ਦੁਆਲੇ ਕੁਝ ਵਾਪਰਿਆ ਹੀ ਨਾ ਹੋਵੇ।"

ਹਰ ਸਾਹਿਤ-ਸਿਰਜਕ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਾਹਿਤ ਨਾਲ ਉਪਰਾਮਤਾ ਰਹੀ ਹੈ।
ਉਪਰਾਮਤਾ ਵਿਚ ਤਨਜ਼ ਹੈ, ਤੀਖਣ ਉਕਤੀ ਹੈ ਤਾਂ ਫਿਰ ਅਸੀਂ ਸਾਰੇ ਆਪਣੀ ਆਪਣੀ ਭਾਵ-ਵਿਅੰਜਨਾ
ਲਈ, ਸਾਹਿਤ ਦੀ ਬਜਾਏ, ਸਰਲ ਅਤੇ ਪ੍ਰਤੱਖ ਰਾਹ ਕਿਉਂ ਨਹੀਂ ਅਪਨਾ ਲੈਂਦੇ। ਜਿਵੇਂ ਪੱਤਰਕਾਰੀ,
ਸੰਸਦ ਵਿਚ ਮੂੰਹ-ਫੱਟ ਤਕਰੀਰ, ਮਸੀਹੀ-ਜਹਾਦ ਨੁਮਾ ਕਿਤਾਬਚਾ ਜਾਂ ਪ੍ਰਸਾਰਣ ਵਗੈਰਾ।... 'ਪਰ...
ਅਗਰ ਕਭੀ ਖ਼ਤਮ ਹੋ ਜਾਤਾ ਕਵਿਤਾ ਲਿਖਨਾ... ਆਖ਼ਿਰ ਖ਼ਤਮ ਕੈਸੇ ਹੋਗਾ ਕਵਿਤਾ ਲਿਖਨਾ।'
(ਸੀਤਾਕਾਂਤ ਮਹਾਪਾਤਰ) ਸ਼ਾਇਦ ਇਸ ਬੇਢੱਬੇ (absurd) ਵਿਸ਼ਵ ਵਿਚ ਗੁਆਚੇ ਰਹਿਣ ਦਾ ਨਾਂ
ਹੀ ਹੈ ਸਾਹਿਤ-ਸਿਰਜਣਾ। ਪਰ ਤਵਾਰੀਖ਼ ਗਵਾਹ ਹੈ, ਹਰ ਦੌਰ ਦਾ ਜਾਬਰ ਜੇਕਰ ਕਿਸੇ ਤੋਂ ਦਹਿਲਿਆ
ਹੈ ਤਾਂ ਉਹ ਹਨ ਲਿਖਾਰੀ ਲੋਕ, ਨਾ ਕਿ ਬਾਗ਼ੀ ਜਾ ਗੁਰੀਲੇ।

'ਸਿਰਜਣਾ ਇਕ ਮਿਆਰੀ ਰਿਸਾਲਾ ਹੈ'- ਇਹ ਉਕਤੀ ਕਿਸੇ ਨਾ ਕਿਸੇ ਰੂਪ ਵਿਚ 'ਪੱਤਰ'
ਕਾਲਮ ਵਿਚ ਛਪਦੀ ਹੀ ਰਹਿੰਦੀ ਹੈ। ਅਤਿ ਯਥਾਰਥਵਾਦੀ ਵੀ ਪਹਿਲਾਂ ਆਪਣੀ ਕਲਾ ਦੀ ਸ਼ਕਤੀ
'ਚ ਬਹੁਤਾ ਵਿਸ਼ਵਾਸ ਨਹੀਂ ਰਖਦੇ ਸਨ, ਇਸ ਲਈ ਊਲ-ਜਲੂਲ ਤਸਵੀਰ ਬਣਾ ਕੇ ਉਸ ਥੱਲੇ ਇਕ
ਸੁਪਨਾ, ਇਕ ਸ਼ਹਿਰ ਜਾਂ ਕੁਝ ਹੋਰ ਊਲ-ਜਲੂਲ ਲਿਖ ਦਿੰਦੇ ਸਨ ਤਾਂ ਕਿ ਦਰਸ਼ਕ ਬਹੁਤੀ ਦੇਰ ਭੰਬਲ
ਭੂਸੇ 'ਚ ਨਾ ਪਿਆ ਰਹੇ ਤੇ ਛੇਤੀ ਹੀ ਆਪਣੀ ਅਗਿਆਨਤਾ ਨੂੰ ਛੁਪਾਉਂਦਾ ਉਹਨਾ ਦੀ ਕਲਾ ਦੀ
ਪ੍ਰਸ਼ੰਸਾ ਕਰ ਦੇਵੇ। ਅੱਜ ਦੇ ਵਿਗਿਆਨੀ ਯੁਗ ਵਿਚ ਸੰਕੇਤਾਵਲੀ 'ਮਿਆਰ' ਅਤੇ 'ਮੌਲਿਕਤਾ' ਦੀ ਗੱਲ
ਕਰੀ ਜਾਣਾ ਬਚਗਾਨਾ ਹਰਕਤਾਂ ਜਾਪਦੀਆਂ ਹਨ। ਬੁੱਧੀ-ਜੀਵੀਆਂ ਦੀਆਂ ਸਾਰੀਆਂ ਪ੍ਰਤਿਕਿਰਿਆਵਾਂ,
ਪ੍ਰਤਿਕਰਮ ਅਤੇ ਉਨ੍ਹਾਂ ਦੇ ਪ੍ਰਤਿਸ਼ੇਧ, ਅੱਜ ਦੇ ਇਕ ਤਿਫ਼ਲੇ ਨੌਂ ਦੇ ਜ਼ਿਹਨ 'ਚ ਵੀ ਸਾਹ ਲੈ ਰਹੇ ਹਨ।

ਚੂੰਕਿ ਉਸ ਕੋਲ ਭਾਸ਼ਾ ਨਹੀਂ, ਇਸ ਲਈ ਉਹ ਮਿਆਰ ਸੀੜ੍ਹੀ ਚੜ੍ਹ ਨਹੀਂ ਸਕਦਾ। ਸਾਡੇ ਕੋਲ ਭਾਸ਼ਾ ਹੈ, ਅਸੀਂ ਚਤੁਰ ਹਾਂ ਤੇ ਨੀਤੀ ਨਿਪੁੰਨਤਾ ਨਾਲ ਆਪਣੀ ਕਲਾ ਦੇ ਮਿਆਰ ਮਿਥਣ ਲਈ ਆਪਣੀ ਬੌਧਿਕ ਚਤੁਰਾਈ ਦੀ ਸੂਖਮ ਤਰੀਕਿਆਂ ਨਾਲ ਵਰਤੋਂ ਕਰਦੇ ਹਾਂ।

ਆਪਣੀ ਗੱਲ ਯੀਟਸ ਦੀ ਮੌਤ 'ਤੇ ਲਿਖੇ ਔਡਨ ਦੇ ਮਰਸੀਏ ਨਾਲ ਸਮਾਪਤ ਕਰਦਾ ਹਾਂ:

'ਪਾਗਲ ਆਇਰਲੈਂਡ ਤੈਨੂੰ ਕਵਿਤਾ ਵਿਚ ਦੁੱਖ ਪਹੁੰਚਾਉਂਦਾ ਸੀ
ਅੱਜ ਵੀ ਆਇਰਲੈਂਡ ਵਿਚ ਉਹੀ ਮੌਸਮ ਹਨ
ਤੇ ਉਹੀ ਪਾਗਲਪਨ ਹੈ ਉਹਦੇ ਕੋਲ
ਕਿਉਂਕਿ ਕਵਿਤਾ ਨਾਲ ਕਦੇ ਕੁਝ ਨਹੀਂ ਵਾਪਰਿਆ
ਇਹ ਤਾਂ ਬਸ ਆਪਣੀਆਂ ਕਹੀਆਂ ਗੱਲਾਂ ਦੀ ਵਾਦੀ ਵਿਚ
ਜਿਉਂਦੇ ਰਹੀ ਜਾਣ ਦਾ ਇਕ ਪ੍ਰਮਾਣ ਮਹਿਜ਼ ਹੈ।'

ਵਰਿੰਦਰ ਪਰਿਹਾਰ (ਸਾਊਥੈਂਪਟਨ, ਯੂ. ਕੇ.)

ਬੇਸ਼ੱਕ ਇਸ ਨੂੰ ਮੇਰੀ ਭਾਵੁਕਤਾ ਜਾਂ ਕੁਝ ਹੋਰ ਸਮਝ ਲਿਆ ਜਾਵੇ, ਜਰਨੈਲ ਸਿੰਘ ਦੀ ਕਹਾਣੀ 'ਦੋ ਟਾਪੂ' ਪੜ੍ਹਦਿਆਂ-ਪੜ੍ਹਦਿਆਂ, ਕਹਾਣੀ ਦੇ ਅੰਤਲੇ ਪਹਿਰੇ 'ਤੇ ਪਹੁੰਚ ਕੇ ਮੇਰੀਆ ਅੱਖਾਂ ਸਿਲ੍ਹੀਆਂ ਹੋ ਗਈਆਂ। ਕਹਾਣੀ ਦੇ ਨਾਇਕ 'ਬਲਰਾਜ' ਨੂੰ ਜਿਨ੍ਹਾਂ ਤ੍ਰਾਸਦੀਆਂ 'ਚੋਂ ਗੁਜ਼ਰਨਾ ਪਿਆ, ਲਗਪਗ ਉਹੋ ਜਿਹਾ ਹਾਲ ਮੇਰਾ ਹੋ ਚੱਲਿਆ ਸੀ। ਕਹਾਣੀ ਪੜ੍ਹ ਕੇ ਜਾਪਿਆ, ਜੋ ਕੁਝ 'ਬਲਰਾਜ' ਨਾਲ ਵਾਪਰਦੇ, ਉਹ ਸਾਰਾ ਕੁਝ ਮੇਰੇ ਨਾਲ ਵਾਪਰਨਾ ਸੀ। 'ਬਲਰਾਜ' ਤਾਂ ਕਿਸੇ ਨਾ ਕਿਸੇ ਤਰ੍ਹਾਂ ਖੁਦ ਨੂੰ ਬਚਾਉਣ 'ਚ ਕਾਮਯਾਬ ਹੋ ਈ ਗਿਐ। ਉਹਦੀ ਜਗ੍ਹਾ ਮੈਂ ਹੁੰਦਾ, ਤਾਂ ਸ਼ਾਇਦ ਪਾਗਲ ਹੀ ਹੋ ਜਾਂਦਾ। ਜਰਨੈਲ ਸਿੰਘ ਸਮਰੱਥ ਕਹਾਣੀਕਾਰ ਏ। 'ਸਿਰਜਣਾ' ਦੇ ਅੰਕ ਨੰ: 97 ਦੀ ਖਾਸ ਪ੍ਰਾਪਤੀ ਏ-ਕਹਾਣੀ 'ਦੋ ਟਾਪੂ'। ਇਹ ਕਹਾਣੀ ਬਹੁਤ ਦੇਰ ਤਕ ਯਾਦ ਰਵ੍ਹੇਗੀ। ਸੁਰਿੰਦਰ ਗਿੱਲ ਦੀਆਂ ਦੋਵੇਂ ਨਜ਼ਮਾਂ 'ਡੰਡਾ', ਤੇ 'ਦੋ ਹਿੰਦੁਸਤਾਨ' ਵੀ ਵਧੀਆ ਲੱਗੀਆਂ।

ਨੂਰ ਸੰਤੋਖਪੁਰੀ [ਜਲੰਧਰ]

ਸਿਰਜਣਾ-97 ਦੀਆਂ ਤਿੰਨੇ ਕਹਾਣੀਆਂ ਪਰਚੇ ਦੀ ਪ੍ਰਾਪਤੀ ਹੈ। ਹੈਰਾਨੀ ਹੋਈ ਤੁਸੀਂ ਵਰਜਿਤ ਤੇ ਅਛੂਤੇ ਵਿਸ਼ਿਆਂ 'ਤੇ ਲਿਖੀਆਂ ਕਹਾਣੀਆਂ ਛਾਪਣ ਦਾ ਜੇਰਾ ਕੀਤਾ। ਭਗਵੰਤ ਰਸੂਲਪੁਰੀ ਦੀ ਕਹਾਣੀ 'ਕਸੂਰਵਾਰ' ਨੇ ਮੈਨੂੰ ਵੱਧ ਟੁੰਬਿਆ ਹੈ। ਦਲਿਤ ਔਰਤ ਦੀ ਮਨੋਪੀੜਾ ਦਾ ਲੇਖਕ ਨੇ ਐਸੀ ਬਰੀਕੀ ਨਾਲ ਵਿਸ਼ਲੇਸ਼ਣ ਕੀਤਾ ਹੈ ਕਿ ਪਾਠਕ ਖ਼ੁਦ ਮੁੱਖ ਪਾਤਰ ਦੇ ਨਾਲ ਤੁਰਨ ਲੱਗਦਾ ਹੈ। ਨਾ ਹੀ ਕਿਤੇ ਲੇਖਕ ਉਲਾਰ ਹੋਇਆ ਏ ਤੇ ਨਾ ਹੀ ਅਸ਼ਲੀਲ। ਕਹਾਣੀ ਦੇ 'ਵੇਰਵੇ' ਬਿਲਕੁਲ ਸੁਭਾਵਕ ਲਗਦੇ ਹਨ। ਜਰਨੈਲ ਸਿੰਘ ਦੀ ਕਹਾਣੀ 'ਦੋ ਟਾਪੂ' ਨੇ ਮੈਨੂੰ ਬੇਹੱਦ ਟੁੰਬਿਆ ਹੈ। ਪਰਵਾਸੀ ਲੋਕਾਂ ਦੀ ਖੁਰ ਰਹੀ ਜ਼ਮੀਰ ਅਤੇ ਅੰਦਰਲੀ ਟੁੱਟ-ਭੱਜ ਦਾ ਲੇਖਕ ਨੇ ਬੜੀ ਸ਼ਿੱਦਤ ਪਰ ਸਹਿਜਤਾ ਨਾਲ ਪਾਠਕ ਨੂੰ ਅਹਿਸਾਸ ਕਰਵਾਇਆ ਹੈ। ਪੁਸ਼ਪਿੰਦਰ ਤੇ ਬਲਰਾਜ ਦੀ ਹਉਮੈ ਤੇ ਹੀਣ-ਭਾਵਨਾ ਹੇਠ ਟੁਟਦੇ ਜੁੜਦੇ ਰਿਸ਼ਤੇ ਲੇਖਕ ਨੇ ਕਲਾਤਮਿਕਤਾ ਨਾਲ ਚਿਤਰੇ ਹਨ। ਅਤਰਜੀਤ ਦੀ 'ਸੇਜ ਸੁਖਾਲੀ ਕਾਮਨਿ' ਦੀ ਅਹਿਮੀਅਤ ਵੀ ਘੱਟ ਨਹੀਂ। ਅਤਰਜੀਤ ਨੇ ਅਖੌਤੀ ਗੁਰੂ ਦੇ ਸਿਖ ਬਣੇ ਲੋਕਾ ਨੂੰ ਨੰਗਾ ਕੀਤਾ ਹੈ। ਅਵਤਾਰ ਸਿੰਘ ਵਿਚ ਇਕ ਵੀ 'ਗੁਰੂ ਵਾਲਾ' ਹੋਣ ਦਾ ਗੁਣ ਨਹੀਂ। ਕਹਾਣੀ ਵਿਚ ਰੁਦਨ ਦਾ ਅੰਸ਼ ਹੈ ਅਤੇ ਪਾਠਕ ਨੂੰ ਫੜਨ 'ਚ ਲੇਖਕ ਕੋਲ ਭਾਸ਼ਾ-ਭੰਡਾਰ ਵੀ ਬਹੁਤ ਹੈ।

ਰਵੀਪਾਲ [ਹੇਲਰਾਂ, ਜਲੰਧਰ]

'ਸਿਰਜਣਾ' -97 ਵਿਚ ਕਵਿਤਾਵਾਂ 'ਡੰਡਾ'' 'ਦੋ ਹਿੰਦੁਸਤਾਨ' ਕਮਾਲ ਦੀਆਂ ਰਚਨਾਵਾਂ ਨੇ। ਇਕ ਅਰਸੇ ਮਗਰੋਂ ਚੰਗੀਆਂ ਨਜ਼ਮਾਂ ਪੜ੍ਹਨ ਨੂੰ ਹੱਥ ਲੱਗੀਆਂ। ਸੁਰਿੰਦਰ ਗਿੱਲ ਦੇ ਕਿਆ ਕਹਿਣੇ। ਨੂਰ ਸੰਤੋਖਪੁਰੀ ਕਾਹਲ 'ਚ ਜਾਪਦੈ, ਆਪਣੀ ਗੱਲ ਕਹਿਣ ਲਈ। ਨਾਗਰਿਕ ਅਤੇ 'ਪਿੰਡਾ ਗਰਕ'



ਵਿਚਲਾ ਫਰਕ ਸਮਝਣ ਦੀ ਲੋੜ ਬਣੀ ਰਹਿੰਦੀ ਹੈ।

'ਦੋ ਟਾਪੂ' ਸਮਰੱਥ ਕਹਾਣੀਕਾਰ ਜਰਨੈਲ ਸਿੰਘ ਦੀ ਰਚਨਾ ਪਛਮੀ ਜ਼ਿੰਦਗੀ ਦੇ ਕਈ ਪਹਿਲੂਆਂ 'ਤੇ ਝਾਤ ਪੁਆਉਂਦੀ ਰਚਨਾ ਹੈ। ਉਥੋਂ ਦੀ ਪੰਜਾਬੀ ਜ਼ਿੰਦਗੀ 'ਚ ਰਚਮਿਚ ਗਏ ਅੰਗ੍ਰੇਜ਼ੀ ਸ਼ਬਦ ਓਪਰੇ ਨਹੀਂ ਜਾਪਦੇ। ਜਰਨੈਲ ਸਿੰਘ 'ਪਿਛਲ ਝਾਤ' ਪਾਉਣ 'ਚ ਮੁਹਾਰਤ ਰਖਦੇ। ਮਸਲਾ, ਡਾਢਾ ਮਹੱਤਵਪੂਰਨ ਹੈ। ਤੇ ਪੇਸ਼ਕਾਰੀ ਹੋਰ ਵੀ ਪ੍ਰਭਾਵਕਾਰੀ। ਹਾਂ, 'ਦੋ ਟਾਪੂ' ਦੀ ਥਾਏਂ ਜੇ ਨਾਮ 'ਟਾਪੂ ਦੇ ਦੋ ਕਿਨਾਰੇ' ਹੁੰਦਾ ਤਾਂ ਸ਼ਾਇਦ ਜ਼ਿਆਦਾ ਬਿਹਤਰ ਹੁੰਦਾ।

ਇਕਬਾਲਦੀਪ [ਨਵੀਂ ਦਿੱਲੀ]

ਸਿਰਜਣਾ 96 ਅਤੇ 97 ਵਿਚ ਛਪੀਆਂ 'ਤਰਨ ਤਾਰਨ' ਅਤੇ 'ਦੋ ਟਾਪੂ' ਕਹਾਣੀਆ ਨੇ ਮੇਰਾ ਧਿਆਨ ਖਿਚਿਆ ਹੈ। ਵਾਕਈ ਮੋਹਨ ਭੰਡਾਰੀ ਅਤੇ ਜਰਨੈਲ ਸਿੰਘ ਚੰਗੀਆ ਤੇ ਯਾਦਗਾਰੀ ਕਹਾਣੀਆਂ ਲਿਖ ਸਕਦੇ ਨੇ ਸਾਡੇ ਲਈ। ਪਰ 'ਦੋ ਟਾਪੂ' 'ਚ ਸੈਟਿੰਗ ਨਹੀਂ ਜੋ 'ਤਰਨਤਾਰਨ' 'ਚ ਹੈ ਅਤੇ ਸੈਟਿੰਗ (ਵਾਤਾਵਰਨ, ਮਾਹੌਲ ਖਾਸਕਰ) ਕਹਾਣੀ ਨੂੰ ਜੀਵਨ ਦੇ ਸਮਾਨਾਤਰ ਬਣਾਉਣ ਵਿਚ ਸਹਾਈ ਵੀ ਹੁੰਦੀ ਹੈ।

ਹਰਪਾਲਜੀਤ ਪਾਲੀ [ਰਾਜਪੁਰਾ ਟਾਊਨ]

ਸਿਰਜਣਾ- 96 ਵਿਚ ਧੀਰ ਸਾਹਿਬ ਦੀ ਕਹਾਣੀ ਚੰਗੀ ਲੱਗੀ। ਉਹਨਾ ਦਾ ਆਪਣਾ ਹੀ ਸਟਾਈਲ ਹੈ। ਮੋਹਨ ਭੰਡਾਰੀ 'ਤਰਨਤਾਰਨ' ਨੂੰ ਫਾਰਮੂਲਾ ਟਾਈਪ ਕਹਾਣੀ ਬਣਾ ਗਿਆ। ਜਿਵੇਂ ਸਫਿਆਂ ਦੀ ਗਿਣਤੀ ਵਧਾਉਣੀ ਹੋਵੇ। ਸ਼ੁਰੂ ਤੇ ਅੰਤ ਪੰਜਾਬ ਸਮੱਸਿਆ ਨਾਲ ਜੋੜਕੇ ਮੱਧ ਰੁਮਾਂਟਿਕ ਫਿਲਮੀ ਸਟੋਰੀ ਬਣਾ ਦਿੱਤਾ। ਬਲਦੇਵ ਦੀ ਕਹਾਣੀ ਦੀ ਮੀਤੋ ਵੀ ਫਿਲਮੀ ਡਾਇਲਾਗ ਬੋਲਦੀ ਹੈ। ਜਿਵੇਂ ਹਨੇਰੇ ਗਏ ਉਹ ਕਮੀਜ਼ ਪੜਵਾ ਕੇ ਮੁੜਦੀ ਹੈ, ਇਸ ਤਰ੍ਹਾਂ ਕੌਣ ਪਰਤਣ ਦਿੰਦੇ। 'ਲੱਜਾਂ' ਬਾਰੇ ਗੁਰਨਾਇਬ ਸਿੰਘ ਦਾ ਲੇਖ ਵਧੀਆ ਸੀ। ਨਵੇਂ ਬਣੇ ਪ੍ਰੋਫੈਸਰਾਂ ਦੇ ਰੀਵਿਊ ਤਾਂ ਚਾਲੂ ਜਿਹੇ ਹੀ ਹੁੰਦੇ ਹਨ।

ਜਗਰੂਪ ਸਿੰਘ ਦਾਤੇਵਾਸ [ਪਟਿਆਲਾ]

ਜਸਵੰਤ ਸਿੰਘ ਕੰਵਲ ਦੇ ਨਵੇਂ ਨਾਵਲ 'ਤੋਸ਼ਾਲੀ ਦੀ ਹੰਸੋ' ਬਾਰੇ ਤੁਹਾਡਾ ਰੀਵਿਊ ਨਿਬੰਧ ਤੁਹਾਡੇ ਹੋਰ ਨਿਬੰਧਾਂ ਵਾਂਗ ਹੀ ਗੰਭੀਰ ਤੇ ਵਿਦਵਤਾ ਭਰਪੂਰ ਸੀ_ਤੁਹਾਡੀ ਨਾਵਲ-ਵਿਧਾ ਦੀ ਆਲੋਚਨਾਤਮਕ ਪ੍ਰਤਿਭਾ ਦੀ ਜਗਮਗ ਕਰਦੀ ਉਦਾਹਰਨ। ਜਰਨੈਲ ਸਿੰਘ ਦੀ ਕਹਾਣੀ 'ਦੋ ਟਾਪੂ' ਚੰਗੀ ਕਹਾਣੀ ਹੈ ਤੇ ਭਗਵੰਤ ਰਸੂਲਪੁਰੀ ਦੀ 'ਕਸੂਰਵਾਰ' ਵੀ। ਅਤਰਜੀਤ ਆਰੰਭ ਵਰਗੀ ਸ਼ਿੱਦਤ ਅੱਧ ਤੋਂ ਬਾਦ ਨਹੀਂ ਰੱਖ ਸਕਿਆ। ਉਂਜ ਕਹਾਣੀ ਚੰਗੀ ਸੀ

ਦਰਸ਼ਨ ਧੀਰ [ਵੁਲਵਰਹੈਂਪਟਨ, ਯੂ. ਕੇ.]

ਸਿਰਜਣਾ-96 ਵਿਚ ਰਾਜਿੰਦਰ ਲਹਿਰੀ ਦਾ ਨਿਬੰਧ 'ਪੰਜਾਬੀ ਨਾਟਕ ਦੇ ਨਵੇਂ ਝੁਕਾਅ' ਪੜ੍ਹ ਕੇ ਕੁਝ ਖੁਸ਼ੀ ਹੋਈ ਕਿ ਪੰਜਾਬੀ ਰੰਗਮੰਚ ਦੀ 'ਗੱਲ' ਕਰਨ ਵਿਚ ਉਤਸ਼ਾਹ ਦਿਖਾ ਰਹੇ ਹਨ। ਲੇਖਕ ਨੇ ਵੀ ਕੁਝ ਮਿਹਨਤ ਕੀਤੀ ਹੈ ਅਤੇ ਕੁਝ ਜਾਣੇ-ਪਛਾਣੇ ਨਾਟਕਕਾਰਾਂ ਦੇ ਨਾਟਕਾਂ ਦਾ ਜ਼ਿਕਰ ਕੀਤਾ ਹੈ। ਪਰ ਜੇ ਲੇਖਕ ਕੁਝ ਹੋਰ ਮਿਹਨਤ ਕਰਦਾ ਤਾਂ ਕੁਝ ਹੋਰ ਨਾਮ ਤੇ ਨਾਟਕ ਵੀ ਸਾਹਮਣੇ ਆਉਣੇ ਸਨ। ਕੁਝ ਨਾਟਕਕਾਰਾਂ ਰੰਗਮੰਚੀਆਂ ਦੇ ਨਾਟਕ ਗਾਹੇ ਬਗਾਹੇ ਪਰਚਿਆ ਵਿਚ ਛਪਦੇ ਰਹੇ ਹਨ ਤੇ ਥਾਉਂ ਪੁਰ ਥਾਉਂ ਸਫਲਤਾ ਪੂਰਬਕ ਪੇਸ਼ਕਾਰੀਆਂ ਵੀ ਹੋਈਆਂ ਹਨ। ਜਿਨ੍ਹਾਂ ਵਿਚੋਂ ਟੋਨੀ ਬਾਤਿਸ਼ ਤੇ ਕੇਵਲ ਧਾਲੀਵਾਲ ਦਾ ਨਾਉਂ ਉਭਰਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ।

ਵੱਖ ਵੱਖ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿਚ ਸਟੇਜ ਹੋਣ ਤੋਂ ਬਿਨਾਂ ਕੁਝ ਨਾਟਕਕਾਰਾਂ ਦੇ ਨਾਟਕ ਪੁਸਤਕ ਰੂਪ ਵਿਚ ਵੀ ਸਾਡੇ ਰੁਬਰੂ ਹੋਏ ਹਨ। ਇਹਨਾਂ ਵਿਚੋਂ ਸਤਿੰਦਰ ਸਿੰਘ ਨੰਦਾ (ਕਿਰਾਏਦਾਰ, ਦਾਰੂ ਦਾਸੀਏ, ਭਲਕ ਅਜੇ ਦੂਰ ਹੈ, ਕਰਮਯੋਗੀ) ਪ੍ਰੀਤ ਸਿੰਘ ਸੇਖੋਂ (ਬੋਲ ਸ਼ਰੀਕਾਂ ਦੇ) ਸ. ਨ. ਸੇਵਕ

(ਜੀਵਨ ਮੰਚ) ਅਤੇ ਇਹਨਾਂ ਸਤਰਾਂ ਦੇ ਲੇਖਕ (ਹੀਰੋ ਨਹੀਂ ਆਏਗਾ ਆਦਿ) ਦਾ ਨਾਮ ਸਹਿਜੇ ਹੀ ਲਿਆ ਜਾ ਸਕਦਾ ਹੈ।

ਸੁਖਮਿੰਦਰ ਸੇਖੋਂ (ਨਾਭਾ)

ਸਿਰਜਣਾ-97 ਵਿਚ ਅਤਰਜੀਤ, ਭਗਵੰਤ ਰਸੂਲਪੁਰੀ ਅਤੇ ਜਰਨੈਲ ਸਿੰਘ ਦੀਆ ਤਿੰਨੇ ਕਹਾਣੀਆ ਹੀ ਉੱਚ ਪਾਏ ਦੀਆਂ ਹਨ। ਅਤਰਜੀਤ ਨੇ ਪਿਛਲੇ ਕੁਝ ਸਾਲਾ ਵਿਚ ਲਿਖੀਆ ਵਿਚਾਰ-ਪ੍ਰਧਾਨ ਕਹਾਣੀਆ ਤੋਂ ਹੱਟ ਕੇ ਵੱਖਰੀ ਕਿਸਮ ਦੀ ਕਹਾਣੀ ਲਿਖੀ ਹੈ। ਮਨੁੱਖੀ ਰਿਸ਼ਤਿਆ ਅਤੇ ਸੰਵੇਦਨਾ ਦੀ ਜਟਿਲਤਾ ਬੜੇ ਠੋਸ ਰੂਪ 'ਚ 'ਸੇਜ ਸੁਖਾਲੀ ਕਾਮਨਿ' ਰਾਹੀਂ ਪੇਸ਼ ਹੋਈ ਹੈ। ਗੁਰਬਾਣੀ-ਪ੍ਰਸੰਗਾ ਨੇ ਸ਼ੈਲੀ ਨੂੰ ਸੱਜਰੀ ਨੁਹਾਰ ਪ੍ਰਦਾਨ ਕੀਤੀ ਹੈ।

ਰਸੂਲਪੁਰੀ ਨੇ ਵੀ ਬੜੀ ਸੂਤਰਿਕ ਸ਼ੈਲੀ ਰਾਹੀਂ ਉਤਮ ਪੁਰਖੀ ਔਰਤ ਪਾਤਰ ਦੇ ਜੀਵਨ-ਯਥਾਰਥ ਨੂੰ ਚਿਤਰਿਆ ਹੈ। ਉਨ੍ਹਾਂ ਉਤੇ ਪ੍ਰੇਮ ਪ੍ਰਕਾਸ਼ ਦੀ ਕਥਾ-ਸ਼ੈਲੀ ਦਾ ਏਨਾ ਪ੍ਰਭਾਵ ਦਿਸਦਾ ਹੈ ਕਿ ਉਹ ਅਨੁਕਰਨ ਦੀ ਹੱਦ ਤਕ ਜਾ ਪਹੁੰਚਦਾ ਹੈ। ਰਸੂਲਪੁਰੀ ਦੇ ਕਥਾ ਵਸਤੂ ਲਈ ਸ਼ਾਇਦ ਪ੍ਰੇਮ ਪ੍ਰਕਾਸ਼ ਵਾਲੀ ਸ਼ੈਲੀ ਘੱਟ ਢੁਕਵੀਂ ਹੈ। ਫੇਰ ਵੀ ਕਸੂਰਵਾਰ ਕਹਾਣੀ ਨੇ ਬਹੁਤ ਪ੍ਰਭਾਵਿਤ ਕੀਤਾ।

ਜਰਨੈਲ ਸਿੰਘ ਦੀ ਕਹਾਣੀ 'ਦੋ ਟਾਪੂ' ਪਰਵਾਸੀ ਪੰਜਾਬੀਆ ਦੇ ਸੰਸਕ੍ਰਿਤਕ ਸਰੋਕਾਰਾਂ ਨੂੰ ਕਈ ਕੋਣਾ ਤੋਂ ਵਾਚਦੀ ਹੈ। ਆਰਥਿਕ ਦਬਾਅ, ਸੰਸਕਾਰਕ ਚੇਤਨਾ ਨਰ-ਨਾਰੀ ਸੰਬੰਧ ਅਤੇ ਪਰਿਵਾਰਿਕ ਰਿਸ਼ਤਿਆਂ ਦਾ ਭਾਣਾ-ਪੇਟਾ ਇਉਂ ਸਿਰਜਿਆ ਗਿਆ ਹੈ ਕਿ ਕਹਾਣੀ ਪ੍ਰਵਾਸੀ ਚੇਤਨਾ ਦੇ ਬਹੁ-ਮੁਖੀ ਵਸਤੂ-ਯਥਾਰਥ ਦਾ ਕਲਾਤਮਕ ਬਿੰਬ ਹੋ ਨਿੱਬੜੀ ਹੈ। ਤਿੰਨਾ ਕਥਾਕਾਰਾ ਨੂੰ ਵਧਾਈ।

ਬਲਦੇਵ ਸਿੰਘ ਧਾਲੀਵਾਲ(ਪਟਿਆਲਾ)

## 'ਸਿਰਜਣਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. ਕੌਮੀਅਤ | ਭਾਰਤੀ |
| 5. ਪਤਾ | 225-ਬੀ, ਮਖਦੂਮਪੁਰਾ, ਜਲੰਧਰ |
| 6. ਸੰਪਾਦਕ | ਰਘਬੀਰ ਸਿੰਘ |
| 7. ਕੌਮੀਅਤ | ਭਾਰਤੀ |
| 8. ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ, ਸੁਰਿੰਦਰ ਮੋਹਨ ਸਿੰਘ , ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ : 28 ਫਰਵਰੀ 1995 ਦਸਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

---

ਛਾਪਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਅਲਫਾ ਬੀਟਾ ਕੰਪਿਊਟਰਜ਼, ਫੇਜ਼ 5 ਮੋਹਾਲੀ ਤੋਂ ਟਾਈਪ ਸੈਟਿੰਗ ਕਰਵਾਕੇ ਜਨਮੀਤ ਪ੍ਰਿੰਟਰਜ਼, ਐਸ. ਸੀ. ਐਫ. 107, ਫੇਜ਼ 7, ਮੁਹਾਲੀ ਤੋਂ ਛਪਵਾਇਆ ਅਤੇ 225-ਬੀ, ਮਖਦੂਮਪੁਰਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਪ੍ਰਕਾਸ਼ਨ ਮਿਤੀ : 30 ਅਪਰੈਲ 1995 ਸੰਪਾਦਕ : ਰਘਬੀਰ ਸਿੰਘ




# A Stunning Turnaround in Public Sector Corporate History!

PUNJAB STATE WAREHOUSING CORPORATION



Ushers in the
YEAR OF DEVELOPMENT
(1994-95)



DILBAGH SINGH NAWANSHAHR
AGRICULTURE MINISTER



S. HARNEK SINGH MANGEWAL MLA
CHAIRMAN PWC

WITH ALL TIME RECORD PROFIT

EMERGING FROM DEBT TRAP (Fig. in Lac Rs.)

| Year | Outstanding Loan | Repayment of Loan |
|---|---|---|
| 1984-85 | 0222.60 | 2.34 |
| 1985-86 | 0463.69 | 66.49 |
| 1986-87 | 1236.04 | 57.52 |
| 1987-88 | 1868.49 | 172.57 |
| 1988-89 | 1943.28 | 352.33 |
| 1989-90 | 2312.82 | 117.22 |
| 1990-91 | 2143.62 | 441.86 |
| 1991-92 | 2119.81 | 320.90 |
| 1992-93 | 2029.00 | 451.00 |
| 1993-94 | 1444.00 | 900.00 |

PROFITABILITY (Fig. in Lac Rs.)

| Year | Income | Expenditure | Profit |
|---|---|---|---|
| 1984-85 | 647.92 | 430.32 | 217.60 |
| 1985-86 | 1058.49 | 736.65 | 321.84 |
| 1986-87 | 1282.99 | 878.00 | 404.99 |
| 1987-88 | 1378.14 | 1124.37 | 253.77 |
| 1988-89 | 1095.55 | 986.85 | 108.70 |
| 1989-90 | 1331.52 | 1265.09 | 65.53 |
| 1990-91 | 1866.50 | 1539.08 | 327.42 |
| 1991-92 | 1675.37 | 1536.14 | 139.23 |
| **1992-93** | **1544.16** | **1522.41** | **21.75** |
| **1993-94** | **2586.87** | **1783.67** | **803.20** |

MANPOWER UTILISATION

| Year | Recruitment during the year | Staff Strength |
|---|---|---|
| 1984-85 | 17 | 1235 |
| 1985-86 | 274 | 1472 |
| 1986-87 | 319 | 1765 |
| 1987-88 | 102 | 1820 |
| 1988-89 | 65 | 1893 |
| 1989-90 | 133 | 1938 |
| 1990-91 | 38 | 2108 |
| 1991-92 | 13 | 1902 |
| 1992-93 | 19 | 1864 |
| 1993-94 | 4 | 1838 |

D. S. JASPAL IAS
MANAGING DIRECTOR

**SIRJANA** Literary Punjabi Quarterly CHANDIGARH

No. 98 APRIL-JUNE, 1995

Registered with the Registrar of Newspapers for India vide R.N.10215/65

# ਮਨੀਪੁਰ ਅਤੇ ਨਾਗਾਲੈਂਡ ਸਰਕਾਰ ਦੀਆਂ
# ਰੋਜ਼ਾਨਾ
# ਭਰੋਸੇਯੋਗ ਲਾਟਰੀਆਂ

## ਨਾਗਾਲੈਂਡ ਸਰਕਾਰ

1. ਭਾਗਯ ਸੁਪਰ ਮਾਰਨਿੰਗ — ਡਰਾਅ 9-25 ਵਜੇ ਸਵੇਰੇ
2. ਭਾਗਯ ਡੀਲਕਸ — ਡਰਾਅ 2-00 ਵਜੇ ਬਾਅਦ ਦੁਪਹਿਰ
3. ਭਾਗਯ ਮੇਲ — ਡਰਾਅ 3-30 ਵਜੇ ਬਾਅਦ ਦੁਪਹਿਰ

## ਮਨੀਪੁਰ ਸਰਕਾਰ

4. ਭਾਗਯ ਡੇਲੀ — ਡਰਾਅ 10-30 ਵਜੇ ਸਵੇਰੇ
5. ਭਾਗਯ ਐਕਸਪ੍ਰੈਸ — ਡਰਾਅ 1-00 ਵਜੇ ਬਾਅਦ ਦੁਪਹਿਰ
6. ਭਾਗਯ ਈਵਨਿੰਗ — ਡਰਾਅ 4-00 ਵਜੇ ਸ਼ਾਮ
7. ਭਾਗਯ ਲਕਸ਼ਮੀ — ਡਰਾਅ 4-55 ਵਜੇ ਸ਼ਾਮ
8. ਭਾਗਯ ਈਵਨਿੰਗ-50 — ਡਰਾਅ 6-00 ਵਜੇ ਸ਼ਾਮ
9. ਭਾਗਯ ਨਾਈਟ ਕੁਈਨ — ਡਰਾਅ 7-00 ਵਜੇ ਸ਼ਾਮ
10. ਭਾਗਯ ਗੋਲਡ ਨਾਈਟ — ਡਰਾਅ 7-00 ਵਜੇ ਸ਼ਾਮ

ਉਪਰੋਕਤ ਸਭ ਲਾਟਰੀਆਂ ਥੋਕ ਵਿਚ ਖਰੀਦਣ ਲਈ ਸੰਪਰਕ ਕਰੋ :

## ਮੈਸਰਜ਼ ਨਿਊ ਸਤਨਾਮ ਏਜੰਸੀਜ਼

W. C. 18, ਸਾਹਮਣੇ ਸਿਵਲ ਹਸਪਤਾਲ, ਜੀ.ਟੀ. ਰੋਡ, ਜਲੰਧਰ

ਫੋਨ :- 0962-223356